
ਤਬਦੀਲੀ ਪਸੰਦ ਨੌਜਵਾਨਾਂ ਦੀ

# ਲਲਕਾਰ

ਨਵੰਬਰ-2012 • ਅੰਕ 10 • ਮਾਸਿਕ ₹10



ਬਾਬਾ ਸੋਹਣ ਸਿੰਘ ਭਕਨਾ



ਲਾਲਾ ਹਰਦਿਆਲ



ਸ਼ਹੀਦ ਕਾਂਸ਼ੀ ਰਾਮ



ਸ਼ਹੀਦ ਕਰਤਾਰ ਸਿੰਘ ਸਰਾਭਾ



# ਵਾਲਟ ਵਿਟਮੈਨ ਦੀ ਕਵਿਤਾ

ਨੌਜਵਾਨਾਂ ਦੀਆਂ ਲਾਸ਼ਾਂ
ਫਾਂਸੀ ਦੇ ਤਖਤਿਆਂ 'ਤੇ ਝੂਲਦੇ ਸ਼ਹੀਦ
ਗੋਲ਼ੀਆਂ ਨਾਲ਼ ਵਿੰਨੇ ਦਿਲ,
ਜਾਪਣ ਉਹ ਭਾਂਵੇਂ ਪੱਖ ਤੇ ਗਤੀਹੀਣ
ਪਰ ਜਿਉਂਦੇ ਹਨ ਕਈ ਹੋਰ ਥਾਂਈਂ
ਨਾ ਕਤਲ ਹੋਣ ਸਕਣ ਵਾਲ਼ੀ ਵੀਰਤਾ ਵਿੱਚ ਧੜਕਦੇ
ਐ ਸ਼ਹਿਨਸ਼ਾਹੋ,
ਉਹ ਜਿਉਂਦੇ ਹਨ ਹੋਰ ਨੌਜਆਨਾਂ ਅੰਦਰ
ਤੁਹਾਨੂੰ ਫੇਰ ਠਿੱਠ ਕਰਨ ਲਈ
ਉਹ ਜਿਉਂਦੇ ਹਨ ਆਪਣੇ ਭਰਾਵਾਂ ਅੰਦਰ
ਮੌਤ ਤਾਂ ਉਹਨਾਂ ਨੂੰ ਪਵਿੱਤਰ ਕਰਦੀ ਹੈ
ਨਵੀਆਂ ਬੁਲੰਦੀਆਂ 'ਤੇ ਪਹੁੰਚਾ ਦਿੰਦੀ ਹੈ।

ਆਜ਼ਾਦੀ ਲਈ ਕਤਲ ਹੋਇਆਂ ਦੀਆਂ
ਕਬਰਾਂ ਨਹੀਂ ਹੁੰਦੀਆਂ
ਉਹ ਤਾਂ ਅਜਿਹੇ ਮੁਕਾਮ ਹੁੰਦੇ ਹਨ
ਜਿੱਥੋਂ ਆਜ਼ਾਦੀ ਦੇ ਹੋਰ ਬੀਜ ਪੁੰਗਰਦੇ ਹਨ
ਤੇ ਫੇਰ ਉਹਨਾਂ ਦੇ ਬਿਰਖਾਂ ਨੂੰ ਹੋਰ ਬੀਜ ਪੈਂਦੇ ਹਨ
ਪੌਣਾਂ ਉਹਨਾਂ ਨੂੰ ਆਪਣੇ ਕੰਧਾੜੇ ਚੁੱਕ
ਦੂਰ-ਦੁਰਾਡੇ ਲੈ ਜਾਂਦੀਆਂ ਹਨ
ਬਰਫ਼ ਤੇ ਬਾਰਿਸ਼
ਕਰਦੀ ਹੈ ਉਹਨਾਂ ਦੀ ਪਰਵਰਿਸ਼

ਜਾਲਮਾਂ ਦੇ ਹਥਿਆਰ
ਦੇਹ-ਰਹਿਤ ਹੋਈਆਂ ਰੂਹਾਂ ਨੂੰ
ਕਰ ਨਹੀਂ ਸਕਦੇ ਬੇਅਸਰ
ਇਹ ਤਾਂ ਮੰਡਲ਼ਾਉਂਦੀਆਂ ਰਹਿੰਦੀਆਂ ਹਨ
ਧਰਤ 'ਤੇ ਅਦ੍ਰਿਸ਼
ਘੋਰ-ਮਸੋਰੇ ਕਰਦੀਆਂ
ਮਸ਼ਵਰੇ ਤੇ ਚੇਤਾਵਨੀਆਂ ਦੇਂਦੀਆਂ ਰਹਿੰਦੀਆਂ ਹਨ।

## ‘ਲਲਕਾਰ’ ਬਾਰੇ ਕੁਝ ਮਹੱਤਵਪੂਰਣ ਨੁਕਤੇ

➢ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ ’ਚ ਸਾਮਰਾਜਵਾਦ-ਸਰਮਾਏਦਾਰੀ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜਿਉਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। “ਲਲਕਾਰ” ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। “ਲਲਕਾਰ” ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➢ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੁਖ ’ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਸਰਮਾਏਦਾਰੀ ਪ੍ਰਬੰਧ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿੱਚ ਅੱਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਸਰਮਾਇਦਾਰਾ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਸਰਮਾਏ ਦੀ ਸਰਵਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੰਢਾ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ ‘ਲਲਕਾਰ’ ਦਾ ਬੇਖੌਫ਼ ਐਲਾਨ ਹੈ।

## ਇਸ ਅੰਕ ’ਚ


**ਸੰਪਾਦਕੀ**

• ਗਦਰੀਆਂ ਦੀ ਅਮਰ ਗਾਥਾ
ਲੁੱਟ-ਜ਼ਬਰ ਖਿਲਾਫ਼ ਘੋਲਾਂ ਦੇ ਰਾਹ ਵਿੱਚ ਜਗਦੀ ਸਦੀਵੀ ਮਸ਼ਾਲ 2

**ਸਮਾਜਕ ਮਸਲੇ**

• ਵਧਦੀ ਅਬਾਦੀ ਦਾ “ਸੰਕਟ” ਤੇ ਬੌਧਿਕ ਕੰਗਾਲੀ ਦਾ “ਬੂਮ” 8

**ਸੰਸਾਰ ਮੰਚ ’ਤੇ**

• ਇਹ ਰੋਸ ਇੱਕ ਫਿਲਮ ਵਿਰੁੱਧ ਨਹੀਂ ਹੈ;
ਇਹ ਅਮਰੀਕੀ ਸਾਮਰਾਜ ਦੀ ਧੱਕੇਸ਼ਾਹੀ ਅਤੇ ਉਹਦੀਆਂ
ਹੱਥ-ਠੋਕੀਆਂ ਸਰਕਾਰਾਂ ਵਿਰੁੱਧ ਲੜਾਈ ਹੈ 16

**ਇਤਿਹਾਸ**

• ਵਰਣ ਵਿਵਸਥਾ ਦਾ ਇਤਿਹਾਸ 18

**ਟਿੱਪਣੀਆਂ**

• ਮੱਧ ਪੂਰਬ ’ਚ ਅਸਲੀ ਪਰਮਾਣੂ ਖ਼ਤਰਾ ਕੌਣ ਹੈ ? 26
• ‘ਕੌਣ ਬਣੇਗਾ ਕਰੋੜਪਤੀ’ – ਗਿਆਨ ਦਾ ਮਹਾਂਕੁੰਭ ਜਾਂ
ਲਾਲਚ ਤੇ ਭਰਮ ਫਲਾਉਣ ਵਾਲ਼ਾ ਮਹਾਂ-ਤਮਾਸ਼ਾ ? 28

**ਸਾਹਿਤ ਅਤੇ ਕਲਾ**

• ਕਹਾਣੀ – ਪੋਲ ਖੋਲ੍ਹ (ਮੈਕਸਿਮ ਗੋਰਕੀ) 29

**ਸਰਗਰਮੀਆਂ**

• ਸ਼ਹੀਦ ਭਗਤ ਸਿੰਘ ਨੂੰ ਸਮਰਪਿਤ 7ਵਾਂ ‘ਬਾਲ ਮੇਲਾ’
ਕਰਵਾਇਆ ਗਿਆ 31
• ਰਿਹਾਇਸ਼ੀ ਸਹੂਲਤਾਂ ਤੋਂ ਸੱਖਣੇ ਲੋਕ ਸ਼ੰਘਰਸ ਦੇ ਰਾਹ 32
• ‘ਸਿੱਖਿਆ ਦੇ ਸਮਾਜਿਕ ਸਰੋਕਾਰ’ ਵਿਸ਼ੇ ’ਤੇ ਵਿਚਾਰ ਗੋਸ਼ਠੀ ਹੋਈ 33
• ਖੰਨਾ ਵਿਖੇ ਸਾਹਿਤ ਅਤੇ ਜੀਵਨ ਵਿਸ਼ੇ ’ਤੇ ਵਿਚਾਰ ਗੋਸ਼ਠੀ 35

**ਪਾਠਕ ਮੰਚ** 36



## ਤਬਦੀਲੀ ਪਸੰਦ ਨੌਜਵਾਨਾਂ ਦੀ **ਲਲਕਾਰ**

**ਸਾਲ 1 • ਮਾਸਿਕ • ਅੰਕ-10 • ਨਵੰਬਰ 2012**

**ਇੱਕ ਕਾਪੀ ਦਾ ਮੁੱਲ** – 10 ਰੁਪਏ **ਸਾਲਾਨਾ ਚੰਦਾ** – 120 ਰੁ. (ਡਾਕ ਰਾਹੀਂ 150 ਰੁ.)

ਸੰਪਾਦਕ – ਲਖਵਿੰਦਰ ਸਿੰਘ

**ਸੰਪਾਦਕੀ ਦਫ਼ਤਰ** : ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ਼, ਸਰਹਿੰਦ ਸ਼ਹਿਰ, ਜ਼ਿਲ੍ਹਾ – ਫਤਿਹਗੜ੍ਹ ਸਾਹਿਬ, ਪੰਜਾਬ,140406.

**ਫੋਨ ਨੰ.** - 9646150249 , **ਈਮੇਲ : lalkaar08@rediffmail.com**

**ਤੁਸੀਂ ਆਪਣੀ ਮੈਂਬਰਸ਼ਿਪ/ਸਹਿਯੋਗ ਰਾਸ਼ੀ ਹੇਠ ਦਿੱਤੇ ਖਾਤੇ ਵਿੱਚ ਵੀ ਜਮ੍ਹਾਂ ਕਰਵਾ ਸਕਦੇ ਹੋ। ਸਹਿਯੋਗ ਰਾਸ਼ੀ ਭੇਜਦੇ ਸਮੇਂ ਸਾਨੂੰ ਸੂਚਿਤ ਜ਼ਰੂਰ ਕਰ ਦਿਓ-**

ਵੱਲ – ਲਖਵਿੰਦਰ ਸਿੰਘ,
ਸਟੇਟ ਬੈਂਕ ਆਫ਼ ਪਟਿਆਲਾ,
ਖਾਤਾ ਨੰਬਰ– 000-000-5514-000-7508

**ਇੰਟਰਨੈੱਟ ’ਤੇ ‘ਲਲਕਾਰ’ — *lalkaar.wordpress.com***

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਅਤੇ ਸੰਪਾਦਕ ਲਖਵਿੰਦਰ ਸਿੰਘ ਦੁਆਰਾ ਸੈਂਟੋ ਪ੍ਰਿੰਟਰਜ਼, ਜੋਸ਼ੀ ਐਸਟੇਟ, ਨੇੜੇ ਟਾਂਡਾ ਰੇਲਵੇ ਫਾਟਕ, ਜਲੰਧਰ, ਪੰਜਾਬ ਤੋਂ ਛਪਵਾ ਕੇ ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜ਼ਿਲ੍ਹਾ – ਫਤਿਹਗੜ੍ਹ ਸਾਹਿਬ, ਪੰਜਾਬ-140406, ਤੋਂ ਪ੍ਰਕਾਸ਼ਿਤ ਕੀਤਾ ਗਿਆ।

ਸੰਪਾਦਕੀ



# ਗਦਰੀਆਂ ਦੀ ਅਮਰ ਗਾਥਾ
## ਲੁੱਟ-ਜ਼ਬਰ ਖਿਲਾਫ਼ ਘੋਲਾਂ ਦੇ ਰਾਹ ਵਿੱਚ ਜਗਦੀ ਸਦੀਵੀ ਮਸ਼ਾਲ

21 ਅਪ੍ਰੈਲ, 1913 ਦੇ ਅਮਰੀਕੀ ਸ਼ਹਿਰ ਐਸਤੋਰੀਆ ਵਿੱਚ ਅਮਰੀਕਾ ਤੇ ਕੈਨੇਡਾ ਦੇ ਵੱਖ-ਵੱਖ ਇਲਾਕਿਆਂ 'ਚ ਕੰਮ ਕਰਦੇ ਭਾਰਤੀ ਪਰਵਾਸੀ ਮਜ਼ਦੂਰਾਂ ਦੇ ਡੈਲੀਗੇਟਾਂ ਨੇ ਇੱਕ ਵੱਡੀ ਮੀਟਿੰਗ ਕੀਤੀ ਅਤੇ "ਹਿੰਦੀ ਐਸੋਸੀਏਸ਼ਨ ਆਫ਼ ਦੀ ਪੈਸੇਫਿਕ ਕੋਸਟ ਆਫ਼ ਅਮੈਰਿਕਾ" ਦੀ ਕਾਇਮੀ ਦਾ ਐਲਾਨ ਕੀਤਾ। ਇਹੀ ਐਸੋਸੀਏਸ਼ਨ ਨੇ ਬਾਅਦ 'ਚ 'ਹਿੰਦੋਸਤਾਨ ਗਦਰ ਪਾਰਟੀ' ਦਾ ਨਾਮ ਲੈ ਲਿਆ ਅਤੇ ਭਾਰਤ ਦੀ ਜੰਗੇ-ਅਜ਼ਾਦੀ ਦੇ ਇਤਿਹਾਸ 'ਚ "ਗਦਰ ਪਾਰਟੀ" ਦੇ ਨਾਂ ਨਾਲ ਮਸ਼ਹੂਰ ਹੋਈ। ਇਸ ਪਾਰਟੀ ਨੇ ਭਾਰਤ ਦੀ ਧਰਤੀ ਨੂੰ ਆਪਣੇ ਖੂਨ ਨਾਲ ਸਿੰਜਿਆ ਅਤੇ ਇਸੇ ਜ਼ਰਖੇਜ਼ ਭੂਮੀ 'ਚੋਂ ਫਿਰ ਸ਼ਹੀਦ ਭਗਤ ਸਿੰਘ ਵਰਗੇ ਹੀਰਿਆਂ ਨੇ ਆਪਣੀ ਚਮਕ ਹਾਸਿਲ ਕੀਤੀ। ਪਰ ਗਦਰ ਲਹਿਰ ਆਪਣੇ ਆਪ ਵਿੱਚ ਹੀ ਇੱਕ ਮਿਸਾਲੀ ਘਟਨਾ ਸੀ ਜਿਸਨੇ ਅਜ਼ਾਦੀ ਦਾ ਸੁਪਨਾ ਭਾਰਤੀਆਂ ਦੇ ਦਿਮਾਗਾਂ 'ਚ ਗੂੜ੍ਹੇ ਸੁਰਖ ਰੰਗਾਂ 'ਚ ਚਿਤਰ ਦਿੱਤਾ ਅਤੇ ਭਾਰਤੀ ਅਜ਼ਾਦੀ ਲਹਿਰ 'ਚ ਅਸਲੋਂ ਨਵੇਂ ਮੁਹਾਣ ਨੂੰ ਜਨਮ ਦਿੱਤਾ। ਇਸ ਲਹਿਰ ਨੇ ਕਰਤਾਰ ਸਿੰਘ ਸਰਾਭਾ, ਸੋਹਣ ਸਿੰਘ ਭਕਨਾ, ਹਰਨਾਮ ਸਿੰਘ ਟੁੰਡੀਲਾਟ, ਪੰਡਿਤ ਕਾਂਸ਼ੀ ਰਾਮ, ਪਰਮਾਨੰਦ ਝਾਂਸੀ ਅਤੇ ਅਨੇਕਾਂ ਹੋਰ ਨਾਮਾਂ ਦੀ ਗੂੰਜ ਭਾਰਤੀ ਹਵਾਵਾਂ 'ਚ ਘੋਲ ਦਿੱਤੀ ਜਿਹੜੀ ਅੱਜ ਵੀ ਨੌਜਵਾਨਾਂ ਨੂੰ ਆਪਣੇ ਲੋਕਾਂ ਲਈ ਕਿਸੇ ਵੀ ਲੁੱਟ-ਜ਼ਬਰ ਦੇ ਖਿਲਾਫ਼ ਉੱਠ ਖੜ੍ਹਨ ਲਈ ਪ੍ਰੇਰਦੀ ਹੈ ਅਤੇ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਮਨੁੱਖੀ ਅਜ਼ਾਦੀ ਦੇ ਸੂਰਜ ਵੱਲ ਜਾਂਦੇ ਰਾਹਾਂ 'ਤੇ ਕਦਮ ਧਰਨ ਖਾਤਰ ਤਿਆਰ ਕਰਦੀ ਹੈ। ਅਪ੍ਰੈਲ, 2012 ਤੋਂ ਅਪ੍ਰੈਲ, 2013 ਦਾ ਵਰ੍ਹਾ ਇਸੇ ਮਹਾਂ-ਸੰਗਰਾਮੀ ਪਾਰਟੀ ਦੀ ਸਥਾਪਨਾ ਨੂੰ ਸਪਰਪਿਤ ਹੈ ਜਿਸ ਤਹਿਤ ਇਹਨਾਂ ਯੋਧਿਆਂ ਦੀ ਯਾਦ ਨੂੰ ਤਾਜ਼ਾ ਕਰਨ ਲਈ ਅਤੇ ਉਹਨਾਂ ਦੇ ਵਿਚਾਰਾਂ ਤੇ ਕੁਰਬਾਨੀਆਂ ਤੋਂ ਅੱਜ ਦੇ ਸਮੇਂ 'ਚ ਸਰਮਾਏਦਾਰੀ ਨਿਜ਼ਾਮ ਦੇ ਲੁੱਟ-ਜ਼ਬਰ ਖਿਲਾਫ਼ ਘੋਲ 'ਚ ਪ੍ਰੇਰਨਾ ਤੇ ਸੇਧ ਲੈਣ ਲਈ ਸੈਮੀਨਾਰਾਂ, ਮਾਰਚਾਂ ਤੇ ਹੋਰ ਕਈ ਤਰ੍ਹਾਂ ਦੇ ਪ੍ਰੋਗਰਾਮਾਂ ਦਾ ਸਿਲਸਿਲਾ ਚੱਲ ਰਿਹਾ ਹੈ। ਦੂਜੇ ਪਾਸੇ ਗਦਰੀਆਂ ਉੱਤੇ ਅਕਸਰ ਮੌਜੂਦਾ ਸਮੇਂ ਦੀਆਂ ਲੋਕ-ਦੋਖੀ ਤਾਕਤਾਂ ਕਦੇ ਧਰਮ ਦਾ ਅਤੇ ਕਦੇ ਇਲਾਕੇ ਦੇ ਨਾਮ ਦਾ ਠੱਪਾ ਲਾਉਣ ਦੀ ਕੋਸ਼ਿਸ਼ ਕਰਦੀਆਂ ਰਹਿੰਦੀਆਂ ਹਨ ਅਤੇ ਉਹਨਾਂ ਦੇ ਵਿਚਾਰਾਂ ਤੇ ਕੁਰਬਾਨੀਆਂ ਦੇ ਦਾਇਰੇ ਨੂੰ ਫਿਰਕਾਪ੍ਰਸਤੀ ਅਤੇ ਇਲਾਕਾਵਾਦ ਦੀਆਂ ਘ੍ਰਿਣਾਯੋਗ ਸੌੜੀਆਂ ਵਲਗਣਾਂ 'ਚ ਕੈਦ ਕਰਦੇ ਹੋਏ ਭਾਰਤ ਦੇ ਕਿਰਤੀ ਲੋਕਾਂ ਤੋਂ ਉਹਨਾਂ ਦਾ ਇਹ ਮਹਾਨ ਵਿਰਸਾ ਖੋਹਣ ਦੀਆਂ ਕੋਝੀਆਂ ਤੇ ਨੀਚ ਕੋਸ਼ਿਸ਼ਾਂ 'ਚ ਲੱਗੀਆਂ ਰਹਿੰਦੀਆਂ ਹਨ। ਇਸ ਲਈ ਗਦਰੀ ਕੌਣ ਸਨ, ਉਹਨਾਂ ਦੀ ਵਿਚਾਰਧਾਰਾ, ਉਹਨਾਂ ਦੀ ਇਤਿਹਾਸਕ ਭੂਮਿਕਾ ਅਤੇ ਅੱਜ ਦੇ ਸਮੇਂ 'ਚ ਉਹਨਾਂ ਦੇ ਵਿਚਾਰਾਂ ਤੇ ਕੁਰਬਾਨੀਆਂ ਦੀ ਪ੍ਰਸੰਗਿਕਤਾ ਬਾਰੇ ਕਿਰਤੀ ਲੋਕਾਂ ਅਤੇ ਨੌਜਵਾਨਾਂ ਨੂੰ ਜਾਣੂ ਕਰਵਾਉਣਾ ਹੋਰ ਵੀ ਜ਼ਰੂਰੀ ਹੋ ਗਿਆ ਹੈ।

ਬਰਤਾਨਵੀ ਸਾਮਰਾਜ ਨੇ ਭਾਰਤੀ ਦਸਤਕਾਰੀਆਂ ਨੂੰ ਤਬਾਹ ਕਰ ਦਿੱਤਾ, ਸ਼ਹਿਰਾਂ ਦੀ ਆਮ ਕਿਰਤੀ ਅਬਾਦੀ ਨੂੰ ਭੁੱਖਮਰੀ ਤੇ ਫਾਕਿਆਂ ਦੇ ਦਿਨ ਕੱਟਣ ਲਈ ਮਜ਼ਬੂਰ ਕਰ ਦਿੱਤਾ। ਦੂਜੇ ਪਾਸੇ ਅੰਗਰੇਜ਼ ਸਾਮਰਾਜੀਆਂ ਨੇ ਭਾਰਤ ਦੇ ਰਾਠਾਂ-ਜਾਗੀਰਦਾਰਾਂ ਨਾਲ਼ ਗੱਠਜੋੜ ਕਾਇਮ ਕਰ ਲਿਆ ਅਤੇ ਕਿਸਾਨਾਂ ਉਤੇ ਇੰਨੇ ਭਾਰੀ ਟੈਕਸ ਲਗਾ ਦਿੱਤੇ ਕਿ ਉਹਨਾਂ ਦੇ ਹੱਥਾਂ ਦੀ ਅਣਥੱਕ ਕਿਰਤ ਤੋਂ ਪੈਦਾ ਹੋਈਆਂ ਫਸਲਾਂ ਹੁਣ ਉਹਨਾਂ ਦਾ ਢਿੱਡ ਭਰਨ ਤੇ ਤਨ ਢੱਕਣ ਦੇ ਵੀ ਕਾਬਿਲ ਨਾ ਰਹੀਆਂ। ਕਿਸਾਨ ਸੂਦਖੋਰਾਂ ਦੇ ਕਰਜ਼ਈ ਹੋ ਗਏ ਪਰ ਲਗਾਨ ਸੀ ਕਿ ਫਿਰ ਵੀ ਸਿਰੋਂ ਨਹੀਂ ਉੱਤਰ ਰਹੇ ਸਨ। ਸਿੱਟੇ ਵਜੋਂ, ਧਰਤੀ ਦੇ ਜਾਇਆਂ ਨੇ ਬਿਹਤਰ ਰੋਜ਼ੀ-ਰੋਟੀ ਲਈ ਤੇ ਆਪਣੇ ਪਰਿਵਾਰਾਂ ਦਾ ਪੇਟ ਪਾਲਣ ਲਈ ਵਿਦੇਸ਼ਾਂ ਵੱਲ ਰੁਖ ਕਰ ਲਿਆ। ਹਾਂਗਕਾਂਗ, ਮਲੇਸ਼ੀਆ, ਸਿੰਘਾਪੁਰ, ਸ਼ੰਘਾਈ ਤੇ ਫਿਰ ਉੱਥੋਂ ਉਹਨਾਂ ਨੇ ਕੈਨੇਡਾ, ਅਮਰੀਕਾ ਤੇ ਆਸਟਰੇਲੀਆ ਦੀ ਧਰਤੀ 'ਤੇ ਪੈਰ ਜਾ ਟਿਕਾਏ। ਇਸ ਪਰਵਾਸ ਵਿੱਚ ਸਭ ਤੋਂ ਮੋਹਰੀ ਰਹੇ ਕੇਂਦਰੀ ਪੰਜਾਬ ਦੇ ਕਿਸਾਨ, ਜਿਹੜੇ ਹੁਣ ਭੂਮੀ ਦੀ ਹਿੱਕ ਖੰਗਾਲਣੀ ਛੱਡ ਕੇ ਕੈਨੇਡਾ, ਅਮਰੀਕਾ ਦੇ ਆਰਿਆਂ ਤੇ ਹੋਰ ਕਾਰਖਾਨਿਆਂ 'ਚ ਮਜ਼ਦੂਰੀ ਕਰਨ ਲੱਗੇ ਸਨ। ਭਾਵੇਂ ਕਿਸਾਨ ਹੀ ਪਰਵਾਸੀਆਂ 'ਚ ਮੁੱਖ ਸਨ ਪਰ ਬਹੁਤ ਸਾਰੇ ਬ੍ਰਿਟਿਸ਼ ਭਾਰਤੀ ਫੌਜ 'ਚੋਂ ਰਿਟਾਇਰ ਹੋਏ ਫੌਜੀ ਵੀ ਇਹਨਾਂ ਪਰਵਾਸੀਆਂ 'ਚ ਸ਼ਾਮਿਲ ਸਨ। ਇਹ ਫੌਜੀ ਅੰਗਰੇਜ਼ਾਂ ਦੀ ਡਿਊਟੀ ਵਜਾਉਂਦੇ-ਵਜਾਉਂਦੇ ਕਾਫ਼ੀ ਹੱਦ ਤੱਕ ਅੰਗਰੇਜ਼ ਭਗਤ ਬਣ ਚੁੱਕੇ ਸਨ ਅਤੇ ਇਸ ਭੁਲੇਖੇ ਵਿੱਚ ਸਨ ਕਿ ਉਹ ਵੀ ਚਿੱਟੀ ਚਮੜੀ ਵਾਲ਼ਿਆਂ ਦੀ ਤਰ੍ਹਾਂ ਮਲਕਾ ਵਿਕਟੋਰੀਆ ਦੀ ਪ੍ਰਜਾ ਹਨ ਤੇ ਉਹਨਾਂ ਦੇ ਬਰਾਬਰ ਦੇ ਸ਼ਹਿਰੀ ਹਨ। ਉਹ ਆਪਣੇ ਇਹਨਾਂ ਭੁਲੇਖਿਆਂ ਨੂੰ ਦਿਲ 'ਚ ਰੱਖੀ ਅੰਗਰੇਜ਼ਾਂ ਦੀਆਂ 'ਸਫੈਦ ਬਸਤੀਆਂ' ਜਿਵੇਂ ਕੈਨੇਡਾ, ਨਿਊਜੀਲੈਂਡ, ਆਸਟਰੇਲੀਆ 'ਚ ਚੰਗੇ ਪੈਸੇ ਕਮਾਉਣ ਦੇ ਸੁਪਨੇ ਦੇਖਕੇ ਵਿਦੇਸ਼ਾਂ ਵੱਲ ਨੂੰ ਨਿਕਲ਼ ਤੁਰੇ। ਪਰ ਜਲਦੀ ਹੀ ਇਹਨਾਂ ਪਰਵਾਸੀਆਂ ਦੇ ਅੱਗੇ ਸਾਰੀ ਅਸਲੀਅਤ ਖੁੱਲ੍ਹ ਕੇ ਸਾਹਮਣੇ ਆ ਗਈ ਅਤੇ ਉਹਨਾਂ ਨੂੰ ਪਤਾ ਲੱਗਿਆ ਕਿ ਗੁਲਾਮੀ ਦੀ ਲਾਹਨਤ ਕਿੰਨੀ ਭੈੜੀ ਹੁੰਦੀ ਹੈ।

ਮਾਤਭੂਮੀ ਦੇ ਧੱਕੇ ਭਾਰਤੀ ਭਾਵੇਂ ਆਪਣੇ ਦੇਸ਼ ਦੇ ਮੁਕਾਬਲੇ ਵੱਧ

ਕਮਾਈ ਕਰ ਲੈਂਦੇ ਸਨ ਪਰ ਨਾ ਕੇਵਲ ਉਹ ਗੈਰ-ਜਥੇਬੰਦ ਹੀ ਸਨ, ਸਗੋਂ ਚੇਤਨਾ ਪੱਖੋਂ ਵੀ ਬਹੁਤ ਪਿਛੜੇ ਹੋਏ ਸਨ ਤੇ ਪੈਸਾ ਕਮਾਉਣਾ ਹੀ ਉਹਨਾਂ ਦੀ ਜ਼ਿੰਦਗੀ ਦਾ ਇੱਕੋ-ਇੱਕ ਉਦੇਸ਼ ਸੀ। ਅਮਰੀਕੀ ਸਰਮਾਏਦਾਰ ਉਹਨਾਂ ਨੂੰ ਸਥਾਨਕ ਮਜ਼ਦੂਰਾਂ ਖਿਲਾਫ਼ "ਕਾਲ਼ੀਆਂ ਭੇਡਾਂ" ਦੇ ਤੌਰ 'ਤੇ ਵਰਤਣ ਲੱਗੇ ਸਨ। ਪੈਸਾ ਕਮਾਉਣ ਖਾਤਰ ਉਹ "ਹੜਤਾਲ ਤੋੜ" ਬਣ ਗਏ ਸਨ। ਇੱਕ ਤਾਂ ਗੁਲਾਮੀ ਦਾ ਕਲੰਕ ਤੇ ਦੂਸਰਾ "ਕਾਲ਼ੀਆਂ ਭੇਡਾਂ" ਦਾ ਠੱਪਾ ਉਹਨਾਂ ਨੂੰ ਸਥਾਨਕ ਲੋਕਾਂ ਦੀ ਨਫ਼ਰਤ ਦੇ ਪਾਤਰ ਬਣਾਉਣ ਲਈ ਕਾਫ਼ੀ ਸੀ। ਆਰਥਕ ਮੰਦਵਾੜੇ ਦੇ ਦਿਨ ਆ ਗਏ ਸਨ। ਪੂਰੇ ਅਮਰੀਕਾ 'ਚ ਹਿੰਦੋਸਤਾਨੀਆਂ ਖਿਲਾਫ਼ ਗੁੰਡਾਗਰਦੀ ਸ਼ੁਰੂ ਹੋ ਗਈ। ਯੂਰਪੀ ਦੇਸ਼ਾਂ ਤੇ ਜਪਾਨ ਦੇ ਮਜ਼ਦੂਰ ਵੀ ਇਸ ਗੁੰਡਾਗਰਦੀ ਦੇ ਸ਼ਿਕਾਰ ਹੋਏ ਪਰ ਉਹ ਅਜ਼ਾਦ ਦੇਸ਼ਾਂ ਦੇ ਬਾਸ਼ਿੰਦੇ ਸਨ, ਉੱਥੋਂ ਦੀਆਂ ਹਕੂਮਤਾਂ ਨੇ ਆਪਣੇ ਦੇਸ਼ ਦੇ ਮਜ਼ਦੂਰਾਂ ਦੇ ਨੁਕਸਾਨ ਦੀ ਭਰਪਾਈ ਕਰਵਾਈ ਅਤੇ ਸੁਰੱਖਿਆ ਦੇ ਇੰਤਜ਼ਾਮ ਕਰਵਾਏ ਪਰੰਤੂ ਭਾਰਤੀਆਂ ਦੀ ਬਾਂਹ ਫੜਨ ਵਾਲ਼ਾ ਕੋਈ ਨਹੀਂ ਸੀ। ਉਹ ਭਾਰਤ ਸਰਕਾਰ ਅਤੇ ਬ੍ਰਿਟਿਸ਼ ਸਰਕਾਰ ਅੱਗੇ ਅਰਜ਼ੋਈਆਂ ਕਰਦੇ ਰਹੇ, ਯਾਦ ਪੱਤਰ ਭੇਜਦੇ ਰਹੇ ਪਰ ਕਿਸੇ ਪਾਸਿਓਂ ਕੋਈ ਆਵਾਜ਼ ਉਹਨਾਂ ਦੇ ਕੰਨੀਂ ਨਾ ਪਈ। ਪਹਿਲੀ ਵਾਰ ਉਹਨਾਂ ਨੂੰ ਅਹਿਸਾਸ ਹੋਇਆ ਕਿ ਭਾਵੇਂ ਉਹ ਜਿੰਨੇ ਮਰਜ਼ੀ ਡਾਲਰ ਕਮਾ ਲੈਣ, ਪਰ ਉਹ ਇੱਕ ਗੁਲਾਮ ਮੁਲਕ ਦੇ ਨਾਗਰਿਕ ਹੀ ਰਹਿਣਗੇ, ਡਾਲਰਾਂ ਨਾਲ਼ ਗੁਲਾਮੀ ਦਾ ਕਲੰਕ ਲਾਹ ਕੇ ਉਹ ਮਾਣ-ਇੱਜ਼ਤ ਨਹੀਂ ਖਰੀਦ ਸਕਦੇ। ਅੰਗਰੇਜ਼ ਭਗਤ ਫੌਜੀ ਜਿਹੜੇ ਅੰਗਰੇਜ਼ਾਂ ਤੋਂ ਮਿਲੇ ਮੈਡਲ ਹਿੱਕਾਂ-ਮੋਢਿਆਂ 'ਤੇ ਲਟਕਾ ਕੇ ਰੱਖਣਾ ਸ਼ਾਨ ਸਮਝਦੇ ਸਨ ਅਤੇ ਆਪਣੇ ਆਪ ਨੂੰ ਭਾਰਤ ਦੇ ਆਮ ਨਾਗਰਿਕਾਂ ਤੋਂ ਉੱਪਰ ਸਮਝਦੇ ਸਨ, ਪਹਿਲੀ ਵਾਰ ਦਿਨ ਦੇ ਚਾਨਣੇ 'ਚ ਆਏ ਤੇ ਗੁਲਾਮੀ ਦੇ ਦਰਦ ਨੂੰ ਮਹਿਸੂਸ ਕਰਨ ਲੱਗੇ। ਆਰਥਕ ਮੰਦਵਾੜੇ ਦੇ ਦਿਨ ਭਾਵੇਂ ਕੁਝ ਸਾਲਾਂ ਬਾਅਦ ਲੰਘ ਗਏ ਪਰ ਇਹਨਾਂ ਦਿਨਾਂ 'ਚ ਹੋਈ ਬੇਹੁਰਮਤੀ ਦੀ ਟੀਸ ਭਾਰਤੀ ਪਰਵਾਸੀਆਂ ਦੇ ਦਿਲਾਂ 'ਚ ਘਰ ਕਰ ਗਈ। ਗੁੰਡਾਗਰਦੀ ਭਾਵੇਂ ਰੁਕ ਗਈ ਪਰ ਪੈਰ-ਪੈਰ 'ਤੇ ਹੋਣ ਵਾਲ਼ੀ ਬੇਇੱਜ਼ਤੀ, ਭੇਡਾਂ ਤੇ ਕੁੱਤਿਆਂ ਨਾਲ ਹੁੰਦੀ ਤੁਲਨਾ ਉਹਨਾਂ ਦੀ ਜ਼ਿੰਦਗੀ ਦੀ ਇੱਕ ਸੱਚਾਈ ਬਣ ਗਈ। ਇਸ ਸਭ ਕੁਝ ਨੇ ਉਹਨਾਂ ਦੇ ਦਿਲਾਂ 'ਚ ਅੰਗਰੇਜ਼ਾਂ ਪ੍ਰਤੀ ਨਫ਼ਰਤ ਤੇ ਅਜ਼ਾਦੀ ਦੀ ਚਾਹਨਾ ਨੂੰ ਡੂੰਘਿਆਂ ਰਚਾ-ਵਸਾ ਦਿੱਤਾ। ਇਸੇ ਦੌਰਾਨ ਕੈਨੇਡਾ ਸਰਕਾਰ ਨੇ ਇਸ ਪਰਵਾਸੀਆਂ ਤੇ ਸਥਾਨਕ ਮਜ਼ਦੂਰਾਂ ਦੇ ਝਗੜੇ ਨੂੰ ਨੱਥ ਪਾਉਣ ਲਈ ਭਾਰਤੀਆਂ ਨੂੰ ਚਲਾਕੀ ਨਾਲ ਹਾਂਡੂਰਸ ਜੋ ਕਿ ਮਜ਼ਦੂਰਾਂ ਲਈ ਨਰਕ ਸੀ ਤੇ ਬਿਮਾਰੀਆਂ ਦਾ ਘਰ ਸੀ, ਵਿੱਚ ਭੇਜਣ ਦੀ ਕੋਸ਼ਿਸ਼ ਕੀਤੀ ਪਰ ਭਾਰਤੀ ਇਸ ਝਾਂਸੇ ਵਿੱਚ ਨਾ ਆਏ। ਇਸ ਤੋਂ ਔਖੀ ਹੋਈ ਕੈਨੇਡਾ ਦੀ ਸਰਕਾਰ ਨੇ 1910 ਦੇ ਬਦਨਾਮ ਕਾਨੂੰਨ ਪਾਸ ਕੀਤੇ ਜਿਹਨਾਂ ਤਹਿਤ ਉਹੀ ਵਿਅਕਤੀ ਕੈਨੇਡਾ ਦੀ ਧਰਤੀ 'ਤੇ ਪੈਰ ਰੱਖ ਸਕਦਾ ਸੀ ਜਿਹੜਾ ਆਪਣੇ ਦੇਸ਼ ਤੋਂ ਰਸਤੇ 'ਚ ਬਿਨਾਂ ਜਹਾਜ਼ ਬਦਲੇ ਆਉਂਦਾ ਤੇ 200 ਡਾਲਰ ਦੀ ਜ਼ਮਾਨਤੀ ਰਕਮ ਜਮ੍ਹਾਂ ਕਰਵਾਉਂਦਾ। ਸਾਫ਼ ਤੌਰ 'ਤੇ ਇਹਨਾਂ ਕਾਨੂੰਨਾਂ ਦਾ ਨਿਸ਼ਾਨਾ ਭਾਰਤੀ ਲੋਕ ਸਨ। ਇਹਨਾਂ ਘਟਨਾਵਾਂ ਨੇ ਭਾਰਤੀਆਂ ਅੰਦਰ ਅਜ਼ਾਦੀ ਦੀ ਇੱਛਾ ਨੂੰ ਹੋਰ ਪੱਕਿਆਂ ਕਰ ਦਿੱਤਾ।

ਇੱਕ ਪਾਸੇ ਜਿੱਥੇ ਉਹਨਾਂ ਅੰਦਰ ਅੰਗਰੇਜ਼ਾਂ ਖਿਲਾਫ਼ ਨਫ਼ਰਤ ਘਰ ਕਰ ਰਹੀ ਸੀ, ਉੱਥੇ ਇੱਕ ਗੁਲਾਮ ਦੇਸ਼ 'ਚ ਜਨਮੇ ਹੋਣ ਦੀ ਨਮੋਸ਼ੀ ਵੀ ਉਹਨਾਂ ਦੇ ਮਨਾਂ 'ਚ ਸੀ। ਹੁਣ ਉਹਨਾਂ ਦੇ ਮਨਾਂ 'ਚ ਗੁਲਾਮੀ ਦਾ ਕਲੰਕ ਧੋਣ, ਅਜ਼ਾਦ ਮੁਲਕ ਉਸਾਰਨ ਅਤੇ ਅੰਗਰੇਜ਼ ਸਾਮਰਾਜੀਆਂ ਖਿਲਾਫ਼ ਵਿਦਰੋਹ ਦਾ ਝੰਡਾ ਝੁਲਾ ਦੇਣ ਦੇ ਵਾਵਰੋਲੇ ਉੱਠਣ ਲੱਗੇ ਸਨ। ਉਹ ਰੋਜ਼ ਦੂਜੇ ਮੁਲਕਾਂ ਜਿਵੇਂ ਚੀਨ, ਤੁਰਕੀ, ਆਇਰਲੈਂਡ ਦੇ ਮੁਕਤੀ ਸੰਘਰਸ਼ਾਂ ਬਾਰੇ ਸੁਣਦੇ, ਅਮਰੀਕੀ ਜਮਹੂਰੀਅਤ ਨੂੰ ਦੇਖਦੇ ਅਤੇ ਮੰਡਲੀਆਂ 'ਚ ਬੈਠ ਕੇ ਦੇਸ਼ ਨੂੰ ਅਜ਼ਾਦ ਕਰਾਉਣ ਦੀਆਂ ਜੁਗਤਾਂ ਬਣਾਉਂਦੇ। ਸਾਬਕਾ ਫੌਜੀਆਂ ਨੇ ਅੰਗਰੇਜ਼ਾਂ ਤੋਂ ਮਿਲੇ ਮੈਡਲ ਲਾਹ ਸੁੱਟੇ, ਸਾਮਰਾਜੀਆਂ ਦੀ ਸੇਵਾ ਬਦਲੇ ਮਿਲੇ ਪ੍ਰਸੰਸਾ ਪੱਤਰਾਂ ਨੂੰ ਅੱਗ ਲਾ ਕੇ ਸਾੜ ਦਿੱਤਾ ਅਤੇ ਐਲਾਨ ਕੀਤਾ ਕਿ ਇਹ ਤਮਗੇ ਗੁਲਾਮੀ ਦੇ ਤਮਗੇ ਹਨ। ਇਸੇ ਦੌਰਾਨ ਲਾਲਾ ਹਰਦਿਆਲ, ਬਰਕਤਉੱਲਾ ਜਿਹੇ ਭਾਰਤੀ ਇਨਕਲਾਬ-ਪਸੰਦਾਂ ਨਾਲ ਉਹਨਾਂ ਦਾ ਸੰਪਰਕ ਹੋਇਆ। ਇਸ ਨਾਲ਼ ਜਿੱਥੇ ਆਪਣੀ ਗੁਪਤ ਇਨਕਲਾਬੀ ਧੜਿਆਂ ਦੀ ਦੁਨੀਆਂ 'ਚ ਕੈਦ ਵਿਦਵਾਨਾਂ ਨੂੰ ਪੰਜਾਬੀ ਮਜ਼ਦੂਰਾਂ ਦੀ ਹਵਾ ਲੱਗੀ, ਉੱਥੇ ਇਹਨਾਂ ਮਜ਼ਦੂਰਾਂ ਦੇ ਮਨਾਂ ਦੇ ਵਾਵਰੋਲੇ ਪਹਿਲਾਂ ਤੇਜ਼ ਹਵਾ ਤੇ ਫਿਰ ਹਨੇਰੀ ਬਣ ਵਗਣ ਲੱਗੇ। ਇਸ ਨਵੀਂ ਜਾਗ੍ਰਤੀ ਨੂੰ ਇੱਕ ਜਥੇਬੰਦੀ ਦਾ ਰੂਪ ਦੇਣ ਦੀਆਂ ਗੱਲਾਂ ਸ਼ੁਰੂ ਹੋ ਗਈਆਂ ਅਤੇ 13 ਮਾਰਚ, 1913 ਨੂੰ ਸੋਹਣ ਸਿੰਘ ਭਕਨਾ ਤੇ ਉਹਨਾਂ ਦੇ ਸਾਥੀਆਂ ਦੀ ਪਹਿਲ 'ਤੇ ਐਸਤੋਰੀਆ ਵਿੱਚ ਮੀਟਿੰਗ ਸੱਦੀ ਗਈ ਜਿਸ ਵਿੱਚ ਆਰੀਗਨ ਤੇ ਵਸ਼ਿੰਗਟਨ ਜਿਹੇ ਸ਼ਹਿਰਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਪਹਿਲੀ ਮੀਟਿੰਗ ਦੌਰਾਨ ਹੀ ਪਾਰਟੀ ਨੂੰ 15,000 ਹਜ਼ਾਰ ਡਾਲਰ ਦਾ ਫੰਡ ਇਕੱਠਾ ਹੋ ਗਿਆ। 21 ਅਪ੍ਰੈਲ, 1913 ਨੂੰ ਇੱਕ ਹੋਰ ਵੱਡੀ ਮੀਟਿੰਗ 'ਚ ਹਿੰਦੁਸਤਾਨ ਗਦਰ ਪਾਰਟੀ ਦਾ ਮੁੱਢ ਵੱਜਾ ਅਤੇ ਅਖਬਾਰ ਸ਼ੁਰੂ ਕਰਨ ਦਾ ਫੈਸਲਾ ਲਿਆ ਗਿਆ ਜਿਸਦਾ ਨਾਮ 1857 ਦੇ ਗਦਰ ਦੀ ਯਾਦ 'ਚ "ਗਦਰ" ਰੱਖਿਆ ਗਿਆ। ਸੋਹਣ ਸਿੰਘ ਭਕਨਾ ਨੂੰ ਪਾਰਟੀ ਦਾ ਪ੍ਰਧਾਨ ਤੇ ਲਾਲਾ ਹਰਦਿਆਲ ਨੂੰ ਜਨਰਲ ਸਕੱਤਰ ਥਾਪਿਆ ਗਿਆ ਅਤੇ ਅਖਬਾਰ ਲਈ ਲਾਲਾ ਹਰਦਿਆਲ ਦੇ ਨਾਲ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਤੇ ਪੰਡਿਤ ਜਗਤ ਰਾਮ ਦੀ ਡਿਊਟੀ ਲਗਾਈ ਗਈ। ਇਸ ਸਪਤਾਹਿਕ ਅਖਬਾਰ ਦਾ ਪਹਿਲਾ ਅੰਕ 1 ਨਵੰਬਰ, 1913 ਨੂੰ ਛਪ ਕੇ ਆਇਆ ਅਤੇ ਦਿਨਾਂ 'ਚ 'ਗਦਰ' ਇੱਕ ਅਜਿਹੀ ਲਾਟ ਬਣ ਗਿਆ ਜੋ ਜਿੱਧਰ ਵੀ ਪਹੁੰਚਦਾ ਵਿਦਰੋਹ ਦੀਆਂ ਲਪਟਾਂ ਭੜਕਣ ਲਾ ਦਿੰਦਾ ਤੇ ਗਦਰ ਪਾਰਟੀ ਦੀ ਇਕਾਈ ਖੜੀ ਹੋ ਜਾਂਦੀ।

ਪਾਰਟੀ ਦੇ ਮੈਂਬਰਾਂ ਦੀ ਗਿਣਤੀ ਕੁਝ ਮਹੀਨਿਆਂ 'ਚ ਹੀ 12,000 ਨੂੰ ਪਹੁੰਚ ਗਈ। ਪਾਰਟੀ ਦਾ ਦਫ਼ਤਰ ਅਮਰੀਕਾ ਦੇ ਸ਼ਹਿਰ ਸਾਨਫ੍ਰਾਂਸਿਸਕੋ ਦਾ ਯੁਗਾਂਤਰ ਆਸ਼ਰਮ ਸੀ ਜਿੱਥੇ ਸਾਰਾ ਦਿਨ ਭਾਰਤੀ ਮਜ਼ਦੂਰਾਂ ਦਾ ਆਉਣਾ-ਜਾਣਾ ਲੱਗਿਆ ਰਹਿੰਦਾ। ਪਾਰਟੀ ਨੂੰ ਪਤਾ ਸੀ ਕਿ ਅਸਲੀ ਲੜਾਈ ਭਾਰਤ ਦੀ ਜ਼ਮੀਨ 'ਤੇ

ਹੀ ਹੋਵੇਗੀ। ਦਿਨੋ-ਦਿਨ ਪਾਰਟੀ ਦਾ ਪ੍ਰਚਾਰ ਅਤੇ ਆਉਣ ਵਾਲ਼ੇ ਸੰਗਰਾਮ ਲਈ ਤਿਆਰੀਆਂ ਹੋਰ ਤੇਜ਼ੀ ਨਾਲ਼ ਹੋਣ ਲੱਗੀਆਂ। 1914 ਦੀ ਕਾਮਾਗਾਟਾਮਾਰੂ ਦੀ ਘਟਨਾ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ। ਉੱਧਰ ਪਹਿਲੀ ਸੰਸਾਰ ਜੰਗ ਸ਼ੁਰੂ ਹੋ ਗਈ ਤੇ ਫਰੰਗੀ ਵੀ ਇਸ ਵਿੱਚ ਸ਼ਾਮਿਲ ਹੋ ਚੁੱਕਾ ਸੀ। ਦੇਸ਼ ਨੂੰ ਚੱਲਣ ਦਾ ਐਲਾਨ ਹੋ ਗਿਆ। ਪਾਰਟੀ ਦੇ ਮੈਂਬਰ ਮਿਹਨਤਾਂ ਨਾਲ ਖੜੇ ਕੀਤੇ ਕੰਮਾਂ-ਕਾਰਾਂ ਦੀ ਕਮਾਈ ਦੀ ਇੱਕ-ਇੱਕ ਪਾਈ ਤੇ ਆਪਣਾ ਸਭ ਕੁਝ ਪਾਰਟੀ ਦਫ਼ਤਰ 'ਚ ਜਮ੍ਹਾਂ ਕਰਵਾ ਕੇ ਅਤੇ ਹਥਿਆਰ ਖਰੀਦ ਕੇ ਆਪਣੀ ਮਾਤ-ਭੂਮੀ ਨੂੰ ਤੁਰ ਪਏ। ਹੁਣ ਉਹਨਾਂ ਨੂੰ ਡਾਲਰਾਂ ਦੀ ਖਿੱਚ ਨਹੀਂ ਸਗੋਂ ਆਪਣੇ ਪਿਆਰੇ ਦੇਸ਼ ਨੂੰ ਅਜ਼ਾਦ ਦੇਖਣ ਦੀ ਚਾਹ ਤੇ ਇਸ ਮੰਤਵ ਲਈ ਆਖਰ ਤੱਕ ਲੜਨ-ਮਰਨ ਦਾ ਜਨੂੰਨ ਖਿੱਚੀ ਜਾ ਰਿਹਾ ਸੀ। ਪਰੰਤੂ ਤਿਆਰੀਆਂ ਦੌਰਾਨ ਗਦਰੀ ਗੰਭੀਰ ਗਲਤੀਆਂ ਕਰ ਚੁੱਕੇ ਸਨ। ਨਾ ਸਿਰਫ਼ ਉਹਨਾਂ ਨੇ ਆਪਣੀ ਤਿਆਰੀ ਤੇ ਆਪਣੇ ਆਦਰਸ਼ਾਂ ਨੂੰ ਲੁਕਾ ਕੇ ਨਹੀਂ ਰੱਖਿਆ ਸੀ, ਸਗੋਂ ਉਹਨਾਂ ਨੇ ਦੇਸ਼ ਵਾਪਸ ਜਾਣ ਦਾ ਫੈਸਲਾ ਵੀ ਗੁਪਤ ਨਾ ਰੱਖਿਆ। ਸਿੱਟੇ ਵਜੋਂ ਫਰੰਗੀ ਹਕੂਮਤ ਚੌਕੰਨੀ ਹੋ ਚੁੱਕੀ ਸੀ ਅਤੇ ਉਸਨੇ ਦੇਸ਼ ਦੀਆਂ ਸਾਰੀਆਂ ਬੰਦਰਗਾਹਾਂ 'ਤੇ ਪੁਖਤਾ ਨਾਕਾਬੰਦੀ ਕਰ ਦਿੱਤੀ ਸੀ। ਸਾਰੇ ਆਗੂਆਂ ਦੀ ਨਿਸ਼ਾਨਦੇਹੀ ਹੋ ਗਈ ਸੀ ਜਿਸ ਕਾਰਨ ਬਹੁਤੇ ਆਗੂ ਤਾਂ ਭਾਰਤ ਦੇ ਤੱਟਾਂ 'ਤੇ ਹੀ ਫੜੇ ਗਏ, ਇਹਨਾਂ ਗ੍ਰਿਫਤਾਰ ਹੋਏ ਆਗੂਆਂ 'ਚ ਸੋਹਣ ਸਿੰਘ ਭਕਨਾ ਵੀ ਸ਼ਾਮਿਲ ਸਨ। ਫਿਰ ਵੀ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ, ਰਹਿਮਤ ਅਲੀ ਵਜੀਦਕੇ, ਜਗਤ ਰਾਮ, ਪੰਡਿਤ ਕਾਂਸ਼ੀ ਰਾਮ ਤੇ ਹੋਰ ਕਈ ਉੱਘੇ ਗਦਰੀ ਦੇਸ਼ ਵਿੱਚ ਦਾਖਲ ਹੋਣ 'ਚ ਸਫ਼ਲ ਹੋ ਗਏ। ਦੇਸ਼ ਪਹੁੰਚਦਿਆਂ ਸਾਰ ਇਹਨਾਂ ਨੇ ਆਗੂ ਕੇਂਦਰ ਨੂੰ ਮੁੜ ਜਥੇਬੰਦ ਕਰਕੇ ਕੰਮ ਸ਼ੁਰੂ ਕਰ ਦਿੱਤਾ। ਸਰਾਭੇ ਬਾਰੇ ਇਹ ਮਸ਼ਹੂਰ ਸੀ ਕਿ ਇਹ ਨੌਜਵਾਨ ਆਪਣੇ ਸਾਈਕਲ ਉੱਤੇ ਜਿਧਰੋਂ ਵੀ ਲੰਘ ਜਾਂਦਾ ਉੱਥੇ ਗਦਰੀਆਂ ਦੀ ਪੂਰੀ ਪਲਟਨ ਪੈਦਾ ਹੋ ਜਾਂਦੀ ਸੀ। ਫੌਜੀ ਛਾਉਣੀਆਂ 'ਚ ਰਾਬਤਾ ਕਾਇਮ ਕੀਤਾ ਗਿਆ ਅਤੇ ਫੌਜੀਆਂ ਨੂੰ ਸਾਮਰਾਜੀਆਂ ਦੀ ਸੇਵਾ ਕਰਨ ਦੀ ਥਾਂ ਮਾਤਭੂਮੀ ਨੂੰ ਅਜ਼ਾਦ ਕਰਵਾਉਣ ਖਾਤਰ ਲੜਨ ਲਈ ਪ੍ਰੇਰਿਆ ਗਿਆ। ਫੌਜੀ ਪਹਿਲਾਂ ਹੀ ਬੇਗਾਨੇ ਦੇਸ਼ਾਂ 'ਚ ਜਾ ਕੇ ਲੜਨ ਤੋਂ ਆਕੀ ਹੋਏ ਬੈਠੇ ਸਨ, ਗਦਰੀਆਂ ਦਾ ਪ੍ਰਚਾਰ ਛਾਉਣੀਆਂ 'ਚ ਜੰਗਲ ਦੀ ਅੱਗ ਵਾਂਗ ਫੈਲਿਆ। ਸਿਆਲਕੋਟ, ਮੁਲਤਾਨ, ਰਾਵਲਪਿੰਡੀ, ਫਿਰੋਜ਼ਪੁਰ ਤੋਂ ਲੈ ਕੇ ਮੇਰਠ, ਲਖਨਊ ਦੀਆਂ ਛਾਉਣੀਆਂ, ਇੱਥੋਂ ਤੱਕ ਕੇ ਕਲਕੱਤਾ, ਢਾਕਾ ਤੇ ਰੰਗੂਨ ਤੱਕ ਦੀਆਂ ਫੌਜੀ ਛਾਉਣੀਆਂ ਨਾਲ ਰਾਬਤਾ ਕਾਇਮ ਕੀਤਾ ਗਿਆ ਅਤੇ ਆਉਣ ਵਾਲ਼ੀ ਹਥਿਆਰਬੰਦ ਬਗਾਵਤ ਦਾ ਹਿੱਸਾ ਬਣਨ ਲਈ ਤਿਆਰ ਕੀਤਾ ਗਿਆ। ਤੈਅ ਹੋਇਆ ਕਿ ਸ਼ੁਰੂਆਤ ਪੰਜਾਬ ਦੀਆਂ ਛਾਉਣੀਆਂ ਤੋਂ ਕੀਤੀ ਜਾਵੇਗੀ ਅਤੇ ਪੰਜਾਬ ਤੇ ਇਸਦੇ ਲਾਗੇ ਦੇ ਇਲਾਕਿਆਂ 'ਤੇ ਕਬਜ਼ਾ ਕਰਕੇ ਅੱਗੇ ਵਧਿਆ ਜਾਵੇਗਾ। ਗਦਰ ਦੀ ਤਾਰੀਖ ਦਾ ਫੈਸਲਾ ਹੋ ਗਿਆ ਜੋ ਕਿ 21 ਫ਼ਰਵਰੀ, 1915 ਮਿਥੀ ਗਈ। ਪਰ ਅੰਗਰੇਜ਼ਾਂ ਨੇ ਵੀ ਆਪਣੇ ਜਾਸੂਸ ਗਦਰ ਪਾਰਟੀ ਦੇ ਚੋਖੇ ਅੰਦਰ ਤੱਕ ਫਿੱਟ ਕਰ ਰੱਖੇ ਸਨ। ਅਜਿਹੇ ਹੀ ਗੱਦਾਰ ਕਿਰਪਾਲ ਸਿੰਘ ਨੇ ਐਨ ਆਖਰੀ ਮੌਕੇ 'ਤੇ ਤਾਰੀਖ ਦੀ ਸੂਚਨਾ ਫਰੰਗੀਆਂ ਤੱਕ ਪੁਚਾ ਦਿੱਤੀ। ਗਦਰੀਆਂ ਨੇ ਆਖਰੀ ਕੋਸ਼ਿਸ਼ ਵਜੋਂ ਤਾਰੀਖ ਨੂੰ ਪਹਿਲਾਂ ਕਰਕੇ 19 ਫ਼ਰਵਰੀ ਕਰ ਦਿੱਤਾ ਗਿਆ ਪਰ ਇਸਦਾ ਭੇਦ ਵੀ ਖੁੱਲ ਗਿਆ। ਅੰਗਰੇਜ਼ਾਂ ਨੇ ਭਾਰਤੀ ਫੌਜੀਆਂ ਨੂੰ ਨਿਹੱਥੇ ਕਰ ਦਿੱਤਾ ਅਤੇ ਉਹਨਾਂ 'ਤੇ ਗੋਰੇ ਸਿਪਾਹੀਆਂ ਦਾ ਪਹਿਰਾ ਬੈਠਾ ਦਿੱਤਾ। ਗਦਰੀਆਂ ਦੀ ਫੜੋ-ਫੜੀ ਸ਼ੁਰੂ ਹੋ ਗਈ। ਗਦਰ ਨੂੰ ਪਛਾੜ ਲੱਗ ਚੁੱਕੀ ਸੀ। ਬਹੁਤ ਸਾਰੇ ਗਦਰੀ ਗ੍ਰਿਫਤਾਰ ਕਰ ਲਏ ਗਏ, ਕਈ ਪੁਲਿਸ ਨਾਲ ਮੁਕਾਬਲਿਆਂ 'ਚ ਮਾਰੇ ਗਏ। ਬਾਗੀ ਫੌਜੀਆਂ ਦਾ ਕੋਰਟ ਮਾਰਸ਼ਲ ਕਰਕੇ ਸੈਂਕੜਿਆਂ ਨੂੰ ਗੋਲੀ ਨਾਲ ਉਡਾ ਦਿੱਤਾ ਗਿਆ ਜਾਂ ਫਾਂਸੀ ਲਟਕਾ ਦਿੱਤਾ ਗਿਆ। ਸਰਾਭੇ, ਜਗਤ ਰਾਮ, ਵੀ. ਜੇ. ਪਿੰਗਲੇ, ਹਰਨਾਮ ਸਿੰਘ ਸਿਆਲਕੋਟ ਸਮੇਤ ਅਨੇਕਾਂ ਗਦਰੀ ਫਾਂਸੀ ਲਗਾ ਦਿੱਤੇ ਗਏ ਅਤੇ ਬਾਕੀ ਬਚਿਆਂ ਨੂੰ ਕਾਲ਼ੇਪਾਣੀ ਭੇਜ ਦਿੱਤਾ ਗਿਆ। ਹੋਰ ਬਚਿਆਂ ਨੂੰ ਅਲੱਗ-ਅਲੱਗ ਜੇਲ੍ਹਾਂ 'ਚ ਕੈਦ ਕਰ ਦਿੱਤਾ ਗਿਆ।

ਗਦਰ ਭਾਵੇਂ ਸਫ਼ਲ ਨਾ ਹੋ ਸਕਿਆ ਹੋਵੇ ਪਰ ਗਦਰੀਆਂ ਨੇ ਇਸਨੂੰ ਅੰਤ ਨਹੀਂ ਸਮਝਿਆ। ਜਿਹੜੇ ਗਦਰੀ ਅੰਡੇਮਾਨ ਦੀ ਬਦਨਾਮ ਕਾਲ਼ੇਪਾਣੀ ਸਜ਼ਾ ਕੱਟਣ ਪਹੁੰਚੇ, ਉਹਨਾਂ ਇਸ ਜੇਲ੍ਹ ਨੂੰ ਆਪਣਾ ਨਵਾਂ ਮੋਰਚਾ ਬਣਾ ਲਿਆ। ਅੰਤ 1921 'ਚ ਬਦਨਾਮ ਸੈਲੂਲਰ ਜੇਲ੍ਹ ਨੂੰ ਤੁੜਵਾ ਕੇ ਸਾਹ ਲਿਆ। ਇਸ ਘੋਲ ਦੌਰਾਨ ਉਹਨਾਂ ਮਹੀਨਿਆਂ-ਬੱਧੀ ਭੁੱਖ-ਹੜਤਾਲਾਂ ਕੀਤੀਆਂ, ਸਾਲਾਂ ਤੱਕ ਇਕੱਲਿਆਂ ਕੈਦ ਕੱਟੀ ਤੇ ਅਸਹਿ ਤਸੀਹੇ ਝੱਲੇ ਅਤੇ ਕਈਆਂ ਨੇ ਆਪਣੀ ਜਾਨ ਗੁਆਈ। ਗਦਰੀਆਂ 'ਚੋਂ ਹੀ ਕਈ ਯੋਧੇ ਕਮਿਊਨਿਸਟ ਆਦਰਸ਼ਾਂ ਵੱਲ ਖਿੱਚੇ ਗਏ। ਕਿਰਤੀ ਅਖ਼ਬਾਰ ਸ਼ੁਰੂ ਕਰਨ ਵਾਲ਼ਾ ਸੰਤੋਖ ਸਿੰਘ ਗਦਰੀਆਂ ਦਾ ਹੀ ਸਾਥੀ ਸੀ। ਉਮਰ ਕੈਦਾਂ ਕੱਟਣ ਤੋਂ ਬਾਅਦ ਵੀ ਘਰਾਂ 'ਚ ਟਿਕ ਕੇ ਨਹੀਂ ਬੈਠੇ, ਕਿਸਾਨ ਸਭਾਵਾਂ ਜਥੇਬੰਦ ਕਰਨ ਲੱਗੇ ਅਤੇ ਭਾਰਤ ਦੀ ਕਮਿਊਨਿਸਟ ਪਾਰਟੀ ਦੇ ਮੈਂਬਰ ਬਣ ਗਏ।

## ਗਦਰ ਪਾਰਟੀ ਦੀ ਇਤਿਹਾਸਕ ਭੂਮਿਕਾ

ਗਦਰ ਪਾਰਟੀ ਦੇ ਸਿਰਲੱਥਾਂ ਨੇ ਨਾ ਸਿਰਫ਼ ਕੁਰਬਾਨੀਆਂ ਅਤੇ ਆਪਾ-ਵਾਰਨ ਦੀਆਂ ਮਿਸਾਲੀ ਉਦਾਹਰਣਾਂ ਕਾਇਮ ਕੀਤੀਆਂ, ਇਸ ਤੋਂ ਜ਼ਿਆਦਾ ਉਹਨਾਂ ਨੇ ਭਾਰਤ ਦੀ ਜੰਗੇ-ਅਜ਼ਾਦੀ ਦੇ ਇਤਿਹਾਸ 'ਚ ਇੱਕ ਨਵਾਂ ਚਾਨਣ ਬਿਖੇਰਿਆ। 1857 ਦੇ ਗਦਰ ਤੋਂ ਬਾਅਦ ਹਿੰਦੁਸਤਾਨ ਗਦਰ ਪਾਰਟੀ ਪਹਿਲੀ ਦੇਸ਼-ਵਿਆਪੀ ਲਹਿਰ ਸੀ ਜਿਸਨੇ ਸਾਮਰਾਜੀ ਗੁਲਾਮੀ ਤੋਂ ਮੁਕੰਮਲ ਅਜ਼ਾਦੀ ਦਾ ਸੁਪਨਾ ਦੇਖਿਆ, ਜਿਸਨੇ ਰਾਵਲਪਿੰਡੀ ਤੇ ਮੁਲਤਾਨ ਤੋਂ ਲੈ ਕੇ ਢਾਕੇ ਤੱਕ ਵਿਆਪਕ ਬਗਾਵਤ ਲਈ ਤਾਣਾਬਾਣਾ ਬੁਣਿਆ। ਇਸਨੇ ਨਾ ਸਿਰਫ਼ ਪੂਰਣ ਅਜ਼ਾਦੀ ਦਾ ਸੁਪਨਾ ਦੇਖਿਆ, ਸਗੋਂ ਇਹ ਇੱਕ ਅਜਿਹੀ ਪਾਰਟੀ ਸੀ ਜਿਸ ਕੋਲ ਅਜ਼ਾਦੀ ਤੋਂ ਬਾਅਦ ਦੇਸ਼ ਦੀ ਉਸਾਰੀ ਲਈ ਬਾਕਾਇਦਾ ਪ੍ਰੋਗਰਾਮ ਸੀ ਜੋ ਕਿ ਇੱਕ ਜਮਹੂਰੀ ਗਣਤੰਤਰ ਉਸਾਰਨ ਦਾ ਪ੍ਰੋਗਰਾਮ ਸੀ। ਇਹ ਅਜਿਹੀ ਪਹਿਲੀ ਵਿਆਪਕ ਲਹਿਰ ਸੀ ਜਿਸਨੇ ਅਜ਼ਾਦੀ ਦੀ ਲੜਾਈ ਨੂੰ

ਕਾਂਗਰਸ ਤੋਂ ਅਲੱਗ ਰਾਹ ਦਿਖਾਇਆ, ਨਾਲ ਹੀ ਇਸਨੇ ਅਜ਼ਾਦੀ ਲਈ ਇਨਕਲਾਬੀ ਲੜਾਈ ਨੂੰ ਕਾਲਜਾਂ ਦੇ ਰੈਡੀਕਲ ਵਿਦਿਆਰਥੀ-ਨੌਜਵਾਨਾਂ ਤੇ ਇਨਕਲਾਬੀ ਬੁੱਧੀਜੀਵੀਆਂ ਦੇ ਤੰਗ ਘੇਰਿਆਂ 'ਚੋਂ ਬਾਹਰ ਕੱਢ ਕੇ ਇਸਨੂੰ ਮਜ਼ਦੂਰਾਂ ਤੇ ਕਿਸਾਨਾਂ 'ਚ ਪਣਪ ਰਹੀ ਅਜ਼ਾਦੀ ਦੀ ਚਿਣਗ ਦੀ ਬੁਨਿਆਦ 'ਤੇ ਟਿਕਾਇਆ। ਇਸ ਲਹਿਰ ਨੇ ਇਨਕਲਾਬੀ ਕੌਮੀ ਮੁਕਤੀ ਘੋਲ ਨੂੰ ਗੁਪਤ ਦਹਿਸ਼ਤਗਰਦ ਟੋਲੀਆਂ ਦੀ ਥਾਂ ਇੱਕ ਜਨਤਕ ਲਹਿਰ ਦਾ ਚੌਖਟਾ ਪ੍ਰਦਾਨ ਕੀਤਾ। ਇਸ ਲਹਿਰ ਨੇ ਪਹਿਲੀ ਵਾਰ ਭਾਰਤੀ ਫੌਜੀਆਂ ਨੂੰ ਦੇਸ਼ ਦੀ ਅਜ਼ਾਦੀ ਲਈ ਲੜਨ ਅਤੇ ਅੰਗਰੇਜ਼ਾਂ ਖਿਲਾਫ਼ ਬਗਾਵਤ ਕਰਨ ਲਈ ਤਿਆਰ ਕੀਤਾ ਅਤੇ ਅਜ਼ਾਦੀ ਦੀ ਲੜਾਈ ਨੂੰ ਅੰਗਰੇਜ਼ ਸਾਮਰਾਜੀਆਂ ਦੀਆਂ ਬੈਰਕਾਂ ਤੱਕ ਲੈ ਗਈ।

ਗਦਰ ਪਾਰਟੀ ਇਸ ਗੱਲੋਂ ਵੀ ਨਿਆਰੀ ਸੀ ਕਿ ਇਸਨੇ ਅਜਿਹੇ ਸਮੇਂ ਪੂਰਣ ਅਜ਼ਾਦੀ ਦਾ ਨਾਹਰਾ ਬੁਲੰਦ ਕਰਦੇ ਹੋਏ ਹਥਿਆਰਬੰਦ ਸੰਗਰਾਮ ਰਾਹੀਂ ਦੇਸ਼ ਨੂੰ ਗੁਲਾਮੀ ਦੀਆਂ ਬੇੜੀਆਂ ਤੋਂ ਮੁਕਤ ਕਰਨ ਦਾ ਬੀੜਾ ਚੁੱਕਿਆ ਜਦੋਂ ਦੇਸ਼ ਦੀਆਂ ਮੁੱਖ-ਧਾਰਾਈ ਪਾਰਟੀਆਂ ਤੇ ਜੱਥੇਬੰਦੀਆਂ ਜਿਵੇਂ ਕਾਂਗਰਸ ਆਦਿ ਪਹਿਲੀ ਸੰਸਾਰ ਜੰਗ 'ਚ ਅੰਗਰੇਜ਼ਾਂ ਦੀ ਮਦਦ ਲਈ ਭਾਰਤੀਆਂ ਨੂੰ ਪ੍ਰੇਰ ਰਹੇ ਸਨ ਅਤੇ ਇਸ "ਮਦਦ" ਬਦਲੇ ਉਹਨਾਂ ਨੂੰ ਅਜ਼ਾਦੀ ਦੀ "ਭੀਖ" ਮਿਲਣ ਦੇ ਸੁਪਨੇ ਦਿਖਾ ਕੇ ਭਾਰਤੀ ਅਵਾਮ ਨਾਲ ਧੋਖਾਧੜੀ ਕਰ ਰਹੇ ਸਨ। ਨਾ ਸਿਰਫ਼ ਇਹ ਸਿਆਸੀ ਪਾਰਟੀਆਂ ਹੀ, ਦੇਸ਼ ਦੀਆਂ ਧਾਰਮਿਕ ਜਥੇਬੰਦੀਆਂ ਅਤੇ ਧਰਮ ਅਸਥਾਨ ਅੰਗਰੇਜ਼ਾਂ ਦੀ "ਸਲਾਮਤੀ ਤੇ ਜਿੱਤ" ਲਈ ਅਰਦਾਸਾਂ ਕਰ ਰਹੇ ਸਨ, ਪਾਠ ਸੁੱਖ ਰਹੇ ਸਨ, ਟੱਲ ਖੜਕਾ ਰਹੇ ਸਨ ਅਤੇ ਲੋਕਾਂ ਨੂੰ ਰੱਬ ਦਾ ਨਾਂ ਲੈ ਕੇ ਸਾਮਰਾਜੀ ਰਾਖਸ਼ਾਂ ਦੀ ਚਾਕਰੀ ਕਰਨ ਲਈ ਇਕੱਠੇ ਕਰ ਰਹੇ ਸਨ ਅਤੇ ਦੇਸ਼ ਦੇ ਰਜਵਾੜੇ ਮੁਲਕ ਦੀ ਨੌਜਵਾਨੀ ਨੂੰ ਅੰਗਰੇਜ਼ਾਂ ਦੇ ਸਾਮਰਾਜੀ ਹਿੱਤਾਂ ਦੀ ਰੱਖਿਆ ਲਈ ਜੰਗ ਦੀ ਭੱਠੀ 'ਚ ਝੋਕਣ ਲਈ ਮੰਨ-ਮਨਾ ਕੇ ਤੇ ਧੱਕੇ ਨਾਲ ਫੌਜ 'ਚ ਭਰਤੀ ਕਰਨ ਲਈ ਪੂਰਾ ਟਿੱਲ ਲਾ ਰਹੇ ਸਨ। ਪੰਜਾਬ ਇਸ ਪੱਖੋਂ ਖਾਸ ਤੌਰ 'ਤੇ ਸਰਾਪਿਆ ਹੋਇਆ ਸੀ। ਪੰਜਾਬ ਅੰਗਰੇਜ਼ਾਂ ਲਈ ਫੌਜੀ ਭਰਤੀ ਦਾ ਵਿਸ਼ੇਸ਼ ਖਿੱਤਾ ਬਣਿਆ ਹੋਇਆ ਸੀ। ਅਜਿਹੇ ਸਮੇਂ ਗਦਰੀਆਂ ਨੇ ਪੰਜਾਬ ਦੇ ਲੋਕਾਂ 'ਚ ਅਜ਼ਾਦੀ ਦੀ ਅੱਗ ਭੜਕਾਈ, ਲੋਕਾਂ ਨੂੰ ਇੱਥੋਂ ਤੱਕ ਪ੍ਰਭਾਵਿਤ ਕੀਤਾ ਕਿ ਪਿੰਡ ਦਾ ਇੱਕ ਵੀ ਬੰਦਾ ਗਦਰੀਆਂ ਦੀ ਕੋਈ ਖਬਰ ਦੇਣ ਲਈ ਤਿਆਰ ਨਹੀਂ ਸੀ ਹੁੰਦਾ ਤੇ ਅੱਕ ਫਰੰਗੀਆਂ ਦੀ ਪੁਲਿਸ ਲੋਕਾਂ ਨੂੰ ਕੋਸਦੀ ਹੋਈ ਵਾਪਿਸ ਚਲੀ ਜਾਂਦੀ।

ਇਹ ਅਜ਼ਾਦੀ ਦੀ ਪਹਿਲੀ ਅਜਿਹੀ ਲਹਿਰ ਸੀ ਜਿਹੜੀ ਆਪਣੀ ਪ੍ਰੇਰਣਾ ਧਰਮਾਂ ਤੋਂ ਜਾਂ ਪਿਛਾਖੜੀ ਕੌਮਵਾਦ ਜਿਹੜਾ ਬੀਤੇ ਦੇ ਰੁਦਨ ਦੀ ਬੁਨਿਆਦ 'ਤੇ ਟਿਕਿਆ ਹੁੰਦਾ ਸੀ, ਤੋਂ ਨਹੀਂ ਲੈਂਦੀ ਸੀ। ਗਦਰੀਆਂ ਦੀ ਪ੍ਰੇਰਨਾ ਦਾ ਸ੍ਰੋਤ ਚੀਨ, ਤੁਰਕੀ, ਆਇਰਲੈਂਡ ਆਦਿ ਦੇਸ਼ਾਂ 'ਚ ਚਲ ਰਹੀਆਂ ਜਮਹੂਰੀ ਕੌਮੀ-ਮੁਕਤੀ ਦੀਆਂ ਲਹਿਰਾਂ ਸਨ ਅਤੇ ਉਹਨਾਂ ਦਾ ਅਜ਼ਾਦੀ ਤੋਂ ਬਾਅਦ ਦਾ ਭਾਰਤ ਕੋਈ ਵੈਦਿਕ ਆਦਰਸ਼ਾਂ ਦਾ ਭਾਰਤ ਨਹੀਂ, ਸਗੋਂ ਅਮਰੀਕੀ ਤਰਜ਼ ਦਾ ਜਮਹੂਰੀ ਮੁਲਕ ਸੀ। ਵਿਚਾਰਧਾਰਾ ਦੇ ਪੱਖ ਤੋਂ ਭਾਰਤੀ ਅਜ਼ਾਦੀ ਦੀ ਲੜਾਈ 'ਚ ਇਹ ਇੱਕ ਵੱਡੀ ਪੁਲਾਂਘ ਸੀ। ਨਾ ਸਿਰਫ਼ ਐਨਾ ਹੀ, ਗਦਰ ਪਾਰਟੀ ਭਾਰਤ ਦੀ ਇੱਕ ਅਜਿਹੀ ਪਾਰਟੀ ਸੀ ਜਿਸ ਨੇ ਆਪਣੇ ਸੰਵਿਧਾਨ 'ਚ ਧਰਮ-ਨਿਰਪੱਖਤਾ ਨੂੰ ਅੰਕਿਤ ਕੀਤਾ। ਗਦਰ ਪਾਰਟੀ ਨੇ ਧਰਮ ਨੂੰ ਇੱਕ ਨਿੱਜੀ ਮਸਲੇ ਤੱਕ ਸੀਮਤ ਕਰ ਦਿੱਤਾ ਅਤੇ ਜਿਸਦਾ ਹਰ ਮੈਂਬਰ ਕਿਸੇ ਵੀ ਧਰਮ ਨੂੰ ਮੰਨਣ ਜਾਂ ਨਾ ਮੰਨਣ ਤੇ ਇੱਥੋਂ ਤੱਕ ਧਰਮ ਤੋਂ ਉੱਕਾ ਹੀ ਇਨਕਾਰੀ ਹੋਣ ਲਈ ਅਜ਼ਾਦ ਸੀ। ਗਦਰ ਪਾਰਟੀ ਨੇ ਦੇਸ਼ 'ਚ ਹਿੰਦੂ-ਮੁਸਲਿਮ ਏਕਤਾ ਕਾਇਮ ਕਰਨ 'ਤੇ ਬਾਕਾਇਦਾ ਜ਼ੋਰ ਦਿੱਤਾ ਅਤੇ ਇਹਨਾਂ 'ਚ ਕਿਸੇ ਵਿੱਥ-ਪਾਊ ਕਾਰਵਾਈ ਕਰਨ ਵਾਲ਼ਿਆਂ ਦੀ ਨਿਖੇਧੀ ਕੀਤੀ ਤੇ ਉਹਨਾਂ ਨੂੰ ਫਰੰਗੀਆਂ ਦੇ ਝੋਲੀ-ਚੁੱਕ ਗਰਦਾਨਿਆ।

ਇਸ ਤੋਂ ਇਲਾਵਾ ਗਦਰ ਪਾਰਟੀ ਦੇਸ਼ ਦੀ ਪਹਿਲੀ ਅਜਿਹੀ ਜਥੇਬੰਦੀ ਸੀ ਜਿਸ ਨੇ ਅਖਬਾਰ ਨੂੰ ਇਨਕਲਾਬੀ ਲਹਿਰ ਜਥੇਬੰਦ ਕਰਨ ਲਈ ਇੰਨੇ ਵੱਡੇ ਪੱਧਰ 'ਤੇ ਇਸਤੇਮਾਲ ਕੀਤਾ। ਗਦਰ ਅਖਬਾਰ ਇੱਕੋ ਵੇਲੇ ਹਿੰਦੀ, ਉਰਦੂ, ਪੰਜਾਬੀ ਤੋਂ ਇਲਾਵਾ ਮਰਾਠੀ ਤੇ ਗੁਜਰਾਤੀ 'ਚ ਵੀ ਛਾਪਣਾ ਸ਼ੁਰੂ ਕੀਤਾ, ਇੱਥੋਂ ਤੱਕ ਕਿ ਇੱਕ ਅੰਕ ਤਾਂ ਪਸ਼ਤੋ ਵਿੱਚ ਵੀ ਛਾਪਿਆ। ਗਦਰ ਅਖਬਾਰ ਦੀ ਪਹੁੰਚ ਦਾ ਦਾਇਰਾ ਵੀ ਬਹੁਤ ਵਿਸ਼ਾਲ ਸੀ। ਅਮਰੀਕਾ-ਕੈਨੇਡਾ ਤੋਂ ਇਲਾਵਾ ਅਖਬਾਰ ਨੂੰ ਜਪਾਨੀ ਸ਼ਹਿਰਾਂ, ਸ਼ੰਘਾਈ, ਹਾਂਗਕਾਂਗ, ਮਲੇਸ਼ੀਆ, ਸਿੰਘਾਪੁਰ ਅਤੇ ਭਾਰਤ ਪਹੁੰਚਾਉਣ ਦਾ ਪ੍ਰਬੰਧ ਕੀਤਾ ਗਿਆ। ਗਦਰ ਪਾਰਟੀ ਦੀਆਂ ਇਕਾਈਆਂ ਖੜ੍ਹੀਆਂ ਕਰਨ ਵਿੱਚ ਗਦਰ ਅਖਬਾਰ ਦੀ ਅਹਿਮ ਭੂਮਿਕਾ ਰਹੀ।

## ਅੱਜ ਦਾ ਸਮਾਂ ਅਤੇ ਗਦਰੀਆਂ ਦੀ ਵਿਰਾਸਤ

ਮੌਜੂਦਾ ਦੌਰ ਭਾਰਤ ਦੇ ਬਹੁਗਿਣਤੀ ਲੋਕਾਂ ਨੂੰ ਤਬਾਹੀ-ਬਰਬਾਦੀ, ਭੁੱਖਮਰੀ, ਮਹਿੰਗਾਈ ਦੇ ਬੋਝ ਥੱਲੇ ਕੁਚਲ ਰਿਹਾ ਹੈ। ਦੂਜੇ ਪਾਸੇ ਬੇਰੁਜ਼ਗਾਰੀ, ਅਰਧ-ਬੇਰੁਜ਼ਗਾਰੀ ਤੇ ਪੱਕੇ ਰੁਜ਼ਗਾਰ ਦੇ ਘੱਟ ਰਹੇ ਮੌਕਿਆਂ ਕਾਰਨ ਉਹਨਾਂ ਦੀ ਜ਼ਿੰਦਗੀ ਨਿੱਤ ਦਿਨ ਵਧੇਰੇ ਤੋਂ ਵਧੇਰੇ ਔਖੀ ਕਰਦਾ ਜਾ ਰਿਹਾ ਹੈ। ਭਾਰਤ ਦੀ ਹਾਕਮ ਜਮਾਤ, ਦੇਸੀ ਸਰਮਾਏਦਾਰ ਜਮਾਤ ਸਾਮਰਾਜੀ ਸਰਮਾਏਦਾਰੀ ਦੀ 'ਜੂਨੀਅਰ ਪਾਰਟਨਰ' ਬਣ ਕੇ ਜਿੱਥੇ ਆਮ ਗਰੀਬ ਮਜ਼ਦੂਰਾਂ-ਕਿਸਾਨਾਂ ਤੇ ਮਧਵਰਗ ਨੂੰ ਦੋਹੇਂ ਹੱਥੀ ਲੁੱਟ ਤੇ ਲੁਟਾ ਰਹੀ ਹੈ, ਉੱਥੇ ਇਹ ਕਿਰਤੀ ਲੋਕਾਂ ਤੇ ਨੌਜਵਾਨਾਂ ਦੇ ਆਪਣੇ ਹੱਕਾਂ 'ਤੇ ਹਰ ਛੋਟੇ-ਵੱਡੇ ਸੰਘਰਸ਼ 'ਤੇ ਪੁਲਸੀਆ ਜ਼ਬਰ ਦਾ ਡੰਡਾ ਚਲਾ ਰਹੀ ਹੈ ਤੇ ਦੇਸ਼ ਦੀਆਂ ਧੀਆਂ ਦੀ ਇੱਜ਼ਤ ਸ਼ਰੇਆਮ ਰੋਲ ਰਹੀ ਹੈ। ਪੂਰੀ ਦੁਨੀਆਂ 'ਚ ਛਾਏ ਹੋਏ ਤੇ ਤਬਾਹੀ ਮਚਾ ਰਹੇ ਆਰਥਕ ਸੰਕਟ ਦਾ ਅਸਰ ਭਾਰਤ 'ਚ ਦਿਖਾਈ ਦੇਣ ਲੱਗਿਆ ਹੈ ਅਤੇ ਇਸਦੇ ਪੂਰੀ ਤਰ੍ਹਾਂ ਭਾਰਤ ਨੂੰ ਆਪਣੇ ਪੰਜਿਆਂ 'ਚ ਜਕੜ ਲੈਣ ਦੀ ਸੰਭਾਵਨਾ ਬਣੀ ਹੋਈ ਹੈ। ਸੰਕਟ ਦੀ ਆਮਦ ਤੋਂ ਡਰੀ ਹੋਈ ਭਾਰਤੀ ਹਾਕਮ ਜਮਾਤ "ਆਰਥਕ ਸੁਧਾਰਾਂ" ਦੀ ਰਫ਼ਤਾਰ ਨੂੰ ਰੋਜ਼ ਤੇਜ਼ ਕਰ ਰਹੀ ਹੈ ਜਿਸ ਨਾਲ਼ ਸਾਰੀਆਂ ਪਾਰਲੀਮਾਨੀ ਪਾਰਟੀਆਂ ਸਹਿਮਤ ਹਨ ਭਾਵੇਂ ਉਹਨਾਂ ਨੂੰ ਮੂੰਹ-ਦਿਖਾਵੇ ਲਈ ਇਸਦਾ ਵਿਰੋਧ ਕਰਨ ਦੀ ਗਲ ਪਈ ਰਸਮ ਵੀ ਨਿਭਾਉਣੀ ਪੈ ਰਹੀ ਹੈ। ਆਰਥਕ ਸੁਧਾਰ ਭਾਵੇਂ ਸਰਮਾਏਦਾਰਾਂ ਦਾ ਮੁਨਾਫ਼ਾ ਕੁਝ ਸਮੇਂ ਲਈ ਜ਼ਰੂਰ

ਵਧਾ ਦੇਣਗੇ ਜਾਂ ਬਣਾਈ ਰੱਖਣਗੇ ਪਰ ਆਮ ਲੋਕਾਂ ਦੀ ਤਬਾਹੀ-ਬਰਬਾਦੀ ਇਸ ਨਾਲ ਹੋਰ ਤੇਜ਼ ਹੋਵੇਗੀ। ਸਮਾਂ ਸਾਡੇ ਸਾਹਮਣੇ ਨਵੀਂ ਚੁਣੌਤੀਆਂ, ਨਵੇਂ ਸੰਘਰਸ਼ ਤੇ ਨਵੇਂ ਫਰਜ਼ ਪੇਸ਼ ਕਰ ਰਿਹਾ ਹੈ ਅਤੇ ਨਾਲ ਹੀ ਨਵੇਂ ਦਿਸਹੱਦੇ, ਨਵੀਆਂ ਸੰਭਾਵਨਾਵਾਂ ਅਤੇ ਫਿਰ ਤੋਂ ਮਨੁੱਖੀ ਅਜ਼ਾਦੀ ਦੇ ਸੁਪਨੇ ਵੇਖਣ ਦੀ ਜ਼ਮੀਨ ਪੈਦਾ ਕਰ ਰਿਹਾ ਹੈ। ਸੰਸਾਰ ਪੱਧਰ 'ਤੇ ਹੋ ਰਹੀ ਹਲਚਲ ਇਸਦੀ ਗਵਾਹੀ ਭਰ ਰਹੀ ਹੈ। ਮਿਸਰ, ਟੁਨੀਸ਼ੀਆ ਤੇ ਹੋਰ ਅਰਬ ਮੁਲਕਾਂ 'ਚ ਸਾਮਰਾਜ ਦੇ ਪਾਲਤੂ ਤਾਨਾਸ਼ਾਹਾਂ ਨੂੰ ਤਖਤਾਂ ਤੋਂ ਲਾਹੁਣ ਵਾਲ਼ੀਆਂ ਵੱਡੀਆਂ ਜਨਤਕ ਬਗਾਵਤਾਂ ਤੋਂ ਸ਼ੁਰੂ ਹੋਇਆ ਸਿਲਸਿਲਾ ਲਗਾਤਾਰ ਕਿਸੇ ਨਾ ਕਿਸੇ ਰੂਪ 'ਚ ਜ਼ਾਰੀ ਹੈ ਭਾਵੇਂ ਇਹ ਸਾਰੀਆਂ ਲਹਿਰਾਂ ਅਜੇ ਸਹੀ ਦਿਸ਼ਾ ਤੋਂ ਵਿਰਵੀਆਂ ਹਨ।

ਸਾਮਰਾਜਵਾਦ ਤੇ ਦੇਸੀ ਸਰਮਾਏਦਾਰੀ ਖਿਲਾਫ਼ ਸੰਘਰਸ਼ਾਂ 'ਚ ਭਾਰਤ ਦੇ ਕਿਰਤੀ ਲੋਕ ਆਪਣੀ ਵਿਰਾਸਤ 'ਚੋਂ ਪ੍ਰੇਰਨਾ ਹਾਸਿਲ ਕਰਨਗੇ। ਐਨ ਇਸੇ ਥਾਂ ਆ ਕੇ ਗਦਰੀਆਂ ਦੀ ਅੱਜ ਦੇ ਸਮੇਂ 'ਚ ਪ੍ਰਸੰਗਿਕਤਾ ਬਣਦੀ ਹੈ। ਗਦਰੀਆਂ ਦੀ ਜ਼ਬਰ ਖਿਲਾਫ਼ ਲੜਨ ਤੇ ਲੋਕਾਈ ਦੀ ਮੁਕਤੀ ਲਈ ਆਪਣਾ ਸਭ ਕੁਝ ਲਗਾ ਦੇਣ ਦੀ ਭਾਵਨਾ ਲੋਕਾਂ 'ਚ ਸਾਮਰਾਜੀ-ਦੇਸੀ ਸਰਮਾਏਦਾਰੀ ਲੁੱਟ ਖਿਲਾਫ਼ ਲੜਨ ਤੇ ਮੁਕਤੀ ਹਾਸਿਲ ਕਰਨ ਦੀ ਭਾਵਨਾ ਦਾ ਸੰਚਾਰ ਕਰਦੀ ਹੈ। ਗਦਰੀ ਸਾਨੂੰ ਦਸਦੇ ਹਨ ਕਿ ਇਸ ਘੋਲ 'ਚ ਕੁੱਦ ਪੈਣ ਲਈ ਕੋਈ ਉਮਰ ਸੀਮਾ ਨਹੀਂ, 15-15 ਸਾਲ ਦੇ ਨੌਜਵਾਨੀ ਵੱਲ ਵਧ ਰਹੇ ਜਾਂਬਾਜਾਂ ਤੋਂ ਲੈ ਕੇ 60 ਸਾਲ ਦੀ ਉਮਰ ਵਾਲੇ ਬਾਬਾ ਭਾਨ ਸਿੰਘ ਜਿਹੇ ਯੋਧੇ ਗਦਰ ਪਾਰਟੀ ਦੇ ਮੈਂਬਰ ਸਨ। ਅੰਡੇਮਾਨ ਦੀਆਂ ਜੇਲ੍ਹਾਂ 'ਚ ਬਾਬਾ ਭਾਨ ਸਿੰਘ ਭੁੱਖ-ਹੜਤਾਲ ਕਰਨ ਵਾਲ਼ਿਆਂ 'ਚ ਮੋਹਰੀ ਸਨ। ਜਦੋਂ ਭਗਤ ਸਿੰਘ ਹੁਰਾਂ ਜੇਲ੍ਹ 'ਚ ਭੁੱਖ ਹੜਤਾਲ ਕੀਤੀ ਤਾਂ ਬਾਬਾ ਸੋਹਣ ਸਿੰਘ ਭਕਨਾ ਉਹਨਾਂ ਨਾਲ ਡਟਿਆ। ਗਦਰੀਆਂ ਨੇ ਆਪਣੀ ਜ਼ਿੰਦਗੀ ਨੂੰ ਆਖਰੀ ਸਾਹਾਂ ਤੱਕ ਲੁੱਟ ਖਿਲਾਫ਼ ਲੋਕਾਈ ਦੇ ਘੋਲ ਦਾ ਹਿੱਸਾ ਬਣਾ ਕੇ ਜੀਵਿਆ। 20-25 ਸਾਲਾਂ ਦੀਆਂ ਦੋਜ਼ਖੀ ਕੈਦਾਂ ਕੱਟਣ ਤੋਂ ਬਾਅਦ ਵੀ ਉਹਨਾਂ ਨੇ ਸੰਘਰਸ਼ਾਂ 'ਚ ਕੁੱਦ ਪੈਣ ਲਈ ਇੱਕ ਪਲ ਆਰਾਮ ਨਹੀਂ ਕੀਤਾ। ਉਹਨਾਂ ਨੇ ਆਪਣੀ ਕਮਾਈ ਦਾ ਇੱਕ-ਇੱਕ ਪੈਸਾ ਪਾਰਟੀ ਨੂੰ ਸੌਂਪ ਦਿੱਤਾ। ਉਹਨਾਂ ਨੇ ਵਿਦੇਸ਼ਾਂ ਵਿੱਚ ਰਹਿੰਦੇ ਹੋਏ ਵੀ ਆਪਣੇ ਦਿਲਾਂ 'ਚ ਆਪਣੇ ਦੇਸ਼ ਦੀ ਮੁਕਤੀ ਲਈ ਚਿਣਗ ਜਗਾਈ ਤੇ ਜਦੋਂ ਸਮਾਂ ਆਣ ਪਹੁੰਚਿਆ ਤਾਂ ਬਿਨਾਂ ਇੱਕ ਪਲ ਦੀ ਦੇਰੀ ਕੀਤੇ ਪਾਰਟੀ ਦੇ ਇੱਕੋ ਹੋਕੇ 'ਤੇ ਵਿਦੇਸ਼ੀ ਧਰਤੀ ਨੂੰ ਸਲਾਮ ਆਖ ਕੇ ਵਤਨ ਨੂੰ ਚਾਲੇ ਪਾ ਦਿੱਤੇ। ਇਹ ਹੈ ਗਦਰੀਆਂ ਦਾ ਜੀਵਨ-ਢੰਗ ਅਤੇ ਕਿਰਤੀ ਲੋਕਾਂ ਲਈ ਦਿਲ 'ਚ ਦਰਦ ਰੱਖਣ ਤੇ ਲੁੱਟ, ਗੁਲਾਮੀ ਖਿਲਾਫ਼ ਲੜਨ ਵਾਲ਼ਿਆਂ ਦਾ ਜੀਵਨ-ਢੰਗ ਇਹੀ ਹੋ ਸਕਦਾ ਸੀ ਅਤੇ ਅੱਜ ਵੀ ਇਹੀ ਹੋ ਸਕਦਾ ਹੈ। ਹੋਰ ਕਿਸੇ ਵੀ ਤਰ੍ਹਾਂ ਜੀਣਾ ਲੋਟੂਆਂ, ਸਰਮਾਏਦਾਰਾਂ ਦੀ ਸੇਵਾ ਕਰਨਾ ਹੋਵੇਗਾ ਭਾਵੇਂ ਕੋਈ ਕਿੰਨੇ ਵੀ ਉੱਚੇ ਆਦਰਸ਼ਾਂ ਦੀ ਕਿੰਨੇ ਵੀ ਸੋਹਣੇ-ਚੋਪੜੇ ਘਿਓ-ਲਿੱਬੜੇ ਸ਼ਬਦਾਂ 'ਚ ਲੱਫਾਜ਼ੀ ਕਰੇ। ਗਦਰੀਆਂ ਦੀ ਜ਼ਿੰਦਗੀ ਵੱਡੇ ਸੁਪਨੇ ਲੈਣ ਲਈ ਪ੍ਰੇਰਦੀ ਹੈ ਅਤੇ ਸੰਦੇਸ਼ ਦਿੰਦੀ ਹੈ ਕਿ ਲੁੱਟ ਖਿਲਾਫ਼ ਸੰਘਰਸ਼ ਲਈ ਨਿੱਜਤਾ ਨੂੰ ਤਿਆਗ ਕੇ ਸਮੂਹਕ ਹਿੱਤਾਂ ਨੂੰ ਪਹਿਲ ਦੇਣੀ, ਆਪਣੇ ਮਹਿਲ ਖੜੇ ਕਰਨ ਦੀ ਥਾਂ ਲੋਟੂਆਂ ਦੇ ਕਿਲਿਆਂ ਨੂੰ ਢਹਿਢੇਰੀ ਕਰਨ ਲਈ ਅੱਗੇ ਵਧਣਾ ਹੀ ਇੱਕ ਸੱਚੀ ਇਨਸਾਨੀ ਜ਼ਿੰਦਗੀ ਹੋ ਸਕਦੀ ਹੈ।

ਦੂਜੀ ਗੱਲ, ਅਸੀਂ ਗਦਰੀਆਂ ਦੀ ਸਿਆਸੀ ਸਮਝ ਤੋਂ ਕੀ ਲੈ ਸਕਦੇ ਹਾਂ ? ਬੇਸ਼ੱਕ ਗਦਰੀਆਂ ਦਾ ਸਿਆਸੀ ਪ੍ਰੋਗਰਾਮ ਆਪਣੇ ਸਮੇਂ ਅਗਾਂਹ ਵੱਲ ਇੱਕ ਵੱਡਾ ਕਦਮ ਸੀ ਪਰੰਤੂ ਅੱਜ ਦੇ ਸਮੇਂ 'ਚ ਅਸੀਂ ਇਸ ਨੂੰ ਸਮੁੱਚਤਾ 'ਚ ਨਹੀਂ ਲੈ ਸਕਦੇ। ਅੱਜ ਦਾ ਸਮਾਂ ਸਰਮਾਏਦਾਰੀ ਖਿਲਾਫ਼ ਘੋਲ ਵਿੱਚ ਸਮਾਜਵਾਦੀ ਪ੍ਰੋਗਰਾਮ ਅੱਗੇ ਰੱਖ ਕੇ ਚੱਲਣ ਅਤੇ ਇਸ ਆਸ਼ੇ ਲਈ ਲੋਕਾਂ ਨੂੰ ਸਿੱਖਿਅਤ ਕਰਨ ਅਤੇ ਲਾਮਬੰਦ ਕਰਨ ਦਾ ਸਮਾਂ ਹੈ। ਉਹਨਾਂ ਦਾ ਸਿਆਸੀ ਪ੍ਰੋਗਰਾਮ ਬੁਰਜੂਆ ਜਮਹੂਰੀਅਤ 'ਤੇ ਅਧਾਰਤ ਗਣਤੰਤਰ ਸਥਾਪਤ ਕਰਨ ਦਾ ਸੀ। ਉਹਨਾਂ ਦੇ ਸਮੇਂ ਇਹ ਇਤਿਹਾਸਕ ਸੀਮਤਾਈ ਸੀ, ਪਰ ਇੱਕ ਸਦੀ ਦਾ ਸਮਾਂ ਭਾਰਤ ਨੂੰ ਇਸ ਪੜਾਅ ਤੋਂ ਅੱਗੇ ਲੈ ਜਾ ਚੁੱਕਾ ਹੈ। ਇਸ ਮਾਮਲੇ 'ਚ ਸਾਨੂੰ ਗਦਰੀਆਂ ਤੋਂ ਇੱਕ ਕਦਮ ਅੱਗੇ ਹੋਣਾ ਪਵੇਗਾ, ਪਰ ਅਜਿਹਾ ਵੀ ਨਹੀਂ ਹੈ ਕਿ ਉਹਨਾਂ ਦਾ ਸਿਆਸੀ ਪ੍ਰੋਗਰਾਮ ਸਾਡੇ ਲਈ ਪੂਰੀ ਤਰ੍ਹਾਂ ਅਪ੍ਰਸੰਗਿਕ ਹੋ ਗਿਆ ਹੈ। ਭਾਰਤ ਦੇ ਬਿਮਾਰ ਸਰਮਾਏਦਾਰਾ ਵਿਕਾਸ ਕਾਰਨ ਇੱਥੇ ਧਰਮਾਂ, ਜਾਤਾਂ ਅਤੇ ਹੋਰ ਜਗੀਰੂ ਕਦਰਾਂ-ਕੀਮਤਾਂ ਦਾ ਵਿਆਪਕ ਪ੍ਰਭਾਵ ਬਣਿਆ ਹੋਇਆ ਹੈ ਅਤੇ ਭਾਰਤੀ ਸਰਮਾਏਦਾਰੀ ਇਸ ਨੂੰ ਬੜੀ ਚਲਾਕੀ ਨਾਲ਼ ਆਪਣੇ ਹਿੱਤ ਸਾਧਣ ਲਈ ਵਰਤ ਰਹੀ ਹੈ। ਧਰਮਾਂ, ਜਾਤਾਂ ਤੇ ਬਾਕੀ ਜਗੀਰੂ ਕਦਰਾਂ-ਕੀਮਤਾਂ ਖਿਲਾਫ਼ ਸੰਘਰਸ਼ ਕਰੇ ਬਿਨਾਂ ਅਸੀਂ ਭਾਰਤੀ ਲੋਕਾਂ ਨੂੰ ਸਮਾਜਵਾਦ ਲਈ ਸੰਘਰਸ਼ ਵਾਸਤੇ ਇੱਕਮੁੱਠ ਨਹੀਂ ਕਰ ਸਕਦੇ। ਇੱਥੇ ਗਦਰੀ ਸਾਡੀ ਅਗਵਾਈ ਕਰਦੇ ਹਨ। ਉਹਨਾਂ ਨੇ ਧਰਮ ਨੂੰ ਹਰ ਇੱਕ ਦਾ ਨਿੱਜੀ ਮਸਲਾ ਬਣਾਇਆ ਅਤੇ ਧਰਮ ਨੂੰ ਆਪਣੇ ਸਾਂਝੇ ਮਕਸਦ ਦੇ ਰਾਹ 'ਚ ਕਦੇ ਵੀ ਰੋੜਾ ਨਹੀਂ ਬਣਨ ਦਿੱਤਾ। ਇਹ ਗੱਲ ਉਹਨਾਂ ਬਾਕਾਇਦਾ ਪਾਰਟੀ ਦੇ ਸੰਵਿਧਾਨ 'ਚ ਦਰਜ ਕੀਤੀ। ਇਸੇ ਤਰ੍ਹਾਂ ਜਾਤ-ਪਾਤ ਖਿਲਾਫ਼ ਘੋਲ ਕਰਨ ਪ੍ਰਤੀ ਉਹ ਪੂਰੀ ਤਰ੍ਹਾਂ ਸੁਚੇਤ ਸਨ, ਉਹਨਾਂ ਨੇ ਜਾਤ-ਪਾਤ ਖਿਲਾਫ਼ ਲਗਾਤਾਰ ਆਪਣੇ ਅਖਬਾਰ ਗਦਰ 'ਚ ਪ੍ਰਚਾਰ ਕੀਤਾ। ਉਹਨਾਂ ਨੇ ਆਪਣੇ-ਆਪ ਨੂੰ ਕਦੇ ਵੀ ਇਲਾਕਾਵਾਦ ਦੀਆਂ ਤੰਗ ਵਲਗਣਾਂ 'ਚ ਕੈਦ ਨਹੀਂ ਰੱਖਿਆ। ਭਾਵੇਂ ਗਦਰ ਪਾਰਟੀ 'ਚ ਜ਼ਿਆਦਾ ਗਿਣਤੀ ਪੰਜਾਬੀਆਂ ਦੀ ਸੀ, ਪਰ ਉਹਨਾਂ ਕਦੇ ਵੀ ਆਪਣੇ ਉਦੇਸ਼ਾਂ ਨੂੰ ਪੰਜਾਬ ਤੱਕ ਨਹੀਂ ਸੁੰਗੇੜਿਆ। ਉਹਨਾਂ ਨੇ ਸਮੁੱਚੇ ਭਾਰਤ ਨੂੰ ਅਜ਼ਾਦ ਕਰਵਾਉਣ ਲਈ ਪ੍ਰੋਗਰਾਮ ਉਲੀਕਿਆ। ਉਹਨਾਂ ਨੇ ਕਦੇ ਵੀ ਸਰਕਾਰੀ ਫਰਜ਼-ਪੂਰਤੀ ਨੂੰ ਬਹਾਦਰੀ ਦਾ ਪੈਮਾਨਾ ਨਹੀਂ ਬਣਾਇਆ, ਅਨੇਕਾਂ ਫੌਜੀਆਂ ਨੇ ਜਿਹਨਾਂ ਨੇ ਅੰਗਰੇਜ਼ਾਂ ਦੀ ਫੌਜੀ ਨੌਕਰੀ ਕਰਕੇ ਮੈਡਲ ਤੇ ਪ੍ਰਸੰਸਾ ਪੱਤਰ ਹਾਸਲ ਕੀਤੇ ਸਨ, ਇਹ ਮੈਡਲ ਤੇ ਪੱਤਰ ਅੱਗ ਲਾ ਕੇ ਸਾੜ ਦਿੱਤੇ ਅਤੇ ਲੁੱਟ, ਗੁਲਾਮੀ ਖਿਲਾਫ਼ ਘੋਲ ਲਈ ਗਦਰੀਆਂ 'ਚ ਸ਼ਾਮਿਲ ਹੋ ਗਏ। ਉਹਨਾਂ ਨੇ ਲੁਟੀਂਦੇ ਲੋਕ ਭਾਵੇਂ ਉਹ ਕਿਸੇ ਵੀ ਦੇਸ਼ ਦੇ ਹੋਣ, ਨੂੰ ਆਪਣੇ ਭਰਾ ਸਮਝਣ ਦਾ ਪ੍ਰਚਾਰ ਕੀਤਾ ਤੇ ਦੂਜਿਆਂ ਦੇਸ਼ਾਂ ਦੇ ਆਮ ਲੋਕਾਂ ਨੂੰ ਲੁੱਟਣ ਲਈ ਲੜਨ

ਬੰਦੂਕ ਦਾ ਮੂੰਹ ਆਪਣੇ ਹਾਕਮਾਂ ਵੱਲ ਕਰਨ ਦਾ ਹੋਕਾ ਦਿੱਤਾ। ਭਾਰਤੀ ਫੌਜੀਆਂ ਨੂੰ ਹਾਕਮਾਂ ਦੇ ਹਿਤਾਂ ਲਈ ਲੜਾਈ ਲੜਨ ਦੀ ਥਾਂ ਆਪਣੇ ਲੋਕਾਂ ਦੇ, ਕਿਰਤੀ ਲੋਕਾਂ ਦੇ ਹੱਕਾਂ ਲਈ ਲੜਨ ਅਤੇ ਗੁਲਾਮੀ ਖਿਲਾਫ਼ ਬਗਾਵਤ ਲਈ ਤਿਆਰ ਕੀਤਾ। ਇਸ ਤਰ੍ਹਾਂ ਗਦਰ ਪਾਰਟੀ ਦਾ ਇਤਿਹਾਸ ਕਿਰਤੀ ਲੋਕਾਂ ਦੇ ਸੰਘਰਸ਼ਾਂ ਨੂੰ ਧਰਮ, ਜਾਤ, ਇਲਾਕੇ, ਦੇਸ਼ ਦੇ ਨਾਂ 'ਤੇ ਵੰਡਣ ਵਾਲਿਆਂ ਅਤੇ ਲੋਟੂਆਂ ਦੀ ਸੇਵਾ-ਨੌਕਰੀ ਤੇ ਤਨਖਾਹ ਲੈ ਕੇ ਚਾਕਰੀ ਕਰਨ ਨੂੰ ਵੀ ਫਰਜ਼ ਬਣਾਉਣ ਵਾਲਿਆਂ ਦੇ ਮੂੰਹ 'ਤੇ ਚਪੇੜ ਹੈ। ਬਿਲਕੁਲ ਇਹਨਾਂ ਨੁਕਤਿਆਂ 'ਤੇ ਗਦਰੀ ਸਾਡੇ ਆਦਰਸ਼ ਬਣਦੇ ਹਨ, ਸਾਡੀ ਰਹਿਨੁਮਾਈ ਕਰਦੇ ਹਨ।

ਗਦਰੀਆਂ ਨੂੰ ਯਾਦ ਕਰਨ ਦਾ ਸੱਚਾ ਢੰਗ ਇਹੀ ਹੋਵੇਗਾ ਕਿ ਅਸੀਂ ਉਹਨਾਂ ਦੀ ਜੀਵਨ-ਜਾਚ ਨੂੰ ਆਪਣੀ ਜੀਵਨ-ਜਾਚ ਵਿੱਚ ਢਾਲੀਏ ਅਤੇ ਉਹਨਾਂ ਦੀ ਸਿਆਸੀ ਸੂਝ ਨੂੰ ਅੱਜ ਦੀਆਂ ਹਾਲਤਾਂ ਅਨੁਸਾਰ ਸਮਝੀਏ ਤੇ ਸਾਮਰਾਜੀ-ਦੇਸੀ ਸਰਮਾਏਦਾਰੀ ਖਿਲਾਫ਼ ਆਪਣੇ ਸੰਘਰਸ਼ਾਂ ਦਾ ਰਾਹ-ਦਰਸਾਵਾ ਬਣਾਈਏ, ਅਤੇ ਨਾਲ ਹੀ ਉਹਨਾਂ ਦੇ ਕੁਰਬਾਨੀਆਂ ਤੇ ਬਹਾਦਰੀ ਭਰੇ ਜੀਵਨ ਨੂੰ ਤੇ ਉਹਨਾਂ ਦੇ ਆਦਰਸ਼ਾਂ ਨੂੰ ਆਮ ਕਿਰਤੀ ਲੋਕਾਂ 'ਚ ਤੇ ਨੌਜਵਾਨਾਂ 'ਚ ਲੈ ਕੇ ਜਾਈਏ। ਉਹਨਾਂ ਦੀ ਵਿਰਾਸਤ ਸਮੁੱਚੇ ਕਿਰਤੀ ਲੋਕਾਂ ਦੀ ਵਿਰਾਸਤ ਬਣਾਈਏ। ਅੰਤ 'ਚ ਕਵਿੱਤਰੀ ਕਾਤਿਆਇਨੀ ਦੀਆਂ ਇਹ ਸਤਰਾਂ—

*ਕੀ ਹੈ ਨੇ ਕੁਝ ਨੌਜਵਾਨ ਇਨਸਾਨੀਅਤ ਦੀ ਰੂਹ ਵਿੱਚ ਹਰਕਤ ਪੈਦਾ ਕਰਨ ਲਈ*
*ਕੁਝ ਵੀ ਕਰ ਗੁਜ਼ਰਨ ਨੂੰ ਤਿਆਰ ? - ਪੁੱਛਿਆ ਹੈ ਭਗਤ ਸਿੰਘ ਨੇ।*
*ਗਦਰੀ ਬਾਬਿਆਂ ਨੇ ਰੋਟੀ ਦੇ ਟੁਕੜੇ 'ਤੇ ਲਹੂ ਨਾਲ਼*
*ਲਿਖ ਕੇ ਭੇਜਿਆ ਹੈ ਸੰਦੇਸ਼।*


**ਨਵੇਂ ਸਮਾਜਵਾਦੀ ਇਨਕਲਾਬ ਦਾ ਬੁਲਾਰਾ**

# ਪ੍ਰਤੀਬੱਧ

**ਬੁਲੇਟਿਨ-17 'ਚ ਪ੍ਰਕਾਸ਼ਿਤ ਸਮੱਗਰੀ**

- ਸੰਕਟਗ੍ਰਸਤ ਸੰਸਾਰ ਸਰਮਾਏਦਾਰੀ ਢਾਂਚਾ ਅਤੇ ਇਸ ਦੇ ਬਦਲ ਦੀਆਂ ਚੁਣੌਤੀਆਂ, ਸਮੱਸਿਆਵਾਂ ਅਤੇ ਸੰਭਾਵਨਾਵਾਂ
- ਭਾਰਤ ਵਿੱਚ ਨਵਉਦਾਰਵਾਦ ਦੇ ਦੋ ਦਹਾਕੇ - ਸੁਖਵਿੰਦਰ
- ਭਾਰਤ ਵਿੱਚ ਸਰਮਾਏਦਾਰਾਨਾ ਖੇਤੀ ਦਾ ਵਿਕਾਸ ਅਤੇ ਅਰਧ-ਜਗੀਰੂ ਸਿਧਾਂਤ ਦੇ ਤਰਕਦੋਸ਼ ਦੀਆਂ ਬੌਧਿਕ ਬੁਨਿਆਦਾਂ - ਅਭਿਨਵ
- ਪਾਰਟੀ - ਜਾਰਜ ਥਾਮਸਨ
- ਤਾਚਾਈ ਦੀ ਕਹਾਣੀ - ਚਿਆ ਵੇਨ-ਲਿਗ
- ਸਤਾਲਿਨ ਅਤੇ ਵਿਗਿਆਨ ਦੀ ਹਿਫ਼ਾਜ਼ਤ
- ਸੁਹਜ ਸ਼ਾਸਤਰ ਬਾਰੇ ਮਾਰਕਸ ਤੇ ਏਂਗਲਜ਼ ਦੇ ਵਿਚਾਰ - ਜਾਰਜ ਲੁਕਾਚ
- ਪੁਸਤਕ ਜਾਣ-ਪਛਾਣ 'ਕੀ ਕਰਨਾ ਲੋੜੀਏ ?' - ਪਯੋਤਰ ਨਿਕਾਲਾਯੇਵ
- ਇਤਿਹਾਸਕ ਵਿਕਾਸ ਦਾ ਅਸਮਾਨ ਚ੍ਰਿਤਰ ਅਤੇ ਕਲਾ ਸਬੰਧੀ ਪ੍ਰਸ਼ਨ - ਕਾਰਲ ਮਾਰਕਸ

**'ਪ੍ਰਤੀਬੱਧ' ਪ੍ਰਾਪਤ ਕਰਨ ਲਈ ਸੰਪਰਕ ਕਰੋ —**

**ਅਵਤਾਰ ਸਿੰਘ, ਪਿੰਡ ਅਤੇ ਡਾਕਘਰ - ਰਾਏਖਾਨਾ, ਤਹਿ: ਤਲਵੰਡੀ ਸਾਬੋ, ਜ਼ਿਲ੍ਹਾ-ਬਠਿੰਡਾ। ਫੋਨ ਨੰਬਰ- 98155-87807**


ਇਨਸਾਨ ਦੀ ਸਭ ਤੋਂ ਵੱਡੀ ਦੌਲਤ ਉਸ ਦੀ ਜ਼ਿੰਦਗੀ ਹੁੰਦੀ ਹੈ ਅਤੇ ਜੀਣ ਲਈ ਇਨਸਾਨ ਨੂੰ ਬਸ ਇੱਕ ਹੀ ਜ਼ਿੰਦਗੀ ਮਿਲ਼ਦੀ ਹੈ। ਉਸ ਨੂੰ ਇਸ ਤਰ੍ਹਾਂ ਆਪਣੀ ਜ਼ਿੰਦਗੀ ਜਿਉਣੀ ਚਾਹੀਦੀ ਹੈ ਕਿ ਉਸ ਨੂੰ ਮਨੋ-ਮਨੀਂ ਇਸ ਦੁੱਖ ਦੀ ਤਕਲੀਫ ਨੂੰ ਸਹਿਣਾ ਨਾ ਪਵੇ ਕਿ ਉਸ ਨੇ ਆਪਣੀ ਜ਼ਿੰਦਗੀ ਦੇ ਸਾਲ ਇੰਝ ਹੀ ਗੁਜਾਰ ਦਿੱਤੇ ਹਨ, ਤਾਂ ਜੋ ਉਸ ਨੂੰ ਇਸ ਜ਼ਿਲੱਤ ਦੀ ਅੱਗ 'ਚ ਨਾ ਸੜਨਾ ਪਵੇ ਕਿ ਉਸ ਦਾ ਗੁਜਰਿਆ ਸਮਾਂ ਘਟੀਆ ਤੇ ਭੱਦਾ ਸੀ। ਉਸ ਨੂੰ ਇਸ ਤਰ੍ਹਾਂ ਜੀਣਾ ਚਾਹੀਦਾ ਹੈ ਕਿ ਮਰਦੇ ਸਮੇਂ ਇਹ ਕਹਿ ਸਕੇ ਕਿ ਮੈਂ ਆਪਣੀ ਸਾਰੀ ਜ਼ਿੰਦਗੀ, ਆਪਣੀ ਸਾਰੀ ਤਾਕਤ ਸੰਸਾਰ ਦੇ ਉਸ ਪਵਿੱਤਰ ਕਾਰਜ, ਮਨੁੱਖਤਾ ਦੀ ਅਜ਼ਾਦੀ ਦੀ ਲੜਾਈ ਵਿੱਚ ਲਾਈ ਹੈ। ਇਨਸਾਨ ਨੂੰ ਆਪਣੀ ਜ਼ਿੰਦਗੀ ਦੀ ਹਰ ਪਲ ਦੀ ਵਰਤੋਂ ਕਰਨੀ ਚਾਹੀਦੀ ਹੈ, ਕੌਣ ਜਾਣੇ ਕਦੋਂ ਕੋਈ ਅਚਾਨਕ ਬਿਮਾਰੀ ਜਾਂ ਬੇਰਹਿਮ ਦੁਰਘਟਨਾ ਹੀ ਉਸ ਦੀ ਜ਼ਿੰਦਗੀ ਦਾ ਰਾਹ ਕੱਟ ਦੇਵੇ।

**• ਨਿਕੋਲਾਈ ਓਸਤਰੋਵਸਕੀ**

# ਵਧਦੀ ਅਬਾਦੀ ਦਾ ''ਸੰਕਟ'' ਤੇ ਬੌਧਿਕ ਕੰਗਾਲੀ ਦਾ ''ਬੂਮ''

• **ਡਾ. ਅੰਮ੍ਰਿਤ**

ਵਧਦੀ ਅਬਾਦੀ ਨੂੰ ਇੱਕ ਮਹਾਂ-ਸਮੱਸਿਆ ਬਣਾ ਕੇ ਪੇਸ਼ ਕਰਨ ਅਤੇ ਮੌਜੂਦਾ ਦੌਰ 'ਚ ਸਾਹਮਣੇ ਆ ਰਹੇ ਸਮਾਜਿਕ-ਆਰਥਿਕ ਸੰਕਟਾਂ ਦੇ ਇੱਕ ਮੁੱਖ ਕਾਰਕ ਵਜੋਂ ਅਬਾਦੀ ਦੇ 'ਸੰਕਟ' ਨੂੰ ਜਿੰਮੇਵਾਰ ਠਹਿਰਾਉਣ ਦੀ 'ਮਿਹਨਤ' ਸਰਮਾਏਦਾਰੀ ਦੇ ਟੁੱਕੜ-ਬੋਚ ਵਿਦਵਾਨ ਲਗਾਤਾਰ ਕਰਦੇ ਆਏ ਹਨ ਤਾਂ ਕਿ ਆਮ ਕਿਰਤੀ ਲੋਕਾਂ ਦੀ ਬਦਹਾਲੀ ਦੇ ਅਸਲ ਕਾਰਨਾਂ ਭਾਵ ਸਰਮਾਏਦਾਰਾ ਲੁੱਟ 'ਤੇ ਪਰਦਾ ਪਾਇਆ ਜਾ ਸਕੇ। ਸਰਕਾਰੀ ਭੌਂਪੂ ਦੂਰਦਰਸ਼ਨ ਬੜੇ ਚਿਰਾਂ ਤੋਂ ਕੀੜਿਆਂ ਦਾ ਭੌਣ ਦਿਖਾ-ਦਿਖਾ ਕੇ ਇਸ ਸੰਬੰਧੀ ਆਮ ਲੋਕਾਂ ਨੂੰ ਡਰਾਉਂਦਾ ਰਿਹਾ ਹੈ। ਪਿਛਲੇ ਦੋ ਕੁ ਸਾਲਾਂ 'ਚ ਇਸਦਾ **ਪੰਜਾਬੀ ਦੇ ਉੱਘੇ ਸਾਹਿਤਕਾਰ ਨਾਵਲਕਾਰ ਗੁਰਦਿਆਲ ਸਿੰਘ ਹੁਰਾਂ** 'ਤੇ ਖਾਸਾ ਅਸਰ ਹੋ ਗਿਆ ਹੈ ਅਤੇ ਉਹਨਾਂ ਨੇ ਪੰਜਾਬੀ ਟ੍ਰਿਬਿਊਨ 'ਚ ਛਪਣ ਵਾਲੇ ਆਪਣੇ ਲੇਖਾਂ ਦਾ ਮੁੱਖ ਵਿਸ਼ਾ **'ਵਧਦੀ ਅਬਾਦੀ ਦਾ ਸੰਕਟ'** ਬਣਾ ਰੱਖਿਆ ਹੈ। ਇਹਨਾਂ ਲੇਖਾਂ 'ਚ ਤਰਕ ਕਿੰਨਾ ਕੁ ਹੈ ਤੇ ਬੌਧਿਕ ਕੰਗਾਲੀ ਕਿੰਨੀ ਕੁ ਹੈ, ਇਸ ਬਾਰੇ ਅਸੀਂ ਇਸ ਲੇਖ 'ਚ ਚਰਚਾ ਕਰਾਂਗੇ। ਗੁਰਦਿਆਲ ਸਿੰਘ ਹੁਰਾਂ ਤੋਂ ਇਲਾਵਾ 'ਕੀੜਿਆਂ ਦੇ ਭੌਣ' ਵਾਲੇ ਦ੍ਰਿਸ਼ ਨੇ ਜੀਵ ਵਿਗਿਆਨ ਦੇ ਪ੍ਰੋਫੈਸਰ ਰਹੇ **ਸ਼੍ਰੀ ਸੁਰਜੀਤ ਸਿੰਘ ਢਿੱਲੋਂ** (ਜਿਹਨਾਂ ਦੇ ਲੇਖ ਪੜ੍ਹ ਕੇ ਅਕਸਰ ਇਹ ਸਮਝ ਨਹੀਂ ਆਉਂਦਾ ਕਿ ਉਹ ਲਿਖਦੇ ਕਿਉਂ ਹਨ, ਤੇ ਜੇ ਲਿਖਣਾ ਵਿਅਕਤੀਗਤ ਮਾਮਲਾ ਹੈ ਤਾਂ ਛਪਦੇ ਕਿਉਂ ਹਨ ਕਿਉਂਕਿ ਛਪਣਾ ਤਾਂ ਜਨਤਕ ਮਾਮਲਾ ਹੈ!!) ਅਤੇ ਤਰਕਸ਼ੀਲ **ਸ਼੍ਰੀ ਗੁਰਚਰਨ ਨੂਰਪੁਰ** 'ਤੇ ਵੀ ਇੰਨਾ ਅਸਰ ਕਰਿਆ ਹੈ ਕਿ ਉਹ ਵੀ ਆਪਣੀ ''ਵਿਗਿਆਨਕ ਸੂਝ'' ਅਤੇ ''ਤਰਕਸ਼ੀਲਤਾ'' ਨੂੰ ਛੱਡ ਕੇ ਨਾਵਲਕਾਰ ਗੁਰਦਿਆਲ ਸਿੰਘ ਹੁਰਾਂ ਦੇ ਹਮਰਾਹੀ ਬਣ ਤੁਰੇ ਹਨ।

ਸਭ ਤੋਂ ਪਹਿਲਾਂ ਗੁਰਦਿਆਲ ਸਿੰਘ ਹੁਰਾਂ ਦੇ ਲੇਖਾਂ ਬਾਰੇ ਉਹਨਾਂ ਦੇ ਲੇਖਾਂ ਦਾ ਸਿਰਲੇਖ ਪੜ੍ਹ ਕੇ ਪਾਠਕ ਸੋਚਦਾ ਹੈ ਕਿ ਲੇਖ 'ਚ ਅਬਾਦੀ ਦੇ ਵਾਧੇ ਬਾਰੇ ਕੋਈ ਤੱਥਾਂ ਸਹਿਤ ਵਿਸ਼ਲੇਸ਼ਣ ਹੋਵੇਗਾ ਅਤੇ ਲੇਖ ਮਸਲੇ ਦੀ ਕੋਈ ਸਮਝ ਪੱਲੇ ਪਾਵੇਗਾ ਪਰ ਹੁੰਦਾ ਬਿਲਕੁਲ ਉਲਟ ਹੈ। ਲੇਖ 'ਚ ਅਧਿਓਂ ਵੱਧ ਹਿੱਸਾ ਤਾਂ ਅਕਸਰ ਸਿਰਲੇਖ ਨਾਲ਼ ਹੀ ਕੋਈ ਸਬੰਧ ਨਹੀਂ ਰੱਖਦਾ ਹੁੰਦਾ, ਅਜਿਹੀਆਂ ਬੇਸਿਰ-ਪੈਰ ਬੇਥਵੀਆਂ (ਵੈਸੇ ਬੇਥਵੀਆਂ ਹੁੰਦੀਆਂ ਹੀ ਬੇਸਿਰ-ਪੈਰ ਹਨ) ਮਾਰੀਆਂ ਹੁੰਦੀਆਂ ਹਨ ਕਿ ਉਹਨਾਂ ਦੇ ਲੇਖ ਨੂੰ ਪੜ੍ਹਨਾ ਹੀ ਇੱਕ ਇਮਤਿਹਾਨ ਹੋ ਨਿੱਬੜਦਾ ਹੈ। ਖੈਰ, ਇਸ ਪਤਲੀ ਖਿਚੜੀ 'ਚੋਂ ਜੋ ਕੁਝ ਦਲੀਲਾਂ ਲੱਭੀਆਂ ਹਨ, ਉਹਨਾਂ 'ਤੇ ਗੱਲ ਕਰਦੇ ਹਾਂ। 2 ਫਰਵਰੀ, 2011 'ਚ ਛਪੇ ਉਹਨਾਂ ਦੇ ਲੇਖ ''ਅਬਾਦੀ ਤੇ ਉਤਪਾਦਨ ਦਾ ਸੰਕਟ'' 'ਚ *ਉਹਨਾਂ ਅਨੁਸਾਰ - ''ਮੁੱਖ ਤੇ ਵਿਰਾਟ ਸਮੱਸਿਆ ਵੱਧਦੀ ਅਬਾਦੀ, ਘਟਦੇ ਉਤਪਾਦਨ ਦੀ ਹੈ, ਜਿਸ ਦਾ ਨੇੜ-ਭਵਿੱਖ ਵਿੱਚ ਕੋਈ ਹੱਲ ਨਜ਼ਰ ਨਹੀਂ ਆਉਂਦਾ।''* **ਕੀ ਭਾਰਤ 'ਚ ਖੁਰਾਕੀ ਪਦਾਰਥਾਂ ਦੀ ਪੈਦਾਵਾਰ ਘੱਟ ਰਹੀ ਹੈ ? ਬਿਲਕੁਲ ਵੀ ਨਹੀਂ।** 1951 'ਚ ਭਾਰਤ ਵਿੱਚ ਅਨਾਜ ਦੀ ਪੈਦਾਵਾਰ 5.1 ਕਰੋੜ ਟਨ ਸੀ ਜੋ ਸਾਲ 2008-09 ਤੱਕ ਵਧ ਕੇ 22.90 ਕਰੋੜ ਟਨ ਹੋ ਗਈ ਹੈ ਭਾਵ ਕਿ 4.5 ਗੁਣਾ ਵਾਧਾ (ਸ੍ਰੋਤ - ਰਜਿਸਟਰਾਰ ਜਨਰਲ ਆਫ਼ ਇੰਡੀਆ, ਇਕਨਾਮਿਕ ਸਰਵੇ ਆਫ਼ ਇੰਡੀਆ)। ਕੀ ਭਾਰਤ 'ਚ ਖੁਰਾਕੀ ਪਦਾਰਥਾਂ ਦੀ ਪੈਦਾਵਾਰ ਅਬਾਦੀ 'ਚ ਵਾਧੇ ਦੇ ਮੁਕਾਬਲੇ ਘੱਟ ਤੇਜ਼ ਰਫਤਾਰ ਨਾਲ ਵਧ ਰਹੀ ਹੈ ? ਇੱਥੇ ਵੀ ਜਵਾਬ ਨਾਂਹ 'ਚ ਹੈ। 1951 'ਚ ਭਾਰਤ ਦੀ ਅਬਾਦੀ ਲੱਗਭਗ 36 ਕਰੋੜ ਸੀ ਜੋ 2008-09 'ਚ ਵਧ ਕੇ 114 ਕਰੋੜ ਹੋ ਗਈ ਹੈ ਭਾਵ ਕਿ 3.16 ਗੁਣਾ ਦਾ ਵਾਧਾ। ਇਸ ਤਰ੍ਹਾਂ ਸਾਫ਼ ਹੈ ਅਨਾਜ ਦੀ ਪੈਦਾਵਾਰ ਅਬਾਦੀ 'ਚ ਵਾਧੇ ਦੀ ਰਫ਼ਤਾਰ ਤੋਂ ਲੱਗਭਗ ਡੇਢ ਗੁਣਾ ਵਧੇਰੇ ਰਫ਼ਤਾਰ ਨਾਲ਼ ਵਧੀ ਹੈ।

ਹੁਣ ਕੋਈ ਕਹਿ ਸਕਦਾ ਹੈ ਕਿ ਠੀਕ ਹੈ, ਅਨਾਜ ਦੀ ਪੈਦਾਵਾਰ ਵਧੀ ਹੈ ਪਰ ਅਜੇ ਵੀ ਪ੍ਰਤੀ ਵਿਅਕਤੀ ਨੂੰ ਜਿੰਨੀ ਮਾਤਰਾ ਅਨਾਜ ਦੀ ਚਾਹੀਦੀ ਹੈ ਉਸ ਤੋਂ ਤਾਂ ਇਹ ਘੱਟ ਹੀ ਹੈ, ਇਸ ਲਈ ਭੁੱਖਮਰੀ ਫੈਲੀ ਹੋਈ ਹੈ ਅਤੇ ਜੇ ਅਬਾਦੀ ਘੱਟ ਹੁੰਦੀ ਜਾਂ ਘੱਟ ਹੋਵੇ ਤਾਂ ਅਨਾਜ ਦੀ ਉਪਲਬਧਤਾ ਜ਼ਰੂਰਤ ਅਨੁਸਾਰ ਹੋਵੇਗੀ। ਕੀ ਇਸ ਦਲੀਲ 'ਚ ਕੋਈ ਵਜ਼ਨ ਹੈ ? ਇੱਕ ਵਾਰ ਫਿਰ ਤੱਥ ਨਾਂਹ 'ਚ ਜਵਾਬ ਦਿੰਦੇ ਹਨ। ਸੰਤੁਲਤ ਭੋਜਨ ਦੇ ਪੈਮਾਨੇ ਦੇ ਅਨੁਸਾਰ ਔਸਤ ਸਰੀਰਕ ਮਿਹਨਤ ਕਰਨ ਵਾਲੇ ਬਾਲਗ ਪੁਰਸ਼ ਲਈ 520 ਗ੍ਰਾਮ, ਔਸਤ ਸਰੀਰਕ ਮਿਹਨਤ ਕਰਨ ਵਾਲੀ ਬਾਲਗ ਔਰਤ ਲਈ 440 ਗ੍ਰਾਮ, 10-18 ਦੇ ਲੜਕੇ ਲਈ 420 ਗ੍ਰਾਮ ਅਤੇ 10-18 ਦੀ ਲੜਕੀ ਲਈ 380 ਗ੍ਰਾਮ ਪ੍ਰਤੀ ਦਿਨ ਅਨਾਜ ਦੀ ਲੋੜ ਹੁੰਦੀ ਹੈ। ਸਾਲ 2008-09 ਦੇ ਅਨਾਜ ਪੈਦਾਵਾਰ ਦੇ ਅੰਕੜਿਆਂ ਦੇ ਹਿਸਾਬ ਨਾਲ ਭਾਰਤ ਦੇ ਹਰੇਕ ਵਿਅਕਤੀ ਨੂੰ 548 ਗ੍ਰਾਮ ਅਨਾਜ ਪ੍ਰਤੀ ਦਿਨ ਅਨਾਜ ਮੁਹੱਈਆ ਕਰਵਾਇਆ ਜਾ ਸਕਦਾ ਹੈ। ਭਾਵੇਂਕਿ ਭਾਰਤ ਵਿੱਚ ਅਨਾਜ ਦੀ ਪੈਦਾਵਾਰ ਵਧਾਈ ਜਾ ਸਕਦੀ ਹੈ ਕਿਉਂਕਿ ਭਾਰਤ ਦੇ ਕੁੱਲ ਖੇਤੀਯੋਗ ਭੂਮੀ 'ਚੋਂ ਸਿਰਫ਼ 50% ਹਿੱਸੇ ਨੂੰ ਹੀ ਸਿੰਜਾਈ ਦੀ ਸਹੂਲਤ ਹੈ, ਬਾਕੀ ਖੇਤੀ ਮੀਂਹ ਸਹਾਰੇ ਹੈ। ਹੜ੍ਹਾਂ ਤੇ ਸੋਕੇ ਨਾਲ ਹੋਣ ਵਾਲੀ ਫਸਲਾਂ ਦੀ ਤਬਾਹੀ ਅਲੱਗ ਹੈ ਜਿਸ ਨੂੰ ਬਹੁਤ ਹੱਦ ਤੱਕ ਰੋਕਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਫਸਲਾਂ ਦਾ ਝਾੜ ਵੀ ਭਾਰਤ 'ਚ

ਵਿਕਸਤ ਦੇਸ਼ਾਂ ਦੇ ਮੁਕਾਬਲੇ 'ਤੇ ਘੱਟ ਹੈ। ਪਰ ਪੈਦਾਵਾਰ ਦੇ ਮੌਜੂਦਾ ਪੱਧਰ ਨਾਲ਼ ਵੀ ਅੰਨ ਦੀ ਕੋਈ ਕਮੀ ਨਹੀਂ ਹੈ ਜਿਸ ਤਰਾਂ ਕਿ ਗੁਰਦਿਆਲ ਸਿੰਘ ਹੁਰਾਂ ਵੱਲੋਂ ਹੋ-ਹੱਲਾ ਮਚਾਇਆ ਗਿਆ ਹੈ। ਉਂਝ ਇਹ ਹੋ-ਹੱਲਾ ਮਚਾਉਣ 'ਚ ਗੁਰਦਿਆਲ ਸਿੰਘ ਇਕੱਲੇ ਨਹੀਂ ਹਨ, ਦੁਨੀਆਂ ਭਰ ਦੇ ਨਵ-ਮਾਲਥਸਵਾਦੀ, ਬੁਰਜੂਆ ਕੌਲੀ-ਚੱਟ ਅਤੇ ਸਰਕਾਰਾਂ ਇਸ ਵਿੱਚ ਉਹਨਾਂ ਨਾਲ਼ ਹਨ ਭਾਵੇਂ ਉਹ ਕਿੰਨਾ ਵੀ ਆਪਣੇ ਆਪ ਨੂੰ ਇਹਨਾਂ ਤੋਂ ਅਲੱਗ ਕਹਿ ਲੈਣ।

*ਉਹਨਾਂ ਦੇ ਲੇਖਾਂ 'ਚੋਂ ਇਹ ਸਾਹਮਣੇ ਆਉਂਦਾ ਹੈ ਕਿ ਉਹਨਾਂ ਅਨੁਸਾਰ ਬੇਰੁਜ਼ਗਾਰੀ, ਗਰੀਬੀ, ਬਿਮਾਰੀਆਂ, ਡਾਕਟਰੀ ਸਹੂਲਤਾਂ ਨਾ ਮਿਲਣ ਦਾ ਸਭ ਤੋਂ ਵੱਡਾ ਤੇ ਮੁੱਖ ਕਾਰਨ ਵਧਦੀ ਅਬਾਦੀ ਹੈ।* ਪਹਿਲਾਂ ਬਿਮਾਰੀਆਂ ਦੀ ਗੱਲ ਕਰੀਏ। ਦੇਸ਼ ਦੀ ਬਹੁਗਿਣਤੀ ਅਬਾਦੀ ਲੋੜੀਂਦਾ ਪੌਸ਼ਟਿਕ ਭੋਜਨ ਨਹੀਂ ਖਾ ਪਾਉਂਦੀ ਅਤੇ ਵੱਧ ਕੰਮ ਕਰਦੀ ਹੈ, ਅੱਤ ਦੀਆਂ ਗੰਦੀਆਂ ਬਸਤੀਆਂ 'ਚ ਬਣੇ ਭਿਆਨਕ ਕਮਰਿਆਂ 'ਚ ਰਹਿੰਦੀ ਹੈ ਜਿਸਦਾ ਸਿੱਟਾ ਅਬਾਦੀ ਦੇ ਇਸ ਹਿੱਸੇ ਦੇ ਲਗਾਤਾਰ ਬਿਮਾਰ ਰਹਿਣ 'ਚ ਨਿੱਕਲਦਾ ਹੈ। ਦੂਜੇ ਪਾਸੇ ਅਬਾਦੀ ਦਾ ਇੱਕ ਛੋਟਾ ਹਿੱਸਾ ਭਾਵ ਮੱਧਵਰਗ ਤੇ ਸਰਮਾਏਦਾਰ ਜਮਾਤ ਲੋੜੋਂ ਬਹੁਤਾ ਖਾਂਦਾ ਹੈ ਅਤੇ ਸਰੀਰ ਨੂੰ ਸਿਹਤਮੰਦ ਰੱਖਣ ਲਈ ਜਿੰਨਾ ਸਰੀਰਕ ਕੰਮ ਕਰਨਾ ਬਣਦਾ ਹੈ ਓਨਾ ਵੀ ਨਹੀਂ ਕਰਦਾ, ਜਿਸਦਾ ਨਤੀਜਾ ਮੋਟਾਪਾ, ਸ਼ੂਗਰ, ਬਲੱਡਪ੍ਰੈਸ਼ਰ ਦਾ ਵਧਣਾ ਤੇ ਦਿਲ ਦੀਆਂ ਬਿਮਾਰੀਆਂ 'ਚ ਨਿਕਲਦਾ ਹੈ। **ਬਿਮਾਰੀਆਂ ਦੀ ਇਹ 'ਜਮਾਤੀ ਵੰਡ' ਸਰਮਾਏਦਾਰੀ ਢਾਂਚੇ ਦੀ ਦੇਣ ਹੈ, ਨਾ ਕਿ ਇਸਦਾ ਅਬਾਦੀ ਨਾਲ ਕੋਈ ਸੰਬੰਧ ਹੈ।** ਬਾਕੀ ਰਹੀ ਡਾਕਟਰੀ ਸਹੂਲਤਾਂ ਦੀ ਘਾਟ ਦੀ ਗੱਲ, ਇੱਕ ਛੋਟੀ ਜਿਹੀ ਉਦਾਹਰਨ ਇਸਦਾ ਥੋਥਾਪਣ ਦਿਖਾਉਣ ਲਈ ਕਾਫ਼ੀ ਹੈ। ਹੁਣੇ ਹੁਣੇ ਹੋਏ ਇੱਕ ਅਧਿਐਨ (Narendra Gupta (2010-11): What It Costs to Provide Medicines to All Sick Persons in India, (ਭਾਰਤ ਦੇ ਸਾਰੇ ਬੀਮਾਰਾਂ ਨੂੰ ਦਵਾ ਮੁਹੱਈਆ ਕਰਨ ਦੀ ਲਾਗਤ ਕੀ ਹੈ) *MFC Bulletin*, August-January, Issue 342-43, 11, 2011) ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਪੂਰੇ ਭਾਰਤ ਦੇ ਲੋਕਾਂ ਨੂੰ ਸਾਰੀਆਂ ਜ਼ਰੂਰੀ ਦਵਾਈਆਂ ਮੁਫ਼ਤ ਮੁਹੱਈਆ ਕਰਵਾਉਣ ਲਈ 30,000 ਕਰੋੜ ਰੁਪੈ ਦੀ ਜਰੂਰਤ ਹੈ। ਬਜਟ ਅਨੁਸਾਰ ਭਾਰਤ ਦੀ 2011-12 ਦੀ ਘਰੇਲੂ ਪੈਦਾਵਾਰ 89 ਲੱਖ ਕਰੋੜ ਦੇ ਕਰੀਬ ਹੋਣ ਦੀ ਉਮੀਦ ਹੈ ਅਤੇ ਇਸੇ ਬਜਟ ਵਿੱਚ ਸਿੱਧੇ-ਅਸਿੱਧੇ ਰੂਪ ਵਿੱਚ 5.12 ਲੱਖ ਕਰੋੜ ਰੁਪੈ ਦੀਆਂ ਟੈਕਸ ਛੋਟਾਂ ਪੂੰਜੀਪਤੀਆਂ ਨੂੰ ਦਿੱਤੀਆਂ ਗਈਆਂ ਹਨ। ਪਰ ਇਸੇ ਕੇਂਦਰੀ ਬਜਟ 'ਚ ਸਿਹਤ ਲਈ ਰੱਖੀ ਰਾਸ਼ੀ 26,760 ਕਰੋੜ ਹੈ ਜੋ ਪੂਰੇ ਬਜਟ ਦਾ ਮਹਿਜ 0.29% ਬਣਦੀ ਹੈ ਖੈਰ, ਜੇ ਇਸਦਾ ਦੁੱਗਣਾ ਹੀ ਕਰ ਦਿੱਤਾ ਜਾਵੇ ਤਾਂ ਬਹੁਤੇ ਲੋਕਾਂ ਨੂੰ ਦਵਾਈਆਂ ਮੁਫ਼ਤ ਮਿਲ਼ ਸਕਣਗੀਆਂ। ਲੱਗਦਾ ਹੈ ਪੈਸੇ ਦੀ ਤਾਂ ਕੋਈ ਕਮੀ ਨਹੀਂ !!

**ਬੇਰੁਜ਼ਗਾਰੀ ਵੀ ਸਰਮਾਏਦਾਰਾ ਪ੍ਰਬੰਧ ਦੀ ਢਾਂਚਾਗਤ ਸਮੱਸਿਆ ਹੈ। ਬੇਰੁਜ਼ਗਾਰੀ ਤੋਂ ਸੱਖਣਾ ਸਰਮਾਏਦਾਰਾ ਪ੍ਰਬੰਧ ਦੀ ਇੱਛਾ ਕਰਨਾ ਦਿਨੇ ਸੁਪਨੇ ਦੇਖਣਾ ਹੈ।** ਬੇਰੁਜ਼ਗਾਰੀ ਦੀ ਸਮੱਸਿਆ ਸਰਮਾਏਦਾਰੀ ਦੇ ਜਨਮ ਤੋਂ ਹੀ ਬਣੀ ਹੋਈ ਹੈ ਤੇ ਇਸਦੇ ਸੰਕਟ ਦੇ ਦੌਰਾਂ 'ਚ ਇਹ ਵਧੇਰੇ ਵਿਕਰਾਲ ਰੂਪ ਧਾਰ ਲੈਂਦੀ ਹੈ। ਇਹ ਉਸ ਸਮੇਂ ਵੀ ਸਰਮਾਏਦਾਰੀ ਢਾਂਚੇ 'ਚ ਅੱਜ ਜਿੰਨੀ ਵੱਡੀ ਸਮੱਸਿਆ ਸੀ ਜਦੋਂ ਦੁਨੀਆਂ ਦੀ ਅਬਾਦੀ ਅੱਜ ਨਾਲੋਂ ਸੱਤ ਗੁਣਾ ਘੱਟ ਸੀ। ਬੇਰੁਜ਼ਗਾਰਾਂ ਦੀ ਫੌਜ਼ ਸਰਮਾਏਦਾਰੀ ਪ੍ਰਬੰਧ ਦੀ ਇੱਕ ਲਾਜ਼ਮੀ ਪੈਦਾਵਾਰ ਵੀ ਹੈ ਅਤੇ ਇਸ ਫੌਜ਼ ਨੂੰ ਬਣਾਈ ਰੱਖਣਾ ਸਰਮਾਏਦਾਰੀ ਲਈ ਜ਼ਰੂਰੀ ਵੀ ਹੈ ਕਿਉਂਕਿ ਬੇਰੁਜ਼ਗਾਰਾਂ ਦੀ ਇੱਕ ਵਾਧੂ ਵਸੋਂ ਹੋਣ ਕਾਰਨ ਮਜਦੂਰਾਂ 'ਚ ਮੁਕਾਬਲਾ ਬਣਿਆ ਰਹਿੰਦਾ ਹੈ ਤੇ ਉਜਰਤਾਂ ਨੀਵੀਆਂ ਰਹਿੰਦੀਆਂ ਹਨ। ਬਾਕੀ ਜੇ ਅਬਾਦੀ ਹੀ ਬੇਰੁਜ਼ਗਾਰੀ ਦਾ ਕਾਰਨ ਹੁੰਦੀ ਤਾਂ ਅੱਜ ਯੂਰਪ ਤੇ ਅਮਰੀਕਾ ਵਿੱਚ ਜੋ ਬੇਰੁਜ਼ਗਾਰੀ ਫੈਲੀ ਹੈ ਉਹ ਤਾਂ ਬਿਲਕੁਲ ਹੀ ਨਹੀਂ ਹੋਣੀ ਚਾਹੀਦੀ ਸੀ। ਅਸਲ 'ਚ ਬੇਰੁਜ਼ਗਾਰੀ ਦਾ ਕਾਰਨ ਅਬਾਦੀ ਨੂੰ ਦੱਸਣਾ ਸਰਮਾਏਦਾਰਾਂ ਦੇ ਪਾਲਤੂ ਅਰਥਸ਼ਾਸ਼ਤਰੀਆਂ ਦੀ ਕਾਢ ਹੈ ਜਿਸ ਲਈ ਉਹਨਾਂ ਨੂੰ ਆਪਣੇ ਮਾਲਕਾਂ ਤੋਂ 'ਸ਼ਾਬਾਸ਼ੀ' ਮਿਲਦੀ ਹੈ ਪਰ ਗੁਰਦਿਆਲ ਸਿੰਘ ਜਿਹੇ ਵਿਦਵਾਨ ਵੀ ਅਗਿਆਨਤਾ ਕਾਰਨ ਇਹਨਾਂ ਦੇ ਤਰਕਾਂ 'ਚ ਉਲਝਕੇ ਰਹਿ ਜਾਂਦੇ ਹਨ। ਉਂਝ ਵੀ ਜੇ ਉਹ ਥੋੜਾ-ਬਹੁਤ ਕੌਮਾਂਤਰੀ ਖਬਰਾਂ ਪੜ੍ਹਦੇ ਰਹਿਣ ਤਾਂ ਇਸ ਵਹਿਮ ਦਾ ਨਿਪਟਾਰਾ ਸੌਖੇ ਹੀ ਹੋ ਜਾਂਦਾ!

ਪਰ ਹੱਦ ਤਾਂ ਉਹ ਉਦੋਂ ਕਰ ਦਿੰਦੇ ਹਨ ਜਦੋਂ ਉਹ ਕਹਿੰਦੇ ਹਨ ਕਿ ਲੁੱਟ-ਮਾਰ ਦੀਆਂ ਘਟਨਾਵਾਂ ਅਤੇ *"ਮੱਧਵਰਗ" ਦਾ "ਹੇਠਲੇ ਆਮ ਲੋਕਾਂ - ਮਜ਼ਦੂਰਾਂ, ਕਿਸਾਨਾਂ ਤੇ ਹੋਰ ਨਿੱਕੇ-ਮੋਟੇ ਕੰਮ-ਕਾਰ ਕਰਨ ਵਾਲਿਆਂ" ਦੁਆਰਾ "ਜਿਉਣਾ ਹਰਾਮ" ਕਰਨ ਪਿੱਛੇ ਇਹੀ ਸਭ ਤੋਂ ਵੱਡਾ ਤੇ ਮੁੱਖ ਕਾਰਨ ਹੈ।* ਥੋੜੀ-ਬਹੁਤ ਸੂਝ ਰੱਖਣ ਵਾਲਾ ਇੱਕ ਆਮ ਆਦਮੀ ਵੀ ਇਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਲੁੱਟਾਂ-ਖੋਹਾਂ ਦਾ ਮੁੱਖ ਕਾਰਨ ਆਰਥਿਕ ਨਾ-ਬਰਾਬਰੀ 'ਚ ਹੈ। ਸਿਆਸੀ ਆਰਥਿਕਤਾ ਦਾ ਵਿਦਿਆਰਥੀ ਭਲੀਭਾਂਤ ਜਾਣਦਾ ਹੈ ਕਿ ਨਿੱਜੀ ਜਾਇਦਾਦ 'ਤੇ ਅਧਾਰਤ ਢਾਂਚਾ ਲੁੱਟਾਂ-ਖੋਹਾਂ, ਚੋਰੀ-ਡਾਕਿਆਂ ਦਾ ਬੁਨਿਆਦੀ ਕਾਰਨ ਹੈ। ਪਰ ਗੁਰਦਿਆਲ ਸਿੰਘ ਸਿਆਸੀ ਆਰਥਿਕਤਾ ਦੇ ਵਿਦਿਆਰਥੀ ਦੀ ਸਮਝ ਦਿਖਾਉਣੀ ਤਾਂ ਦੂਰ (ਜਿਸਦੀ ਉਹਨਾਂ ਤੋਂ ਤਵੱਕੋ ਕੀਤੀ ਜਾਂਦੀ ਹੈ), ਇੱਕ ਆਮ ਆਦਮੀ ਜਿੰਨੀ ਸਮਝ ਵੀ ਨਹੀਂ ਦਿਖਾਉਂਦੇ। "ਮੱਧਵਰਗ ਦਾ ਜਿਉਣਾ ਹਰਾਮ" ਵਾਲ਼ਾ ਉਹਨਾਂ ਦਾ ਕਥਨ ਉਹਨਾਂ ਦਾ ਜਮਾਤੀ ਖਾਸਾ ਵੀ ਇੱਕਦਮ ਸਪੱਸ਼ਟ ਕਰ ਦਿੰਦਾ ਹੈ ਜਿਸ ਬਾਰੇ ਅਸੀਂ ਅੱਗੇ ਗੱਲ ਕਰਾਂਗੇ। ਗੁਰਦਿਆਲ ਸਿੰਘ ਜੀ, ਪਹਿਲੀ ਗੱਲ ਤਾਂ ਚੋਰੀ-ਡਾਕੇ ਦਾ ਸ਼ਿਕਾਰ ਸਿਰਫ਼ "ਮੱਧਵਰਗ" ਹੀ ਨਹੀਂ, "ਹੇਠਲੇ ਆਮ ਲੋਕ - ਮਜ਼ਦੂਰ, ਕਿਸਾਨ ਤੇ ਹੋਰ ਨਿੱਕੇ-ਮੋਟੇ ਕੰਮ-ਕਾਰ ਕਰਨ ਵਾਲ਼ੇ" ਤੁਹਾਡੇ ਚਹੇਤੇ "ਮੱਧਵਰਗ" ਤੋਂ ਕਿਤੇ ਜ਼ਿਆਦਾ ਹਨ, ਫ਼ਰਕ ਬੱਸ ਇੰਨਾ ਹੈ ਕਿ ਮੱਧਵਰਗ ਦੇ ਚੀਕ-ਚਿਹਾੜੇ ਨੂੰ ਅਖਬਾਰਾਂ-ਟੀਵੀ ਚੈਨਲਾਂ ਦੀ ਕਵਰੇਜ ਮਿਲਦੀ ਹੈ, ਤੁਹਾਡੇ ਵਰਗੇ ਬੁੱਧੀਜੀਵੀ ਉਹਦੇ ਲਈ "ਕਲਮ ਘਸਾਈ" ਕਰ ਲੈਂਦੇ ਹਨ ਤੇ ਸਿੱਟੇ ਵਜੋਂ ਪੁਲਿਸ-ਪ੍ਰਸ਼ਾਸਨ-ਲੀਡਰਾਂ ਨੂੰ ਵੀ ਕੁਝ ਨਾ ਕੁਝ ਹੱਥ-ਪੈਰ ਹਿਲਾਉਣੇ ਹੀ ਪੈਂਦੇ ਹਨ ਪਰ "ਹੇਠਲੇ ਆਮ ਲੋਕਾਂ" ਦੀ ਕੋਈ ਸੁਣਵਾਈ ਨਹੀਂ।

ਜੇ ਕਿਤੇ ਉਹਨਾਂ ਦੇ ਗੁੱਸੇ ਦਾ ਲਾਵਾ ਸੜਕਾਂ 'ਤੇ ਫੁੱਟ ਪਵੇ ਤਾਂ ਤੁਹਾਡਾ "ਮੱਧਵਰਗ" ਹੀ ਇਹਨਾਂ ਨੂੰ ਕੁੱਟਣ 'ਚ ਪੁਲਿਸ ਦੀ ਮਦਦ ਕਰਨ ਪਹੁੰਚਦਾ ਹੈ। ਦੂਜੀ ਗੱਲ, ਚੋਰੀ-ਡਾਕੇ, ਲੁੱਟਾਂ-ਖੋਹਾਂ ਸਿਰਫ਼ "ਹੇਠਲੇ ਆਮ ਲੋਕ - ਮਜ਼ਦੂਰ, ਕਿਸਾਨ ਤੇ ਹੋਰ ਨਿੱਕੇ-ਮੋਟੇ ਕੰਮ-ਕਾਰ ਕਰਨ ਵਾਲ਼ੇ" ਹੀ ਕਰਦੇ ਹਨ, ਇਹ ਗੂੜ੍ਹ ਗਿਆਨ ਤੁਸੀਂ ਕਿੱਥੋਂ ਹਾਸਿਲ ਕੀਤਾ, ਇਹ ਵੀ ਸਪੱਸ਼ਟ ਕਰਿਓ। ਇਹ ਢਾਂਚਾ ਜਿਸ ਵਿੱਚ ਤੁਹਾਡਾ ਮੱਧਵਰਗ ਪ੍ਰੇਸ਼ਾਨ ਹੈ, ਖੜ੍ਹਾ ਹੀ ਮਜ਼ਦੂਰਾਂ-ਕਿਸਾਨਾਂ ਦੀ ਲੁੱਟ-ਚੋਂਘ ਦੇ ਸਿਰ 'ਤੇ ਹੈ। ਬਾਕੀ ਮੱਧਵਰਗ ਦੇ ਬਥੇਰੇ ਨਸ਼ੇੜੀ ਤੇ ਬੇਰੁਜ਼ਗਾਰ ਨੌਜਵਾਨ ਵੀ ਚੋਰੀ-ਡਾਕੇ, ਲੁੱਟਾਂ-ਖੋਹਾਂ 'ਚ ਗਲਤਾਨ ਹਨ। ਤੀਸਰੀ ਗੱਲ, ਜੇ "ਹੇਠਲੇ ਆਮ ਲੋਕ" ਮੱਧਵਰਗ ਦਾ "ਜਿਉਣਾ ਹਰਾਮ" ਕਰਦੇ ਵੀ ਹਨ ਤਾਂ ਸਿਰਫ਼ ਇਸ ਕਰਕੇ ਕਿ ਅਮੀਰ ਵਰਗ ਜਿਸ 'ਚ ਸਰਮਾਏਦਾਰ, ਨੌਕਰਸ਼ਾਹ ਆਦਿ ਸ਼ਾਮਿਲ ਹੁੰਦੇ ਹਨ, ਆਪਣੀ ਸੁਰੱਖਿਆ ਮਜਬੂਤ ਕਰਕੇ ਰੱਖਦਾ ਹੈ ਤੇ "ਆਮ ਲੋਕਾਂ" ਨੂੰ ਆਪਣੇ ਨੇੜੇ ਨਹੀਂ ਫਟਕਣ ਦਿੰਦੇ। ਸਿੱਟੇ ਵਜੋਂ ਉਹਨਾਂ ਦੀ ਮਾਰ ਹੇਠ "ਮੱਧਵਰਗ" ਆ ਜਾਂਦਾ ਹੈ। ਜੇ ਦੋਸ਼ ਦੇਣਾ ਹੈ ਤਾਂ ਅਮੀਰ ਵਰਗ ਨੂੰ ਦਿਓ ਜੋ ਹੇਠਲੇ ਵਰਗ ਦੀ ਲੁੱਟ-ਖੋਹ ਕਰਨ ਵੇਲੇ ਤਾਂ ਮੱਧਵਰਗ ਨੂੰ ਛੋਟਾ ਭਾਈਵਾਲ ਬਣਾ ਲੈਂਦਾ ਹੈ ਪਰ ਮੱਧਵਰਗ ਨੂੰ ਹੇਠਲੇ ਵਰਗ ਦੀ ਲੁੱਟ-ਖੋਹ ਤੋਂ ਬਚਾਉਣ ਲਈ ਪੁਖਤਾ ਇੰਤਜ਼ਾਮ ਨਹੀਂ ਕਰਦਾ!!

ਉਹਨਾਂ ਦੇ ਲੇਖ ਅਜਿਹੀ "ਉਲਝੀ ਤਾਣੀ" ਹਨ ਕਿ ਕੋਈ ਕੰਮ ਦੀ ਗੱਲ ਲੱਭਣੀ ਮਾਰੂਥਲ 'ਚ ਪਾਣੀ ਲੱਭਣ ਤੋਂ ਘੱਟ ਨਹੀਂ। ਉਪਰੋਕਤ ਲੇਖ ਦੀ ਉਹ ਸ਼ੁਰੂਆਤ ਮਹਿੰਗਾਈ ਦੀ ਸਮੱਸਿਆ ਨਾਲ ਕਰਦੇ ਹਨ, ਅਤੇ ਫਿਰ ਉਹ ਜਿਵੇਂ ਕਿਵੇਂ ਇੱਥੇ ਆ ਪੁੱਜਦੇ ਹਨ - "(ਮਹਿੰਗਾਈ ਦਾ) ਇੱਕ ਸਧਾਰਨ ਕਾਰਨ ਤਾਂ ਇਹ ਹੈ ਕਿ ਜੇ ਦਸ ਚੀਜ਼ਾਂ ਦਾ ਉਤਪਾਦਨ ਹੁੰਦਾ ਹੈ ਤਾਂ ਉਨ੍ਹਾਂ ਨੂੰ ਖਰੀਦਣ ਵਾਲਿਆਂ ਦੀ ਗਿਣਤੀ ਚਾਲੀ-ਪੰਜਾਹ ਹੈ, ਜਿਸ ਦੀ ਜੇਬ ਭਾਰੀ ਹੈ ਉਹ ਚੀਜ਼ 'ਤੇ ਹੋਏ ਖਰਚੇ ਤੋਂ ਦੁੱਗਣਾ ਮੁੱਲ ਦੇ ਕੇ ਖਰੀਦ ਲਏਗਾ।" ਇਸ ਤਰ੍ਹਾਂ *ਉਹਨਾਂ ਦਾ ਮੰਨਣਾ ਹੈ ਕਿ ਵੱਧ ਅਬਾਦੀ ਭਾਵ ਵੱਧ ਖਰੀਦਦਾਰ ਤੇ ਚੀਜ਼ਾਂ ਦੀਆਂ ਕੀਮਤਾਂ 'ਚ ਵਾਧਾ, ਭਾਵ ਮਹਿੰਗਾਈ ਇਸ ਕਰਕੇ ਹੈ ਕਿ ਅਬਾਦੀ ਵੱਧ ਹੈ।* ਅਨਾਜ ਦੀ ਪੈਦਾਵਾਰ ਸਬੰਧੀ ਅੰਕੜੇ ਤਾਂ ਅਸੀਂ ਪਹਿਲਾਂ ਹੀ ਦੇਖ ਆਏ ਹਾਂ ਜੋ ਗੁਰਦਿਆਲ ਸਿੰਘ ਹੁਰਾਂ ਦੇ ਉਕਤ ਦਾਅਵੇ ਦੀ ਫੂਕ ਕੱਢਣ ਲਈ ਕਾਫ਼ੀ ਹਨ। ਬਾਕੀ ਅੰਕੜੇ ਦੇਣੇ ਲੇਖ ਨੂੰ ਖਾਹਮਖਾਹ ਲੰਬਾ ਖਿੱਚਣਾ ਹੋਵੇਗਾ। ਪਰ ਗੁਰਦਿਆਲ ਸਿੰਘ ਹੁਰਾਂ ਦੇ ਕੁਤਰਕ ਜ਼ਾਰੀ ਹਨ। ਉਪਰੋਕਤ ਸਤਰਾਂ ਤੋਂ ਤੁਰੰਤ ਅੱਗੇ ਉਹ ਦੱਸਦੇ ਹਨ - "ਸਭ ਤੋਂ ਵਧੇਰੇ ਗੁੰਝਲਦਾਰ ਸਮੱਸਿਆ ਇਹ ਹੈ ਕਿ ਕਿਸੇ ਵੀ ਫ਼ਸਲ ਦੀ ਉਪਜ ਕਰਨ ਤੇ ਕਿਸੇ ਚੀਜ਼ ਨੂੰ ਬਣਾਉਣ ਉੱਤੇ ਖਰਚ ਕਿਵੇਂ ਵੱਧਦਾ ਜਾਂ ਘੱਟਦਾ ਹੈ ? ਮਿਸਾਲ ਵਜੋਂ ਲੋਹੇ ਦੀ ਕੋਈ ਵੀ ਚੀਜ਼ ਬਣਾਉਣ ਲਈ ਸਭ ਤੋਂ ਪਹਿਲਾਂ ਲੋਹੇ ਦੀਆਂ ਖਾਣਾਂ ਵਿੱਚੋਂ ਲੋਹਾ-ਮਿੱਟੀ ਕੱਢਣੀ ਪੈਂਦੀ ਹੈ, ਉਸ ਨੂੰ ਕੱਢਣ ਲਈ ਜੋ ਮਜ਼ਦੂਰ ਕੰਮ ਕਰਦੇ ਹਨ ਉਨ੍ਹਾਂ ਦੀ ਮਜ਼ਦੂਰੀ, ਉਨ੍ਹਾਂ ਦੀ ਸਰੀਰਕ ਸ਼ਕਤੀ ਨਾਲ਼ ਤੈਅ ਹੁੰਦੀ ਹੈ। ਮਜ਼ਦੂਰ ਨੂੰ ਉਹਦੀ ਸਰੀਰਕ ਤਾਕਤ ਲਈ ਜੋ ਵੀ ਖ਼ੁਰਾਕ ਖਾਣੀ ਪੈਂਦੀ ਹੈ, ਜੇ ਉਸ 'ਤੇ ਦਸ ਰੁਪਏ ਖਰਚ ਹੁੰਦੇ ਹਨ ਤਾਂ ਉਹਨੂੰ ਮਜ਼ਦੂਰੀ ਪੰਦਰਾਂ ਤੋਂ ਵੀਹ ਰੁਪਏ ਦੇਣੀ ਪਏਗੀ (ਸਗੋਂ ਤੀਹ-ਪੈਂਤੀ ਰੁਪਏ ਕਿਉਂਕਿ ਉਹਨੇ ਪਰਿਵਾਰ ਦੇ ਕੰਮ ਨਾ ਕਰਨ ਜੋਗੇ ਬਜ਼ੁਰਗਾਂ, ਬੱਚਿਆਂ, ਔਰਤਾਂ ਨੂੰ ਵੀ, ਇਸੇ ਮਜ਼ਦੂਰੀ ਵਿੱਚੋਂ ਜਿਉਂਦੇ ਰੱਖਣ ਲਈ ਪੈਸਾ ਖਰਚਣਾ ਹੈ) ਜੇ ਉਸ ਦੀ ਖ਼ੁਰਾਕ ਦਾ ਮੁੱਲ ਵਧੇਰੇ ਹੈ ਤਾਂ ਮਜ਼ਦੂਰੀ ਵੀ ਵੱਧ ਦੇਣੀ ਪਏਗੀ।" ਇਸ ਸਾਰੀ ਸ਼ਬਦੀ ਬਾਜ਼ੀਗਰੀ ਦਾ ਉਹ ਭਾਵੇਂ ਖੁਦ ਕੋਈ ਸਿੱਟਾ ਨਹੀਂ ਕੱਢਦੇ। ਅਸਲ 'ਚ ਉਹ ਇੱਥੇ ਮਹਿੰਗਾਈ ਦਾ ਦੂਜਾ ਤੇ ਗੁੰਝਲਦਾਰ ਕਾਰਨ ਦੱਸ ਰਹੇ ਹਨ। ਪਰ ਦੱਸਦੇ ਦੱਸਦੇ ਉਲਝ ਜਾਂਦੇ ਹਨ ਤੇ ਆਪਣੀ ਡੱਡੂ-ਟਪੂਸੀਆਂ ਲਾਉਣ ਦੀ ਆਦਤ ਤੋਂ ਮਜ਼ਬੂਰ ਹੋ ਕੇ ਇਸਨੂੰ ਵਿਚਾਲੇ ਛੱਡ ਮਸ਼ੀਨਾਂ ਦੁਆਰਾ ਲੋਕਾਂ ਨੂੰ ਬੇਰੁਜ਼ਗਾਰ ਕਰ ਦੇਣ ਦੇ ਮਸਲੇ 'ਤੇ ਜਾ ਬੈਠਦੇ ਹਨ (ਉਹਨਾਂ ਅਨੁਸਾਰ ਭਾਰਤ 'ਚ ਆਉਣ ਵਾਲੇ ਸਮੇਂ ਮਸ਼ੀਨਾਂ 90-95 ਕਰੋੜ ਲੋਕਾਂ ਨੂੰ ਬੇਕਾਰ ਕਰ ਦੇਣਗੀਆਂ !!)। ਖ਼ੈਰ ਅਸੀਂ ਉਹਨਾਂ ਦੇ ਉਪਰੋਕਤ ਤਰਕ ਨੂੰ ਨਤੀਜਾ ਨਸੀਬ ਕਰਨ ਦੀ ਕੋਸ਼ਿਸ਼ ਕਰਦੇ ਹਾਂ।

ਪਹਿਲਾ ਸਧਾਰਨ ਕਾਰਨ ਸੀ ਕਿ ਮੰਗ ਵਧਣ ਨਾਲ ਕੀਮਤਾਂ ਵੱਧਦੀਆਂ ਹਨ, ਭਾਵੇਂ ਇਹ ਕੁਝ ਹੱਦ ਤੱਕ ਠੀਕ ਹੈ ਪਰ ਅਬਾਦੀ ਦਾ ਇਸ ਨਾਲ ਸਬੰਧ ਕਿੰਨਾ ਕੁ ਹੈ, ਇਹ ਅਸੀਂ ਦੇਖ ਹੀ ਲਿਆ ਹੈ। ਦੂਜੇ ਕਾਰਨ ਅਨੁਸਾਰ, ਪੈਦਾਵਾਰ ਦਾ ਖਰਚਾ ਵਧਣ ਨਾਲ ਵੀ ਮਹਿੰਗਾਈ ਵਧਦੀ ਹੈ। ਇਹ ਬੌਧਿਕ ਕੰਗਾਲੀ ਦਾ ਨਾਯਾਬ ਨਮੂਨਾ ਹੈ ਜੋ ਸੁੱਖ ਨਾਲ ਪੰਜਾਬ 'ਚ ਦੁਰਲੱਭ ਨਹੀਂ ਹੈ। ਅੱਗੇ ਵਧਣ ਤੋਂ ਪਹਿਲਾਂ ਇਹ ਦੇਖ ਲਈਏ ਕਿ ਕਿਸੇ ਚੀਜ਼ ਦੀ ਕੀਮਤ ਕੀ ਹੁੰਦੀ ਹੈ ? ਕਿਸੇ ਚੀਜ਼ ਦੀ ਕੀਮਤ ਉਸ ਵਿੱਚ ਸਮੋਈ ਮਨੁੱਖੀ ਕਿਰਤ ਦਾ ਮੁਦਰਾ 'ਚ ਪ੍ਰਗਟਾਵਾ ਹੈ। ਹੁਣ ਦੇਖਿਆ ਜਾਵੇ ਕਿ ਕੀ ਮਜਦੂਰ ਦੀ ਦਿਹਾੜੀ ਵਧਣ ਨਾਲ਼ ਉਸ ਦੁਆਰਾ ਬਣਾਈ ਜਾਂਦੀ ਚੀਜ਼ ਨੂੰ ਬਣਾਉਣ 'ਚ ਖਰਚ ਕੀਤੀ ਜਾਂਦੀ ਕਿਰਤ 'ਚ ਕੋਈ ਫ਼ਰਕ ਪੈਂਦਾ ਹੈ, ਬਿਲਕੁਲ ਵੀ ਨਹੀਂ। ਇਸ ਲਈ ਮਜ਼ਦੂਰ ਦੀ ਦਿਹਾੜੀ ਵੱਧਣ ਜਾਂ ਘਟਣ ਨਾਲ ਕਿਸੇ ਚੀਜ਼ ਦੀ ਕੀਮਤ 'ਚ ਕੋਈ ਫ਼ਰਕ ਨਹੀਂ ਪੈਣਾ ਚਾਹੀਦਾ ਹੈ। ਪਰ ਗੁਰਦਿਆਲ ਸਿੰਘ ਅਨੁਸਾਰ ਮਜ਼ਦੂਰੀ ਵਧਣ ਨਾਲ ਕੀਮਤ ਵਧ ਜਾਂਦੀ ਹੈ। ਅਸਲ 'ਚ ਉਹ ਵੀ ਸਰਮਾਏਦਾਰੀ ਦੁਆਰਾ ਲੋਕਾਂ ਨੂੰ ਮੂਰਖ ਬਣਾਉਣ ਲਈ ਕਾਲਜਾਂ 'ਚ ਪੜਾਏ ਜਾਂਦੇ ਅਰਥ-ਸ਼ਾਸ਼ਤਰ ਦੇ ਸ਼ਿਕਾਰ ਹਨ। ਇਸਨੂੰ ਥੋੜਾ ਹੋਰ ਵਿਸਥਾਰ 'ਚ ਸਮਝਣ ਦੀ ਲੋੜ ਹੈ ਜਿਸ ਨਾਲ ਮਹਿੰਗਾਈ ਪਿੱਛੇ ਅਸਲੀ ਕਾਰਨ ਵੀ ਸਪੱਸ਼ਟ ਹੋ ਸਕੇਗਾ।

ਕਿਸੇ ਮਜਦੂਰ ਦੀ ਉਜਰਤ ਭਾਵੇਂ ਪੈਸਿਆਂ ਦੇ ਰੂਪ 'ਚ ਮਿਲਦੀ ਹੈ ਪਰ ਅਸਲ 'ਚ ਇਹ ਚੀਜ਼ਾਂ ਦੀ ਉਹ ਮਾਤਰਾ ਹੈ ਜੋ ਉਹ ਸਰਮਾਏਦਾਰ ਕੋਲ ਆਪਣੀ ਕਿਰਤ-ਸ਼ਕਤੀ ਵੇਚਣ ਦੇ ਵੱਟੇ 'ਚ ਪ੍ਰਾਪਤ ਕਰ ਸਕਦਾ ਹੈ ਜਾਂ ਕਿਹਾ ਜਾਵੇ ਖਰੀਦ ਸਕਦਾ ਹੈ। ਇਸ ਲਈ ਉਜਰਤ ਵਧਣ ਦਾ ਮਤਲਬ ਹੈ ਮਜਦੂਰ ਨੂੰ ਵੱਧ ਚੀਜ਼ਾਂ ਦਾ ਮਿਲਣਾ ਤੇ ਉਜਰਤ ਘਟਣ ਦਾ ਮਤਲਬ ਹੈ ਘੱਟ ਚੀਜ਼ਾਂ ਦਾ ਮਿਲਣਾ। ਹੁਣ ਕਿਉਂਕਿ ਸਰਮਾਏਦਾਰ ਜਮਾਤ ਲਈ ਆਪਣਾ ਮੁਨਾਫ਼ਾ ਵਧਾਉਣ ਵਾਸਤੇ ਹਮੇਸ਼ਾਂ ਇਹ ਸੰਭਵ ਨਹੀਂ ਹੁੰਦਾ ਕਿ ਉਹ ਮਜਦੂਰਾਂ ਦੀ ਪੈਸਿਆਂ ਦੇ ਰੂਪ 'ਚ ਮਿਲਣ ਵਾਲੀ ਉਜਰਤ ਨੂੰ ਘਟਾ ਦੇਵੇ, ਇਸ ਲਈ ਉਹ ਟੇਢੇ ਤਰੀਕੇ ਨਾਲ ਘਿਓ ਕੱਢਦੀ

ਹੈ, ਉਹ ਚੀਜ਼ਾਂ ਦੀਆਂ ਕੀਮਤਾਂ ਵਧਾ ਕੇ ਪੇਸ਼ ਕਰਦੀ ਹੈ ਜਿਸ ਕਾਰਨ ਮਜਦੂਰਾਂ ਦੀ ਅਸਲ ਉਜਰਤ ਘੱਟ ਜਾਂਦੀ ਹੈ ਤੇ ਸਰਮਾਏਦਾਰ ਜਮਾਤ ਦਾ ਮੁਨਾਫ਼ਾ ਵੱਧ ਜਾਂਦਾ ਹੈ। ਇੱਥੇ ਇਹ ਵੀ ਸਾਫ਼ ਕਰਨ ਦੀ ਲੋੜ ਹੈ ਕਿ ਮੁਨਾਫ਼ਾ ਹੁੰਦਾ ਕੀ ਹੈ ? ਕਿਸੇ ਖਾਸ ਸਮੇਂ 'ਚ ਹੋਈ ਕੁਲ ਸਮਾਜਿਕ ਪੈਦਾਵਾਰ ਦੇ ਹਿੱਸੇ 'ਚੋਂ ਸਰਮਾਏਦਾਰ ਜਮਾਤ ਵੱਲੋਂ ਹੜੱਪਿਆ ਹਿੱਸਾ ਹੀ ਉਸਦਾ ਮੁਨਾਫਾ ਹੁੰਦਾ ਹੈ ਤੇ ਮਜਦੂਰ ਜਮਾਤ ਨੂੰ ਮਿਲਿਆ ਹਿੱਸਾ ਉਸਦੀ ਉਜਰਤ ਹੁੰਦੀ ਹੈ। ਇੱਕ ਛੋਟੀ ਜਿਹੀ ਉਦਾਹਰਣ ਇਸਨੂੰ ਹੋਰ ਸਪੱਸ਼ਟ ਕਰੇਗੀ। ਮੰਨ ਲਵੋ 10 ਵਿਅਕਤੀ ਜਿਹਨਾਂ 'ਚੋਂ ਦੋ ਸਰਮਾਏਦਾਰ ਤੇ ਅੱਠ ਮਜਦੂਰ ਹਨ, ਇੱਕ ਵੱਡੇ ਭਾਂਡੇ 'ਚੋਂ ਖੀਰ ਖਾਣ ਬੈਠਦੇ ਹਨ। ਹਰੇਕ ਦੇ ਹੱਥ 'ਚ ਆਪਣਾ-ਆਪਣਾ ਚਮਚਾ ਹੈ ਤੇ ਭਾਂਡੇ 'ਚ 100 ਚਮਚੇ ਖੀਰ ਦੇ ਹਨ। ਇਹ ਤੈਅ ਹੁੰਦਾ ਹੈ ਕਿ 50 ਚਮਚੇ ਖੀਰ ਸਰਮਾਏਦਾਰਾਂ ਦੀ ਅਤੇ 50 ਚਮਚੇ ਮਜ਼ਦੂਰਾਂ ਦੀ। ਪਰ ਸਰਮਾਏਦਾਰ ਆਪਣਾ ਹਿੱਸਾ ਹੋਰ ਵਧਾਉਣਾ ਚਾਹੁੰਦੇ ਹਨ ਜੋ ਦੋ ਤਰੀਕਿਆਂ ਨਾਲ ਸੰਭਵ ਹੈ। ਪਹਿਲਾ ਤਰੀਕਾ ਹੈ ਕਿ ਸਰਮਾਏਦਾਰ ਸਿੱਧੇ ਹੀ ਮਜਦੂਰਾਂ ਨੂੰ ਖੀਰ ਹਾਸਿਲ ਕਰਨ ਤੋਂ ਰੋਕਣ (ਭਾਵ ਪੈਸਿਆਂ ਦੇ ਰੂਪ 'ਚ ਉਜਰਤ ਘਟਾਉਣ) ਜੋ ਕਿਸੇ ਹੱਦ ਤੱਕ ਹੀ ਸੰਭਵ ਹੈ ਅਤੇ ਜਿਸ ਵਿੱਚ ਮਜ਼ਦੂਰਾਂ ਵੱਲੋਂ ਜਵਾਬੀ ਹਮਲੇ ਦਾ ਵੀ ਖਤਰਾ ਹੈ। ਦੂਜਾ ਤਰੀਕਾ ਇਹ ਹੈ ਕਿ ਸਰਮਾਏਦਾਰ ਕਿਸੇ ਤਰੀਕੇ ਨਾਲ ਮਜਦੂਰਾਂ ਦੇ ਚਮਚੇ ਦਾ ਅਕਾਰ ਛੋਟਾ ਕਰ ਦੇਣ, ਜਿਸ ਨਾਲ ਚਮਚਿਆਂ ਦੀ ਗਿਣਤੀ ਤਾਂ ਓਨੀ ਹੀ ਰਹੇਗੀ ਪਰ ਮਜਦੂਰਾਂ ਦਾ ਹਿੱਸਾ ਘੱਟ ਜਾਵੇਗਾ। ਬਿਲਕੁਲ ਇਹੀ ਕੰਮ ਸਰਮਾਏਦਾਰ ਜਮਾਤ ਮਹਿੰਗਾਈ ਤੇ ਮੁਦਰਾ ਸਫ਼ੀਤੀ ਵਧਾਉਣ ਰਾਹੀਂ ਕਰਦੀ ਹੈ। ਇਸ ਤਰ੍ਹਾਂ ਮਹਿੰਗਾਈ ਵਧਣ ਦਾ ਕਿਸੇ ਪਾਸਿਓਂ ਵੀ ਅਬਾਦੀ ਨਾਲ਼ ਕੋਈ ਸੰਬੰਧ ਨਹੀਂ।

ਅਬਾਦੀ ਵਧਣ ਦੇ ਕਾਰਕਾਂ 'ਚ ਵੀ ਉਹਨਾਂ ਨੂੰ ਬੱਚਿਆਂ ਦਾ ਪੈਦਾ ਹੋਣਾ ਹੀ ਇੱਕੋ-ਇੱਕ ਕਾਰਨ ਲੱਗਦਾ ਹੈ ਅਤੇ ਉਹ ਸਮਝਦੇ ਹਨ ਕਿ ਬੱਚਿਆਂ ਨੂੰ ਪੈਦਾ ਘੱਟ ਕਰਨ ਨਾਲ਼ ਅਬਾਦੀ ਦਾ ਵਾਧਾ ਰੁਕ ਜਾਵੇਗਾ। **ਪਰ ਕੀ ਅਬਾਦੀ 'ਚ ਵਾਧਾ ਸਿਰਫ਼ ਬੱਚਿਆਂ ਦੇ ਪੈਦਾ ਹੋਣ ਕਰਕੇ ਹੀ ਹੁੰਦਾ ਹੈ ਜਾਂ ਕੀ ਅਜਿਹਾ ਵੀ ਹੁੰਦਾ ਹੈ ਕਿ ਜਨਮ ਦਰ ਘਟਣ ਦੇ ਬਾਵਜੂਦ ਅਬਾਦੀ ਦਾ ਵਾਧਾ ਹੁੰਦਾ ਹੈ ?** ਜੇ ਅਬਾਦੀ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਪਿਛਲੀ ਧਾਰਣਾ ਜ਼ਿਆਦਾ ਸਹੀ ਲੱਗਦੀ ਹੈ। ਭਾਰਤ ਦੀ ਗੱਲ ਕਰੀਏ, 1941-51 ਦੇ ਦਹਾਕੇ 'ਚ ਜਨਮ ਦਰ 39.9 ਸੀ ਜੋ 2011 ਦੀ ਜਨਗਣਨਾ ਅਨੁਸਾਰ ਘਟ ਕੇ 20.8 ਰਹਿ ਗਈ ਹੈ, ਭਾਵ ਅੱਧੀ ਹੋ ਗਈ ਹੈ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਅਬਾਦੀ ਘਟਣੀ ਚਾਹੀਦੀ ਸੀ। ਅਸਲ 'ਚ ਅਬਾਦੀ ਵਾਧੇ ਦਾ ਕਾਰਨ ਵੱਧ ਬੱਚੇ ਪੈਦਾ ਹੋਣਾ ਨਹੀਂ, ਸਗੋਂ ਮਨੁੱਖਾਂ ਦੇ ਮਰਨ ਦੀ ਦਰ ਘਟਣਾ ਹੈ। 1941-51 ਦੇ ਦਹਾਕੇ 'ਚ ਮੌਤ ਦਰ 27.4 ਸੀ ਜੋ 2011 ਦੀ ਜਨਗਣਨਾ ਅਨੁਸਾਰ ਘੱਟ ਕੇ 7.48 (ਕੁਝ ਹੋਰ ਸ੍ਰੋਤਾਂ ਅਨੁਸਾਰ 6.4) ਰਹਿ ਗਈ ਹੈ, ਭਾਵ ਇੱਕ-ਚੌਥਾਈ ਹੋ ਗਈ ਹੈ। ਘਟੀ ਹੋਈ ਮੌਤ ਦਰ ਦਾ ਦੋਹਰਾ ਅਸਰ ਪੈਂਦਾ ਹੈ- ਪਹਿਲਾ ਇਹ ਕਿ ਇਸ ਨਾਲ਼ ਬੱਚਿਆਂ ਦੀ ਮੌਤ ਦਰ ਘਟਦੀ ਹੈ ਜਿਸ ਕਾਰਨ ਵੱਧ ਮਨੁੱਖ ਬੱਚੇ ਪੈਦਾ ਕਰਨ ਦੀ ਉਮਰ ਤੱਕ ਪਹੁੰਚਦੇ ਹਨ। ਭਾਰਤ ਵਿੱਚ ਇੱਕ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ ਅਜ਼ਾਦੀ ਮਿਲਣ ਸਮੇਂ 268 ਪ੍ਰਤੀ ਹਜ਼ਾਰ ਸੀ, ਹੁਣ ਘੱਟ ਕੇ 50 ਦੇ ਨੇੜੇ ਆ ਗਈ ਹੈ। ਦੂਸਰਾ, ਇਸ ਨਾਲ਼ ਵਢੇਰੀ ਉਮਰ ਦੇ ਲੋਕਾਂ ਦੀ ਗਿਣਤੀ 'ਚ ਵਾਧਾ ਹੁੰਦਾ ਹੈ। ਭਾਰਤ ਵਿੱਚ ਅਜ਼ਾਦੀ ਵੇਲੇ ਔਸਤ ਉਮਰ 46 ਸਾਲ ਸੀ ਜੋ ਹੁਣ 70 ਸਾਲ ਤੋਂ ਉੱਪਰ ਟੱਪ ਚੁੱਕੀ ਹੈ, ਇਸ ਤਰ੍ਹਾਂ ਬਜ਼ੁਰਗਾਂ ਦੀ ਅਬਾਦੀ 'ਚ ਵੀ ਚੋਖਾ ਵਾਧਾ ਹੁੰਦਾ ਹੈ। ਇੱਕ ਅੰਦਾਜ਼ੇ ਮੁਤਾਬਕ 2050 'ਚ ਭਾਰਤ ਦੀ ਅਬਾਦੀ ਦਾ 20% ਤੋਂ ਵੀ ਜ਼ਿਆਦਾ ਹਿੱਸਾ 65 ਸਾਲ ਤੋਂ ਉੱਪਰ ਉਮਰ ਵਰਗ ਦੇ ਲੋਕਾਂ ਦਾ ਹੋਵੇਗਾ ਜੋ ਹੁਣ 10% ਦੇ ਲੱਗਭੱਗ ਹੈ।

ਹੋਰ ਤਾਂ ਹੋਰ, ਆਪਣੇ ਇਸ ਤਰਕ ਦਾ ਪੱਲਾ ਉਹ ਇੰਨਾ ਘੁੱਟ ਕੇ ਫੜਦੇ ਹਨ ਕਿ *ਉਹ ਹਿੰਦੂ ਫਾਸੀਵਾਦੀ ਲਾਣੇ ਦੇ ਤਰਕਾਂ 'ਤੇ ਪਹੁੰਚ ਜਾਂਦੇ ਹਨ।* "ਸਾਡੇ ਦੋ ਗੁਆਂਢੀ ਮੁਲਕਾਂ, ਪਾਕਿਸਤਾਨ ਤੇ ਬੰਗਲਾਦੇਸ਼ ਅੰਦਰ ਤਾਂ ਅਬਾਦੀ ਨੂੰ ਰੋਕਣ ਲਈ, ਮਜ਼੍ਹਬੀ ਕਾਰਨਾਂ ਕਰਕੇ ਕੋਈ ਪਾਬੰਦੀ ਨਹੀਂ ਲਾਈ ਜਾ ਸਕਦੀ। ਸਾਡੇ ਦੇਸ਼ ਵਿੱਚ ਵੀ ਮੁਸਲਮਾਨਾਂ ਦੀ ਆਬਾਦੀ ਲੱਗਭਗ ਪਾਕਿਸਤਾਨ ਜਿੰਨੀ ਹੈ। ਤਿੰਨੇ ਖਿੱਤਿਆਂ ਵਿੱਚ ਹਰ ਮੁਸਲਮਾਨ ਮਰਦ ਨੂੰ ਚਾਰ-ਚਾਰ ਸ਼ਾਦੀਆਂ ਕਰਨ ਦਾ ਅਧਿਕਾਰ ਹੈ" (**16 ਮਈ, 2010 'ਚ ਪੰਜਾਬੀ ਟ੍ਰਿਬਿਊਨ** 'ਚ ਛਪਿਆ ਉਹਨਾਂ ਦਾ ਲੇਖ **"ਵਧਦੀ ਅਬਾਦੀ ਦਾ ਐਟਮ ਬੰਬ'**)। ਉਹਨਾਂ ਨੂੰ ਲੱਗਦਾ ਹੈ ਕਿ ਕਿਉਂਕਿ ਮੁਸਲਮਾਨਾਂ 'ਚ ਚਾਰ ਔਰਤਾਂ ਨਾਲ਼ ਬਿਨਾਂ ਤਲਾਕ ਲਏ ਵਿਆਹ ਕਰਾਉਣ ਦੀ ਆਗਿਆ ਹੈ, ਇਸ ਲਈ ਮੁਸਲਮਾਨਾਂ 'ਚ ਅਬਾਦੀ ਵਧਣ ਦੀ ਰਫ਼ਤਾਰ ਜ਼ਿਆਦਾ ਹੈ। ਅਸਲ 'ਚ ਚਾਰ ਵਿਆਹ ਕਰਵਾਉਣ ਦੀ ਆਗਿਆ ਦੇਣ ਦਾ ਸਮਾਂ ਉਹ ਸਮਾਂ ਸੀ ਜਦੋਂ ਮੁਸਲਮਾਨ ਧਰਮ ਕਬੀਲਿਆਂ ਦਾ ਧਰਮ ਸੀ ਜੋ ਲੜਾਈਆਂ-ਜੰਗਾਂ 'ਚ ਉਲਝੇ ਰਹਿੰਦੇ ਸਨ ਜਿਸ ਕਾਰਨ ਮਰਦਾਂ ਦੀ ਸੰਖਿਆ ਘੱਟ ਰਹਿੰਦੀ ਸੀ ਕਿਉਂਕਿ ਉਹਨਾਂ 'ਚੋਂ ਬਹੁਤ ਸਾਰੇ ਲੜਾਈਆਂ 'ਚ ਮਾਰੇ ਜਾਂਦੇ ਸਨ। ਅਜਿਹੇ ਸਮੇਂ 'ਚ ਕਬੀਲੇ ਦੀ ਅਬਾਦੀ ਨੂੰ ਬਣਾਈ ਰੱਖਣ ਲਈ ਇੱਕ ਮਰਦ ਨੂੰ ਕਈ ਔਰਤਾਂ ਨਾਲ਼ ਵਿਆਹ ਕਰਾਉਣ ਦੀ ਆਗਿਆ ਸੀ ਅਤੇ ਇਹ ਉਸ ਸਮੇਂ ਸੰਭਵ ਵੀ ਸੀ ਕਿਉਂਕਿ ਔਰਤਾਂ ਦੀ ਗਿਣਤੀ ਮਰਦਾਂ ਨਾਲ਼ੋਂ ਵੱਧ ਹੁੰਦੀ ਸੀ। ਬਾਅਦ ਵਿੱਚ ਜਿਵੇਂ ਕਿ ਸਭ ਧਰਮਾਂ 'ਚ ਹੁੰਦਾ ਹੈ, ਉਸ ਸਮੇਂ ਦਾ ਕਾਨੂੰਨ ਸਥਾਈ ਬਣ ਜਾਂਦਾ ਹੈ ਅਤੇ ਅੱਜ ਤੱਕ ਜ਼ਾਰੀ ਹੈ। ਪਰ ਇਸਦਾ ਇਹ ਮਤਲਬ ਕਦੇ ਵੀ ਨਹੀਂ ਨਿਕਲਦਾ ਕਿ ਅੱਜ ਵੀ ਹਰੇਕ ਮੁਸਲਮਾਨ ਮਰਦ ਨਾਲ਼ ਚਾਰ-ਚਾਰ ਔਰਤਾਂ ਵਿਆਹੀਆਂ ਹੋਈਆਂ ਹਨ! ਇਹ ਸੰਭਵ ਹੀ ਨਹੀਂ ਹੈ। ਕਿਸੇ ਸਮਾਜ 'ਚ ਜੇ ਸਾਰੇ ਬੱਚਿਆਂ ਨੂੰ ਜਨਮ ਲੈਣ ਦਿੱਤਾ ਜਾਵੇ ਤਾਂ ਮੁੰਡਿਆਂ ਤੇ ਕੁੜੀਆਂ ਦੀ ਗਿਣਤੀ ਲਗਭਗ 50-50 ਹੁੰਦੀ ਹੈ ਜਿਸਦਾ ਸਿੱਧਾ ਮਤਲਬ ਇਹ ਨਿਕਲਦਾ ਹੈ ਕਿ ਜੇ ਉਸ ਸਮਾਜ ਦੇ ਮਰਦਾਂ ਦੀ ਗਿਣਤੀ ਕਿਸੇ ਤਰੀਕੇ ਨਾਲ਼ ਘੱਟ ਨਹੀਂ ਹੁੰਦੀ ਤਾਂ ਹਰ ਮਰਦ ਦਾ ਇੱਕ ਹੀ ਔਰਤ ਨਾਲ਼ ਵਿਆਹ ਹੋ ਸਕਦਾ ਹੈ, ਜੇ ਕੁਝ ਮਰਦ ਇੱਕ ਤੋਂ ਵੱਧ ਵਿਆਹ ਕਰਵਾਉਂਦੇ ਹਨ ਤਾਂ ਓਨੀ ਹੀ ਗਿਣਤੀ 'ਚ ਦੂਸਰੇ ਮਰਦਾਂ ਨੂੰ ਕੁਆਰੇ ਰਹਿਣਾ ਪਵੇਗਾ। ਇਸ ਦਾ ਨਤੀਜਾ ਇਹ ਨਿੱਕਲਦਾ ਹੈ ਕਿ ਬੱਚੇ ਪੈਦਾ ਕਰਨ ਲਈ ਬਣਨ ਵਾਲ਼ੇ ਮਰਦ-ਔਰਤ ਜੋੜਿਆਂ

ਦੀ ਗਿਣਤੀ ਉਹੀ ਰਹੇਗੀ ਜਿੰਨੀ ਕਿ ਇੱਕ ਔਰਤ ਨਾਲ਼ ਵਿਆਹ ਦੀ ਆਗਿਆ ਹੋਣ ਨਾਲ਼ ਹੋਣੀ ਸੀ। ਇਸ ਤਰ੍ਹਾਂ ਮੌਜੂਦਾ ਸਮੇਂ 'ਚ ਅਬਾਦੀ ਦੇ ਵਾਧੇ ਦਾ ਮੁਸਲਮਾਨ ਮਰਦ ਨੂੰ ਚਾਰ-ਚਾਰ ਸ਼ਾਦੀਆਂ ਕਰਨ ਦਾ ਅਧਿਕਾਰ ਨਾਲ਼ ਦੂਰ-ਦੂਰ ਦਾ ਵਾਸਤਾ ਨਹੀਂ। **ਅਸਲ 'ਚ ਇਹ ਤਰਕ ਜਨਸੰਘੀ ਲਾਣੇ ਦੇ ਮੁਸਲਮਾਨ-ਵਿਰੋਧੀ ਭੰਡੀ ਪ੍ਰਚਾਰ ਦਾ ਹਿੱਸਾ ਹਨ**, ਪਰ ਗੁਰਦਿਆਲ ਸਿੰਘ ਵਰਗੇ ਵਿਦਵਾਨ ਸੱਜਣ ਸੰਘੀਆਂ ਦੇ ਇਸ ਭੰਡੀ ਪ੍ਰਚਾਰ ਦਾ ਇਸ ਹੱਦ ਤੱਕ ਪ੍ਰਭਾਵ ਕਬੂਲਦੇ ਹਨ, ਇਹ ਅਚੰਭੇ ਦੀ ਗੱਲ ਹੈ।

ਅਬਾਦੀ ਘਟਾਉਣ ਲਈ ਗੁਰਦਿਆਲ ਸਿੰਘ ਨੁਸਖਾ ਵੀ ਸੁਝਾਉਂਦੇ ਰਹਿੰਦੇ ਹਨ ਜਿਹੜਾ ਉਹਨਾਂ ਨੂੰ ਸੰਜੇ ਗਾਂਧੀ ਦੇ ਭਗਤਾਂ ਨੇੜੇ ਖੜ੍ਹਾ ਕਰ ਦਿੰਦਾ ਹੈ। ਉਹਨਾਂ ਅਨੁਸਾਰ ਅਬਾਦੀ ਘਟਾਉਣ ਲਈ ਸਖ਼ਤ ਤੇ ਕਾਰਗਰ ਕਾਰਵਾਈ ਕਰਨੀ ਚਾਹੀਦੀ ਹੈ। *ਇਹ 'ਕਾਰਗਰ ਕਾਰਵਾਈ' ਉਹਨਾਂ ਅਨੁਸਾਰ ਚੀਨੀ ਤਰਜ਼ ਦੀ "ਇੱਕ ਬੱਚਾ ਜੰਮਣ" ਦੀ ਨੀਤੀ ਹੈ ਚਾਹੇ ਇਸ ਲਈ "ਡਿਕਟੇਟਰਸ਼ਿਪ" ਕਿਉਂ ਨਾ ਲਾਉਣੀ ਪਵੇ।* ਵੈਸੇ ਗੁਰਦਿਆਲ ਸਿੰਘ ਜੀ ਜੇ ਤੁਸੀਂ ਥੋੜ੍ਹਾ ਸਰਮਾਏਦਾਰੀ ਦੇ ਖੜ੍ਹੇ ਕੀਤੇ ਭੁਲਾਂਦਰਿਆਂ 'ਚੋਂ ਬਾਹਰ ਨਿਕਲ ਸਕੋਂ ਤਾਂ ਤੁਹਾਨੂੰ ਪਤਾ ਚੱਲ ਜਾਏਗਾ ਰਾਜਸੱਤ੍ਹਾ ਹੁੰਦੀ ਹੀ ਡਿਕਟੇਟਰਸ਼ਿਪ ਹੈ, ਫਿਲਹਾਲ ਇਹ ਸਰਮਾਏਦਾਰੀ ਜਮਾਤ ਦੀ ਡਿਕਟੇਟਰਸ਼ਿਪ ਹੈ। ਖੈਰ ਅਸੀਂ ਉਹਨਾਂ ਦੇ ਨੁਸਖੇ ਦੀ ਗੱਲ ਕਰਦੇ ਹਾਂ। ਪਹਿਲੀ ਗੱਲ ਤਾਂ ਇਹ ਕਿ ਚੀਨ 'ਚ ਅਬਾਦੀ ਵਧਣ ਦੀ ਰਫ਼ਤਾਰ ਇੱਕ ਬੱਚਾ ਜੰਮਣ ਦੀ ਨੀਤੀ ਨਾਲ਼ ਹੀ ਘਟੀ ਹੈ, ਇਹ ਵੀ ਇੱਕ ਭਰਮ ਹੈ ਜਿਸਨੂੰ ਤੱਥਾਂ ਸਹਿਤ ਸਿੱਧ ਕੀਤਾ ਜਾ ਸਕਦਾ ਹੈ। ਇੱਕ ਬੱਚੇ ਦੀ ਨੀਤੀ 1979 'ਚ ਦੇਂਗ ਜ਼ਿਓ ਪਿੰਗ ਦੀ ਸੋਧਵਾਦੀ ਜੁੰਡਲੀ ਨੇ ਲਾਗੂ ਕੀਤੀ ਸੀ। ਪਰ ਇਸ ਨੀਤੀ ਦੇ ਲਾਗੂ ਹੋਣ ਤੋਂ ਪਹਿਲਾਂ ਦੀ ਪ੍ਰਤੀ ਔਰਤ ਬੱਚਿਆਂ ਦੀ ਜਨਮ ਦਰ 6 ਤੋਂ ਘੱਟ ਕੇ ਨੀਤੀ ਲਾਗੂ ਹੋਣ ਦੇ ਸਮੇਂ ਤੱਕ ਘੱਟ ਕੇ 2.63 ਰਹਿ ਗਈ ਸੀ ਅਤੇ ਉਸਤੋਂ ਬਾਅਦ ਇੱਕ ਬੱਚੇ ਦੀ ਨੀਤੀ ਤਹਿਤ ਇਹ 2009 ਤੱਕ ਘਟ ਕੇ 1.8 (ਕੁਝ ਅਨੁਸਾਰ 1.64) ਹੋ ਗਈ ਹੈ। ਮਾਓ ਜ਼ੇ-ਤੁੰਗ ਕਾਲ 'ਚ ਪ੍ਰਤੀ ਔਰਤ ਬੱਚਿਆਂ ਦੀ ਜਨਮ ਦਰ ਘਟਣ ਦਾ ਕਾਰਨ ਲੋਕਾਂ ਦਾ ਜੀਵਨ ਪੱਧਰ ਉੱਚਾ ਹੋਣ, ਡਾਕਟਰੀ ਸਹੂਲਤਾਂ ਦੀ ਉਪਲਬਧਤਾ ਵਿਆਪਕ ਹੋਣ ਤੇ ਸੱਭਿਆਚਾਰਕ ਪੱਧਰ ਵਿਕਸਤ ਹੋਣਾ ਸੀ ਅਤੇ ਇਸ ਲਈ ਕਿਸੇ ਡਿਕਟੇਟਰਸ਼ਿਪ ਦੀ ਲੋੜ ਨਹੀਂ ਸੀ ਪਈ। ਦੂਜੀ ਗੱਲ ਇਹ ਕਿ ਇਸ ਤਰੀਕੇ ਨਾਲ਼ ਅਬਾਦੀ ਘਟਾਉਣ ਦੇ ਬੁਰੇ ਅਸਰ ਹੁਣ ਸਭ ਦੇ ਸਾਹਮਣੇ ਆ ਰਹੇ ਹਨ। ਚੀਨ 'ਚ 65 ਸਾਲ ਤੋਂ ਉੱਪਰ ਦੇ ਲੋਕਾਂ ਦੀ ਉਮਰ ਲਗਾਤਾਰ ਵਧ ਰਹੀ ਹੈ ਤੇ ਕੰਮ ਕਰਨ ਵਾਲ਼ੇ ਉਮਰ ਵਰਗ ਤੇ ਖਾਸ ਤੌਰ 'ਤੇ ਨੌਜਵਾਨਾਂ ਦੀ ਉਮਰ ਘਟ ਰਹੀ ਹੈ ਜਿਸ ਨਾਲ ਚੀਨ ਨੂੰ ਜਨਸੰਖਿਆ ਅਸੰਤੁਲਨ ਦਾ ਡਰ ਪੈਦਾ ਹੋ ਗਿਆ ਹੈ। ਇਸਨੂੰ **4-2-1 ਵਰਤਾਰਾ** ਕਹਿੰਦੇ ਹਨ। ਭਾਵ ਕਿ ਚਾਰ ਮਾਪਿਆਂ ਦੇ ਦੋ ਬੱਚੇ ਤੇ ਫਿਰ ਦੋ ਮਾਪਿਆਂ ਦਾ ਇੱਕ ਬੱਚਾ, ਇਸਦਾ ਸਿੱਟਾ ਇਹ ਨਿਕਲਿਆ ਹੈ ਕਿ ਇੱਕ ਪਾਸੇ ਤਾਂ ਆਪਣੇ ਚਾਰੇ ਮਾਪਿਆਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਇੱਕੋ ਜੋੜੇ 'ਤੇ ਆ ਪਈ ਹੈ, ਦੂਜੇ ਪਾਸੇ ਸਰਕਾਰ ਨੂੰ ਵੀ ਪੈਨਸ਼ਨਾਂ ਤੇ ਬਜ਼ੁਰਗਾਂ ਦੀ ਦੇਖਰੇਖ ਲਈ ਕਿਤੇ ਜ਼ਿਆਦਾ ਤਰੱਦਦ ਕਰਨਾ ਪੈ ਰਿਹਾ ਹੈ। ਇਸ ਤੋਂ ਬਿਨਾਂ ਇੱਕੋ ਬੱਚੇ ਦੀ ਆਗਿਆ ਹੋਣ ਕਾਰਨ ਮਾਦਾ ਭਰੂਣ ਹੱਤਿਆ ਦੀ ਬੁਰਾਈ ਆ ਪ੍ਰਗਟ ਹੋਈ ਹੈ (ਭਾਰਤ ਵਰਗੇ ਦੇਸ਼ ਵਿੱਚ ਜਿੱਥੇ ਪਹਿਲਾਂ ਹੀ ਇਹ ਬੁਰਾਈ ਇੰਨੀ ਭਿਅੰਕਰ ਹੈ, ਇੱਥੇ ਕੀ ਹਾਲ ਹੋਵੇਗਾ ਇਸ ਬਾਰੇ ਸੋਚਣਾ ਹੀ ਦਿਲ-ਕੰਬਾਊ ਹੈ)। ਸਰਮਾਏਦਾਰੀ ਦੇ ਸੰਕਟ ਦੇ ਦੌਰਾਂ 'ਚ ਜਦੋਂ ਪਾਰਲੀਮਾਨੀ ਤਰੀਕਿਆਂ ਨਾਲ਼ ਸਰਮਾਏਦਾਰੀ ਜਮਾਤ ਲਈ ਹਕੂਮਤ ਕਰਨਾ ਅਸੰਭਵ ਹੁੰਦਾ ਜਾਂਦਾ ਹੈ ਤਾਂ ਅਜਿਹੇ ਸਮੇਂ 'ਚ **ਫਾਸੀਵਾਦੀ ਧਾਰਾ ਜਮਹੂਰੀਅਤ ਨੂੰ ਖਾਰਜ ਕਰਨ ਲਈ ਹਰ ਸਮੱਸਿਆ ਲਈ "ਡਿਕਟੇਟਰਸ਼ਿਪ" ਨੂੰ ਹੀ ਇੱਕੋ-ਇੱਕ ਹੱਲ ਬਣਾ ਕੇ ਪੇਸ਼ ਕਰਦੀ ਹੈ** ਜਿਸਦਾ ਅਸਲ ਮਕਸਦ ਆਮ ਲੋਕਾਂ ਦੇ ਬਚੇ-ਖੁਚੇ ਹੱਕਾਂ ਨੂੰ ਵੀ ਖੋਹ ਲੈਣਾ ਅਤੇ ਨੰਗੀ-ਚਿੱਟੀ ਸਰਮਾਏਦਾਰੀ ਦੀ ਦਹਿਸ਼ਤਗਰਦ ਹਕੂਮਤ ਕਾਇਮ ਕਰਨਾ ਹੁੰਦਾ ਹੈ। ਅਬਾਦੀ ਨੂੰ "ਡਿਕਟੇਟਰਸ਼ਿਪ" ਰਾਹੀਂ ਕੰਟਰੋਲ ਕਰਨ ਦੀਆਂ ਜੜ੍ਹਾਂ ਵੀ ਇਸੇ ਫਾਸੀਵਾਦੀ ਵਿਚਾਰਧਾਰਾ 'ਚ ਪਈਆਂ ਹਨ ਜਿਸ ਤੋਂ ਸਾਫ਼ ਰੂਪ 'ਚ ਗੁਰਦਿਆਲ ਸਿੰਘ ਵੀ ਜਾਣੇ-ਅਨਜਾਣੇ ਪ੍ਰਭਾਵਿਤ ਹੋ ਗਏ ਹਨ।

ਕੀ ਅਬਾਦੀ 'ਚ ਵਾਧਾ ਬਿਨਾਂ ਰੋਕ-ਟੋਕ ਦੇ ਅਤੇ ਇੱਕੋ ਰਫ਼ਤਾਰ ਨਾਲ਼ ਹੀ ਹੋ ਰਿਹਾ ਹੈ ਜਾਂ ਫਿਰ ਹੋ ਸਕਦਾ ਹੈ ਵਾਧਾ ਦਰ ਵੱਧ ਵੀ ਰਹੀ ਹੋਵੇ ਜਿਸ ਤਰ੍ਹਾਂ ਕਿ ਇਹਨਾਂ ਵਿਦਵਾਨਾਂ ਦੇ "ਬੇਤਹਾਸ਼ਾ ਵਾਧਾ" "ਬੇਰੋਕ-ਟੋਕ ਵਾਧਾ" "ਅਤਿਅੰਤ ਗੰਭੀਰ ਸੰਕਟ" "ਅਨਿਯੰਤ੍ਰਿਤ ਵਾਧਾ" ਆਦਿ ਸ਼ਬਦਾਂ ਤੋਂ ਲੱਗਦਾ ਹੈ? ਇੱਥੇ ਵੀ ਉੱਤਰ ਨਾਂਹ 'ਚ ਹੀ ਮਿਲਦਾ ਹੈ। ਭਾਰਤ ਦੇ ਸੰਦਰਭ 'ਚ, ਵਸੋਂ ਦੀ ਸਾਲਾਨਾ ਵਾਧਾ ਦਰ ਜੋ 1962 ਦੇ ਸਾਲ 'ਚ 2.2% ਸੀ (ਇਹ ਹੁਣ ਤੱਕ ਦੀ ਸਭ ਤੋਂ ਜ਼ਿਆਦਾ ਸਾਲਾਨਾ ਵਾਧਾ ਦਰ ਹੈ। ਪਹਿਲਾਂ ਹੀ 2009 'ਚ ਘੱਟ ਕੇ 1.1% ਰਹਿ ਗਈ ਹੈ। ਬੱਚਾ ਪੈਦਾ ਕਰਨ ਦੇ ਯੋਗ ਔਰਤ ਨੂੰ ਜੰਮਣ ਵਾਲ਼ੇ ਬੱਚਿਆਂ ਦੀ ਦਰ (Total Fertility Rate) ਘੱਟ ਕੇ 2.5 ਰਹਿ ਗਈ ਹੈ (ਜੇ ਇਹ ਦਰ 2.0 ਹੋ ਜਾਵੇ ਤਾਂ ਅਬਾਦੀ ਸਥਿਰ ਮੰਨੀ ਜਾਂਦੀ ਹੈ) ਅਤੇ ਇਹ ਦਰ 2017 ਤੱਕ ਘੱਟ ਕੇ 2.1 ਰਹਿ ਜਾਣ ਦਾ ਅਨੁਮਾਨ ਹੈ। ਭਾਰਤ ਦੇ ਕੁਝ ਸੂਬਿਆਂ 'ਚ ਇਹ ਦਰ 2.0 ਤੋਂ ਵੀ ਥੱਲੇ ਚਲੀ ਗਈ ਹੈ ਜਿਹਨਾਂ 'ਚ ਪੰਜਾਬ, ਤਮਿਲਨਾਡੂ, ਆਂਧਰਾ ਪ੍ਰਦੇਸ਼, ਕੇਰਲਾ, ਪੱਛਮੀ ਬੰਗਾਲ ਤੇ ਹਿਮਾਚਲ ਪ੍ਰਦੇਸ਼, ਇਹਨਾਂ ਸਭ 'ਚ ਟੀ. ਐੱਫ. ਆਰ. 1.8 ਹੈ ਜੋ ਯੂਰਪੀ ਦੇਸ਼ ਸਵੀਡਨ ਦੇ ਬਰਾਬਰ ਹੈ; ਮਹਾਂਰਾਸ਼ਟਰ ਤੇ ਦਿੱਲੀ 'ਚ ਇਹੀ ਦਰ 1.9 ਹੈ। ਇਹਨਾਂ ਸੂਬਿਆਂ 'ਚ ਜੋ ਅਬਾਦੀ ਦਾ ਵਾਧਾ ਹੋਵੇਗਾ ਉਹ ਬਜ਼ੁਰਗਾਂ ਦੀ ਵਧ ਰਹੀ ਗਿਣਤੀ ਕਾਰਨ ਹੋਵੇਗਾ। ਇਹਨਾਂ ਸੂਬਿਆਂ 'ਚ ਅਬਾਦੀ ਦੇ ਵਧਣ ਦਾ ਦੂਜਾ ਕਾਰਨ ਪਰਵਾਸ ਹੋਵੇਗਾ। ਫਿਰ ਇੱਕ ਸਮੇਂ ਬਾਅਦ ਜਨਮ ਦਰ ਦੇ ਮੌਤ ਦਰ ਤੋਂ ਪਿੱਛੇ ਰਹਿ ਜਾਣ ਕਾਰਨ ਅਬਾਦੀ ਘਟਣ ਲੱਗੇਗੀ। ਬਹੁਤ ਸਾਰੇ ਯੂਰਪੀ ਦੇਸ਼ ਜਿਹਨਾਂ 'ਚ 19ਵੀਂ ਸਦੀ, ਤੇ 20ਵੀਂ ਸਦੀ ਦੇ ਸ਼ੁਰੂਆਤੀ ਦਹਾਕਿਆਂ 'ਚ ਅਬਾਦੀ 'ਚ ਤੇਜ਼ ਵਾਧਾ ਹੋਇਆ ਸੀ, ਅਬਾਦੀ ਦੇ ਚੱਕਰ ਦੇ ਇਸ ਪੜਾਅ 'ਚ ਦਾਖਿਲ ਹੋ ਚੁੱਕੇ ਹਨ। ਇਸ ਤੋਂ ਇਲਾਵਾ ਕਰਨਾਟਕ ਤੇ ਜੰਮੂ ਕਸ਼ਮੀਰ 'ਚ ਇਹ ਦਰ 2.0 ਹੋ ਚੁੱਕੀ ਹੈ। ਸੰਸਾਰ ਪੱਧਰ

’ਤੇ ਵੀ ਅਬਾਦੀ ਦੇ ਵਧਣ ਦੀ ਗਤੀ ਮੱਠੀ ਹੋ ਰਹੀ ਹੈ, ਜਿਸਦੀ ਪੁਸ਼ਟੀ ਸਾਰਣੀ–1 ਤੋਂ ਹੋ ਜਾਂਦੀ ਹੈ।

ਹੁਣ ਇੱਕ ਭ੍ਰਾਤ **ਸੁਰਜੀਤ ਸਿੰਘ ਢਿੱਲੋਂ** ਹੁਰਾਂ ਦੇ ਲੇਖ **“ਭਲੇ ਭਵਿੱਖ ਦੇ ਸੁਪਨਿਆਂ ਦਾ ਸੱਚ”** (**ਪੰਜਾਬੀ ਟ੍ਰਿਬਿਊਨ**, **7 ਅਕਤੂਬਰ** 2012) ’ਤੇ ਵੀ ਪਾ ਲਈਏ। **ਉਹਨਾਂ ਅਨੁਸਾਰ ਵੀ ਗਰੀਬੀ ਦਾ ਮੂਲ ਕਾਰਨ “ਆਫਰਨ ’ਤੇ ਆਈ ਵਸੋਂ” ’ਚ ਪਿਆ ਹੈ**, ਭਾਵ ਕਿ ਗਰੀਬੀ ਦੇ ਖਾਤਮੇ ਲਈ ਵਸੋਂ ਘਟਾਉਣੀ ਲਾਜ਼ਮੀ ਹੈ। ਜ਼ਰਾ ਦੇਖੀਏ ਕਿ ਇਹਨਾਂ ਦਾ ਇਹ ਤਰਕ ਇਹਨਾਂ ਨੂੰ ਕਿੱਥੇ ਲੈ ਕੇ ਜਾਂਦਾ ਹੈ? ਆਓ ਆਪਾਂ ਭਾਰਤ ਵਿੱਚ ਧੰਨ–ਸੰਪੱਤੀ ਦੇ ਆਬਾਦੀ ਵਿੱਚ ਬਟਵਾਰੇ ਨੂੰ ਦੇਖੀਏ। ਭਾਰਤ ਦੀ ਉੱਪਰਲੀ 1% ਆਬਾਦੀ ਦੇਸ਼ ਦੀ 16%, ਉੱਪਰਲੀ 5% ਆਬਾਦੀ 38% ਅਤੇ ਉੱਪਰਲੀ 10% ਆਬਾਦੀ 53% ਧੰਨ–ਸੰਪਤੀ ’ਤੇ ਕਾਬਜ਼ ਹੈ। ਹੇਠਲੀ ਆਬਾਦੀ ਦਾ ਹਾਲ ਕੀ ਹੈ– ਹੇਠਲੇ 80% ਲੋਕਾਂ ਕੋਲ 30%, ਹੇਠਲੇ 50% ਕੋਲ 8%, ਹੇਠਲੇ 20% ਕੋਲ 1% ਅਤੇ ਹੇਠਲੇ 10% ਲੋਕਾਂ ਕੋਲ ਦੇਸ਼ ਦੀ ਧਨ–ਸੰਪਤੀ ਦਾ ਮਹਿਜ਼ 0.2% ਹਿੱਸਾ ਹੈ। ਇਸ ਤਰਾਂ ਸਾਫ਼ ਹੈ ਕਿ ਭਾਰਤ ਦੀ ਹੇਠਲੀ 80% ਆਬਾਦੀ ਵੀ ਖਤਮ ਜਾਂ ਘੱਟ ਕਰ ਦਿੱਤੀ ਜਾਵੇ ਤਾਂ ਬਾਕੀ ਬਚੀ ਅਬਾਦੀ ਦੀ ਅਮੀਰੀ ’ਚ ਕੋਈ ਖਾਸ ਵਾਧਾ ਨਹੀਂ ਹੋਣ ਵਾਲਾ, ਹਾਂ ਅਬਾਦੀ ਘੱਟ ਕਰਨ ਦਾ ਸੰਜੇ ਗਾਂਧੀ ਵਾਲ਼ਾ ਫਾਰਮੂਲਾ ਉੱਪਰੋਂ ਲਾਗੂ ਕਰਨਾ ਸ਼ੁਰੂ ਕਰ ਦਈਏ ਤਾਂ ਗੁਣਾਤਮਕ ਫਰਕ ਪਵੇਗਾ!! ਹੁਣ ਢਿੱਲੋਂ ਸਾਬ੍ਹ ਹੀ ਦੱਸਣ ਕਿ ਉਹ ਕਿਸ ਪਾਸਿਓਂ ਅਬਾਦੀ ਘਟਾਉਣੀ ਸ਼ੁਰੂ ਕਰਨਗੇ ਤੇ ਕਿੰਨੀ ਘਟਾਉਣੀ ਚਾਹੁੰਣਗੇ 10%, 15% ਜਾਂ ਇਸ ਤੋਂ ਵੱਧ!!

ਕਿਉਂਕਿ ਢਿੱਲੋਂ ਸਾਬ੍ਹ ਜੀਵ–ਵਿਗਿਆਨ ਦੇ ਪ੍ਰੋਫੈਸਰ ਰਹੇ ਹਨ, ਇਸ ਲਈ ਜੀਵ–ਵਿਗਿਆਨੀ ਫਾਰਮੂਲੇ ਮਨੁੱਖੀ ਸਮਾਜ ’ਤੇ ਲਾਗੂ ਨਾ ਕਰਨ, ਇਹ ਕਿਵੇਂ ਹੋ ਸਕਦਾ ਹੈ। ਉਹਨਾਂ ਅਨੁਸਾਰ – “ਜੀਵਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਦੋ ਤੋਂ ਚਾਰ, ਚਾਰ ਤੋਂ ਅੱਠ, ਅੱਠ ਤੋਂ ਸੋਲ੍ਹਾਂ ਹੁੰਦੇ ਹੋਏ ਵਧਦੇ ਹਨ। ਅਤੇ ਹਰ ਪ੍ਰਾਣੀ, ਸਮੇਤ ਮਨੁੱਖ ਦੇ, ਇਸੇ ਠਾਠ ਨਾਲ਼ ਆਪਣੀ ਵਸੋਂ ’ਚ ਵਾਧਾ ਕਰਨ ਦੇ ਯੋਗ ਹੈ।” ਪਰ ਉਹ ਭੁੱਲ ਜਾਂਦੇ ਹਨ ਕਿ ਇਹ ਉਹਨਾਂ ਜੀਵਾਂ ’ਤੇ ਲਾਗੂ ਹੁੰਦਾ ਹੈ ਜੋ ਇੱਕ ਕੋਸ਼ਿਕਾ ਵਾਲ਼ੇ ਹੁੰਦੇ ਹਨ ਤੇ ਪ੍ਰਜਣਨ ਲਈ ਪੁਰਾਣਾ ਜੀਵ ਇੱਕ ਨਿਸ਼ਚਿਤ ਸਮੇਂ ਬਾਅਦ ਦੋ ਨਵੇਂ ਜੀਵਾਂ ’ਚ ਟੁੱਟ ਜਾਂਦਾ ਹੈ, ਪਰ ਮਨੁੱਖਾਂ ’ਚ ਪ੍ਰਜਣਨ ਦੀ ਕਿਰਿਆ ਇਸ ਤੋਂ ਬਿਲਕੁਲ ਅਲੱਗ ਹੈ। ਨਾਲ਼ੇ ਜੇ ਅਜਿਹਾ ਹੁੰਦਾ ਤਾਂ ਮਨੁੱਖਾਂ ਦੀ ਵਸੋਂ ਆਰੰਭ ਤੋਂ ਹੀ ਇਸੇ ਰਫ਼ਤਾਰ ਨਾਲ਼ ਵਧਣੀ ਸੀ ਜਦਕਿ ਮਨੁੱਖੀ ਅਬਾਦੀ ਦਾ ਇਤਿਹਾਸਕ ਗਰਾਫ਼ ਇਸਨੂੰ ਸਾਫ਼ ਤੌਰ ’ਤੇ ਝੁਠਲਾਉਂਦਾ ਹੈ। ਅਸਲ ਵਿੱਚ ਜਦੋਂ ਵਿਗਿਆਨ ਦੀ ਇੱਕ ਸਾਖਾ ਦੇ ਸਿੱਟਿਆਂ ਨੂੰ ਵਿਗਿਆਨ ਦੀ ਦੂਜੀ ਸ਼ਾਖਾ ’ਚ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਅਜਿਹੇ ਮੂਰਖਤਾਪੂਰਣ ਨਤੀਜੇ ਹੀ ਨਿਕਲਦੇ ਹਨ। **ਵੈਸੇ ਇਹ ਇੱਕ ਕਿਸਮ ਦਾ ਮਾਲਥਸਵਾਦੀ ਸਿਧਾਂਤ ਹੀ ਹੈ**। ਜਨਾਬ ਮਾਲਥਸ ਅਨੁਸਾਰ ਮਨੁੱਖਾਂ ਦੀ ਆਬਾਦੀ 1, 2, 4, 8, 16.. ਦੀ ਰਫਤਾਰ ਨਾਲ਼ ਭਾਵ ਰੇਖਾ ਗਣਿਤਕ ਕ੍ਰਮ ’ਚ ਵਧਦੀ ਹੈ ਜਦ ਕਿ ਅੰਨ ਦੀ ਪੈਦਾਵਾਰ 1, 2, 3, 4, 5.. ਢੰਗ ਨਾਲ਼ ਭਾਵ ਅੰਕ ਗਣਿਤਕ ਕ੍ਰਮ ’ਚ, ਇਸ ਲਈ ਭੁੱਖਮਰੀ ਦਾ ਫੈਲਣਾ ਅਟੱਲ ਹੈ। ਨਵ–ਮਾਲਥਸਵਾਦੀ ਹੁਣ ਇੱਕ ਵਾਰ ਫਿਰ ਤੋਂ ਸਰਗਰਮ ਹਨ। ਦੁਨੀਆਂ ਭਰ ’ਚ ਪੈਦਾ ਹੋ ਰਹੇ ਖੁਰਾਕੀ ਸੰਕਟ ਅਤੇ ਖੁਰਾਕੀ ਪਦਾਰਥਾਂ ਤੇ ਤੇਲ ਦੀਆਂ ਵੱਧ ਰਹੀਆਂ ਕੀਮਤਾਂ ਨੂੰ ਉਹ ਆਪਣੇ ਸਿਧਾਂਤ ਦੇ ਪੱਖ ’ਚ ਦਲੀਲ ਵਜੋਂ ਪੇਸ਼ ਕਰ ਰਹੇ ਹਨ। ਪ੍ਰੋ. ਢਿੱਲੋਂ ਹੁਰਾਂ ਨੇ ਵੀ ਇਹਨਾਂ ਦਾ ਜੂਠਾ ਖਾ ਲਿਆ ਲੱਗਦਾ ਹੈ। ਸਭ ਤੋਂ ਪਹਿਲਾਂ ਖੁਰਾਕੀ ਸੰਕਟ ਦੀ ਗੱਲ ਕਰੀਏ। ਭਾਰਤ ਦੇ ਮਾਮਲੇ ’ਚ ਅਸੀਂ ਪਹਿਲਾਂ ਹੀ ਦੇਖ ਚੁੱਕੇ ਹਾਂ ਕਿ ਘੱਟੋ–ਘੱਟ ਅਨਾਜ ਦੀ ਕੋਈ ਕਮੀ ਨਹੀਂ ਹੈ ਪਰ ਕੀਮਤਾਂ ਇਸ ਦੀਆਂ ਵੀ ਵਧ ਰਹੀਆਂ ਹਨ। ਕੀਮਤਾਂ ਵਧਣ ਦਾ ਗੋਰਖ–ਧੰਦਾ ਕੀ ਹੈ, ਇਸ ਬਾਰੇ ਵੀ ਅਸੀਂ ਗੱਲ ਕਰ ਹੀ ਚੁੱਕੇ ਹਾਂ। ਖੁਰਾਕੀ ਸੰਕਟ ਦਾ ਦੂਜਾ ਕਾਰਨ ਪੈਦਾਵਾਰ ਦਾ ਘਟਣਾ ਨਹੀਂ, ਸਗੋਂ ਲੋਕਾਂ ਦੀ ਖਰੀਦ ਸ਼ਕਤੀ ਘਟਣਾ ਹੈ ਜਿਸ ਦਾ ਕਾਰਨ ਅਬਾਦੀ ਨਹੀਂ ਸਰਮਾਏਦਾਰਾ ਲੁੱਟ ਹੈ। ਪੂਰੇ ਸੰਸਾਰ ’ਚ ਸਮੇਤ ਭਾਰਤ ਅਨਾਜ ਦੀ ਵੱਡੀ ਮਾਤਰਾ ਗੁਦਾਮਾਂ ’ਚ ਪਈ ਸੜ ਰਹੀ ਹੈ ਅਤੇ ਕਾਫ਼ੀ ਵੱਡੀ ਮਾਤਰਾ ਅਬਾਦੀ ਦਾ ਉਪਰਲਾ 10–15% ਹਿੱਸਾ ਬਰਬਾਦ ਕਰ ਰਿਹਾ ਹੈ ਜੋ ਥੋੜ੍ਹਾ ਖਾਂਦਾ ਹੈ ਬਹੁਤਾ ਖਿਡਾਉਂਦਾ ਹੈ, ਕੰਮ ਵੀ ਕੋਈ ਨਹੀਂ ਕਰਦਾ ਤੇ ਮੋਟਾ ਹੋ ਕੇ ਧਰਤੀ ’ਤੇ ਭਾਰ ਵਧਾ ਰਿਹਾ ਹੈ। ਇੱਥੇ ਹੀ ਬੱਸ ਨਹੀਂ, ਅਮਰੀਕਾ ਜਿਹੇ ਦੇਸ਼ ਤਾਂ ਮੰਡੀ ’ਚ ਅਨਾਜ ਦੀਆਂ ਕੀਮਤਾਂ ਨੂੰ ਡਿੱਗਣ ਤੋਂ ਰੋਕਣ ਲਈ ਅਨਾਜ ਦੀ ਵੱਡੀ ਮਾਤਰਾ ਸਮੁੰਦਰ ’ਚ ਰੋੜ੍ਹ ਦਿੰਦੇ ਹਨ। ਇਸ ਤੋਂ ਇਲਾਵਾ, ਅਨਾਜ ਦਾ ਇੱਕ ਵੱਡਾ ਹਿੱਸਾ ਹੁਣ ਜੈਵਿਕ ਬਾਲਣ (ਬਾਇਓ ਫਿਊਲ) ਬਣਾਉਣ ਦੀ ਭੇਟਾ ਚੜ੍ਹਨ ਲੱਗਾ ਹੈ ਜਿਸ

**ਸਾਰਣੀ** - 1

| ਸਾਲ | 1804 | 1927 | 1960 | 1974 | 1987 | 1999 | 2012 | 2027* | 2046* | 2086* |
|---|---|---|---|---|---|---|---|---|---|---|
| ਵਸੋਂ (ਬਿਲੀਅਨ ਵਿੱਚ) | 1 | 2 | 3 | 4 | 5 | 6 | 7 | 8 | 9 | 10 |
| ਇੱਕ ਬਿਲੀਅਨ ਵਸੋਂ ਵਧਣ ’ਚ ਲੱਗੇ ਸਾਲ | — | 123 | 33 | 14 | 13 | 12 | 13 | 15 | 19 | 40 |

* ਅਬਾਦੀ ’ਚ ਵਾਧੇ ਦੇ ਮੌਜੂਦਾ ਰੁਝਾਨ ਅਨੁਸਾਰ ਅਨੁਮਾਨ

ਨਾਲ਼ ਮੁੱਠੀ ਭਰ ਅਮੀਰਾਂ ਦੀਆਂ ਕਾਰਾਂ ਸੜਕਾਂ 'ਤੇ ਦੌੜਦੀਆਂ ਹਨ। ਅਨਾਜ ਦੀ ਉਪਲਬਧ ਮਾਤਰਾ ਨੂੰ ਹੀ ਜੇ ਠੀਕ ਤਰੀਕੇ ਵੰਡਿਆ ਹੀ ਜਾਵੇ (ਭਾਵੇਂ ਕਿ ਪੈਦਾਵਾਰ ਵਧਾਉਣ ਦੀ ਵੀ ਚੋਖੀ ਸੰਭਾਵਨਾ ਹੈ) ਉਸ ਨਾਲ਼ ਹੀ ਸੰਸਾਰ 'ਚ ਖ਼ੁਰਾਕ ਸੰਕਟ ਨਾਂ ਦੀ ਕਿਸੇ ਚੀਜ਼ ਦੀ ਹੋਂਦ ਨਹੀਂ ਰਹਿਣੀ। **ਇੱਕ ਤਾਜ਼ਾ ਅਧਿਐਨ ਅਨੁਸਾਰ ਜੇ ਹਰ ਖਰਾਬ ਹੁੰਦੇ ਅੱਧੇ ਅਨਾਜ ਨੂੰ ਵੀ ਬਚਾ ਲਿਆ ਜਾਵੇ ਤਾਂ ਇਸ ਨਾਲ਼ ਇੱਕ ਬਿਲੀਅਨ ਲੋਕਾਂ ਦਾ ਢਿੱਡ ਭਰਿਆ ਜਾ ਸਕਦਾ ਹੈ।** ਅੱਗੇ ਪ੍ਰੋ. ਢਿੱਲੋਂ ਲਿਖਦੇ ਹਨ - ਸਿਰਫ਼ ਅੰਨ ਖਾਧਿਆਂ ਗੁਜ਼ਾਰਾ ਨਹੀਂ ਹੁੰਦਾ? ...ਸਾਗ-ਸਬਜ਼ੀਆਂ, ਫਲ, ਦੁੱਧ-ਦਹੀਂ ਆਦਿ ਵੀ ਚਾਹੀਦੇ ਹਨ। ਬਿਲਕੁਲ ਜੀ, ਤੁਸੀਂ ਦਰੁਸਤ ਫ਼ਰਮਾਇਆ ਪਰ ਕੀ ਸੰਕਟ ਇਹਨਾਂ ਦੀ ਉਪਲਬਧਤਾ ਦਾ ਹੈ ਜਾਂ ਲੋਕਾਂ ਦੁਆਰਾ ਖਰੀਦ ਨਾ ਸਕਣ ਦਾ ਹੈ। ਇੱਕ ਅਨਪੜ੍ਹ ਵੀ ਜਾਣਦਾ ਹੈ ਕਿ ਕਹਾਣੀ ਕੀ ਹੈ, ਪਰ ਪੜ੍ਹੇ-ਲਿਖੇ ਆਪਣੀਆਂ ਐਨਕਾਂ 'ਤੇ ਕਾਲ਼ਾ ਰੰਗ ਕਰਵਾਈ ਰੱਖਦੇ ਹਨ।

ਇੱਕ ਹੋਰ ਗੈਰ-ਵਿਗਿਆਨਕ ਦਲੀਲ ਪ੍ਰੋ. ਢਿੱਲੋਂ ਤੇ ਹੋਰ ਕਈ ਵਿਦਵਾਨ ਇਹ ਘੜ੍ਹਦੇ ਹਨ ਕਿ *ਧਰਤੀ ਦਾ ਇੱਕ ਟੁਕੜਾ ਜੀਵਾਂ ਦੀ ਇੱਕ ਨਿਸ਼ਚਿਤ ਗਿਣਤੀ ਨੂੰ ਹੀ ਸਹਾਰ ਸਕਦਾ ਹੈ, ਜਦੋਂ ਗਿਣਤੀ ਉਸ ਖਾਸ ਗਿਣਤੀ ਤੋਂ ਵਧ ਜਾਂਦੀ ਹੈ ਤਾਂ ਵਿਨਾਸ਼ ਹੋਣਾ ਲਾਜ਼ਮੀ ਹੈ। ਇਹ ਵੀ ਮਾਲਥਸਵਾਦੀ ਤਰਕਸ਼ 'ਚੋਂ ਚੁੱਕਿਆ ਤੀਰ ਹੈ ਜੋ ਕਦੋਂ ਦਾ ਬੇਕਾਰ ਹੋ ਚੁੱਕਾ ਹੈ।* ਢਿੱਲੋਂ ਸਾਬ੍ਹ ਇਸ ਨੂੰ ਸਪੱਸ਼ਟ ਕਰਨ ਲਈ ਹਿਰਨਾਂ ਦੀ ਉਦਾਹਰਨ ਹਨ, ਹੋਰ ਵਿਦਵਾਨ ਜਿਵੇਂ ਕਿ ਨੂਰਪੁਰ ਹੁਰੀਂ ਡਾਇਨਾਸੋਰਾਂ ਦੀ ਉਦਾਹਰਨ ਦਿੰਦੇ ਹਨ। ਅਜਿਹਾ ਲੱਗਦਾ ਹੈ ਕਿ ਮਨੁੱਖੀ ਸਮਾਜ ਨਾਲ ਜੁੜੇ ਮਸਲੇ ਵਿਦਵਾਨਾਂ ਲਈ ਜਾਂ ਤਾਂ ਆਮ ਲੋਕਾਂ ਨੂੰ ਉਪਦੇਸ਼ ਦੇਣ ਦਾ ਖੇਤਰ ਲੱਗਦੇ ਹਨ ਜਾਂ ਫਿਰ ਉਹ ਇਹ ਇਹਨਾਂ ਨੂੰ ਸੜਕ 'ਤੇ ਲੇਟੀ ਕੁੱਤੀ ਵਾਂਗ ਲੱਗਦੇ ਹਨ ਜਿਸਨੂੰ ਜਦ ਦਿਲ ਕਰੇ ਲੰਘਦੇ-ਟੱਪਦੇ ਲੱਤ ਮਾਰ ਦਿਉ। ਵਿਦਵਾਨ ਸੱਜਣੋਂ, ਕੀ ਪਸ਼ੂ ਜਗਤ ਤੇ ਮਨੁੱਖਾਂ 'ਚ ਤੁਹਾਨੂੰ ਕੋਈ ਫ਼ਰਕ ਵੀ ਲੱਗਦਾ ਹੈ ਕਿ ਨਹੀਂ। ਅਸਲ ਵਿੱਚ ਇਹ ਵਿਦਵਾਨ ਇਸ ਜੁਮਲੇ ਦੇ ਸ਼ਿਕਾਰ ਹਨ - ਮਨੁੱਖ ਇੱਕ ਹੋਰ ਜਾਨਵਰ ਹੈ (Man is just an another animal)। ਮਨੁੱਖ ਜਿੱਥੇ ਕੁਦਰਤ ਦਾ ਇੱਕ ਹਿਸਾ ਹੈ, ਉਥੇ ਇਹ ਕੁਦਰਤ ਨੂੰ ਪ੍ਰਭਾਵਿਤ ਵੀ ਕਰਦਾ ਹੈ। ਮਨੁੱਖ ਦੀ ਚੇਤਨਾ ਦਾ ਵਿਕਾਸ ਪਸ਼ੂ ਜਗਤ ਨਾਲੋਂ ਕਿਤੇ ਜ਼ਿਆਦਾ ਹੈ, ਮਨੁੱਖ ਇੱਕ ਪੈਦਾਕਾਰ ਹੈ, ਇਹ ਸੰਦਾਂ ਦਾ ਇਸਤੇਮਾਲ ਕਰਦਾ ਹੈ, ਇਹ ਕੁਦਰਤ ਨੂੰ ਆਪਣੀ ਸੇਵਾ 'ਚ ਲਾਉਂਦਾ ਹੈ। ਇਹ ਪਸ਼ੂਆਂ ਨੂੰ ਪਾਲਤੂ ਬਣਾ ਕੇ ਪਸ਼ੂ-ਪਾਲਣ ਸ਼ੁਰੂ ਕਰਦਾ ਹੈ, ਖੇਤੀ ਕਰਨੀ ਸ਼ੁਰੂ ਕਰਦਾ ਹੈ, ਸ਼ਹਿਰ ਵਸਾਉਂਦਾ ਹੈ, ਵੱਡੇ-ਵੱਡੇ ਅਜੂਬੇ ਉਸਾਰ ਦਿੰਦਾ ਹੈ। ਇਹ ਸਮਝਣਾ ਕਿ ਮਨੁੱਖ ਪੂਰੀ ਤਰ੍ਹਾਂ ਕੁਦਰਤ ਦਾ ਗੁਲਾਮ ਹੈ, ਮਨੁੱਖ ਦੀ ਚੇਤਨਾ ਨੂੰ ਬਹੁਤ ਘੱਟ ਕਰਕੇ ਦੇਖਣਾ ਹੈ ਅਤੇ ਮਨੁੱਖ ਬਾਰੇ ਬਹੁਤ ਪੇਤਲੀ ਸਮਝ ਰੱਖਣਾ ਹੈ। ਕੋਈ ਸਮਾਂ ਸੀ ਅਕਾਲ ਪੈਂਦੇ ਸਨ, ਪਰ ਅੱਜ ਨਹੀਂ ਪੈਂਦੇ। ਕੋਈ ਸਮਾਂ ਸੀ ਪਲੇਗ ਮਨੁੱਖਤਾ ਦੇ ਇੱਕ ਤਿਹਾਈ ਹਿੱਸੇ ਨੂੰ ਖਤਮ ਕਰ ਦਿੰਦੀ ਸੀ, ਪਰ ਅੱਜ ਇਸ ਦੇ ਫੈਲਣ ਨਾਲ਼ 2-4 ਤੋਂ ਵੱਧ ਮੌਤਾਂ ਨਹੀਂ ਹੁੰਦੀਆਂ। (ਹੁਣ ਤੁਸੀਂ ਕਹੋਗੇ ਕਿ ਮਨੁੱਖ ਅੱਜ ਵੀ ਵੱਡੀ ਗਿਣਤੀ 'ਚ ਬਿਮਾਰੀਆਂ ਨਾਲ਼ ਮਰਦੇ ਹਨ, ਮੈਂ ਕਹਾਂਗਾ ਵਿਦਵਾਨ ਜੀ ਕੁਝ ਸੋਚਿਆ ਵੀ ਕਰੋ, ਇਹਨਾਂ ਮੌਤਾਂ ਦਾ ਕਾਰਨ ਅਬਾਦੀ ਨਹੀਂ, ਮੈਡੀਕਲ ਵਿਗਿਆਨ ਨੂੰ ਕੁਝ ਲੋਕਾਂ ਵੱਲੋਂ ਨਿੱਜੀ ਮੁਨਾਫੇ ਕੁੱਟਣ ਲਈ ਵਰਤਣਾ ਹੈ) ਇਸ ਕਰਕੇ ਹਿਰਨਾਂ/ ਡਾਇਨਾਸੋਰਾਂ ਦੀਆਂ ਉਦਾਹਰਣਾਂ ਕਿਸੇ ਛੋਟੇ ਬੱਚੇ ਲਈ ਤਾਂ ਵੱਡੀ ਦਲੀਲ ਹੋ ਸਕਦੀ ਹੈ, ਪਰ ਪੜ੍ਹੇ-ਲਿਖੇ ਜਦ ਬੱਚਿਆਂ ਵਰਗੀਆਂ ਗੱਲਾਂ ਕਰਨ ਲੱਗਦੇ ਹਨ ਤਾਂ ਹੈਰਾਨੀ ਹੁੰਦੀ ਹੈ।

*ਇੱਕ ਹੋਰ ਚਿੰਤਾ ਜੋ ਗੁਰਦਿਆਲ ਸਿੰਘ ਐਂਡ ਕੰਪਨੀ ਨੂੰ ਰਹਿੰਦੀ ਹੈ, ਉਹ ਹੈ ਵਾਤਵਰਣ ਦੀ ਤਬਾਹੀ।* ਇਹ ਬਿਲਕੁਲ ਹੋਣੀ ਚਾਹੀਦੀ ਹੈ ਅਤੇ ਹਰ ਸਮਾਜਿਕ ਸਰੋਕਾਰ ਰੱਖਣ ਵਾਲਾ ਵਿਅਕਤੀ ਇਹ ਚਿੰਤਾ ਕਰਦਾ ਹੈ, ਅਸੀਂ ਉਹਨਾਂ ਨਾਲ਼ ਹਾਂ। ਪਰ *ਜਦ ਮੁੱਦਾ ਇਸਦੇ ਕਾਰਨਾਂ ਦਾ ਆਉਂਦਾ ਹੈ ਤਾਂ ਇੱਕ ਵਾਰ ਫਿਰ ਇਹਨਾਂ ਦੀ ਸੂਈ ਅਬਾਦੀ 'ਤੇ ਆ ਕੇ ਰੁਕ ਜਾਂਦੀ ਹੈ* ਅਤੇ ਵਾਤਾਵਰਣ ਬਚਾਉਣ ਲਈ ਅਬਾਦੀ ਘਟਾਉਣ ਦੀ ਵਕਾਲਤ ਕਰਦੇ ਹਨ। ਇਹਨਾਂ ਦਾ, ਖਾਸ ਕਰਕੇ ਗੁਰਚਰਨ ਨੂਰਪੁਰ ਹੁਰਾਂ ਦਾ ਕਹਿਣਾ ਹੈ ਕਿ ਅਬਾਦੀ ਵਧਣ ਨਾਲ਼ ਕਾਰਾਂ, ਬਿਜਲੀ ਘਰਾਂ, ਵੱਡੇ-ਵੱਡੇ ਬਜ਼ਾਰਾਂ ਆਦਿ ਆਦਿ ਦੀ ਵੱਡੀ ਮੰਗ ਪੈਦਾ ਹੁੰਦੀ ਹੈ ਤੇ ਜਿਸਨੂੰ ਪੂਰਿਆਂ ਕਰਨ ਲਈ ਫੈਕਟਰੀਆਂ ਦੀ ਗਿਣਤੀ ਵਧਦੀ ਹੈ ਤੇ ਪ੍ਰਦੂਸ਼ਣ ਵਧਦਾ ਹੈ। **ਭਾਰਤ 'ਚ 77% ਅਬਾਦੀ 20 ਰੁਪੇ ਪ੍ਰਤੀ ਦਿਨ ਤੋਂ ਘੱਟ 'ਤੇ ਗੁਜ਼ਾਰਾ ਕਰਦੀ ਹੈ, ਅਬਾਦੀ ਦਾ ਇਹ ਤਿੰਨ-ਚੌਥਾਈ ਹਿੱਸਾ ਕਿੰਨਾ ਕੁ ਕਾਰਾਂ ਖਰੀਦਦਾ ਹੈ, ਕਿੰਨੀ ਕੁ ਬਿਜਲੀ ਇਸਤੇਮਾਲ ਕਰਦਾ ਹੈ, ਕਿੰਨਾ ਕੁ ਬਜ਼ਾਰਾਂ 'ਚ ਜਾਂਦਾ ਹੈ, ਹਵਾਈ ਜ਼ਹਾਜ ਬੱਸਾਂ ਤੇ ਰੇਲ ਗੱਡੀਆਂ ਵਰਤਦਾ ਹੈ** ਇਸ ਦਾ ਅੰਦਾਜ਼ਾ ਸਹਿਜੇ ਹੀ ਹੋ ਜਾਂਦਾ ਹੈ। **ਪਰ ਨਹੀਂ, ਇਹਨਾਂ ਵਿਦਵਾਨ ਸੱਜਣਾਂ ਨੂੰ ਪੂਰੀ ਮਨੁੱਖਤਾ ਦੋਸ਼ੀ ਲੱਗਦੀ ਹੈ।** ਦੁਨੀਆਂ ਦੀ ਉੱਪਰਲੀ 20% ਅਬਾਦੀ 87% ਵਾਹਨਾਂ ਦਾ ਇਸਤੇਮਾਲ ਕਰਦੀ ਹੈ, ਇਹੀ 20% ਅਬਾਦੀ ਕੁਲ ਊਰਜਾ ਖਪਤ ਦਾ 60% ਖਪਤ ਕਰਦੀ ਹੈ। ਇਸ ਤਰ੍ਹਾਂ ਸਾਫ਼ ਹੈ ਕਿ ਲੋੜਾਂ ਵਧਣ ਦਾ ਤਰਕ ਉੱਪਰਲੀ 20% ਅਬਾਦੀ 'ਤੇ ਢੁੱਕਦਾ ਹੈ। ਦੂਜੀ ਗੱਲ, ਕੀ ਸਰਮਾਏਦਾਰੀ ਢਾਂਚੇ ਵਿੱਚ ਪੈਦਾਵਾਰ ਸਮਾਜਿਕ ਜ਼ਰੂਰਤਾਂ ਨੂੰ ਧਿਆਨ 'ਚ ਰੱਖਕੇ ਹੁੰਦੀ ਹੈ ਜਾਂ ਸਰਮਾਏਦਾਰਾਂ ਦੇ ਨਿੱਜੀ ਮੁਨਾਫਿਆਂ ਲਈ? ਸਾਫ਼ ਤੌਰ 'ਤੇ ਦੂਜੇ ਮੰਤਵ ਲਈ। ਫਿਰ ਪ੍ਰਦੂਸ਼ਣ ਫੈਲਾਉਣ ਲਈ ਸਾਰੇ ਲੋਕ ਜਿੰਮੇਵਾਰ ਕਿਉਂ? ਇਹ ਇਹੀ ਸਮਝਣ। ਖੁਦ ਨੂਰਪੁਰ ਇਹ ਲਿਖਦੇ ਹਨ- "ਇਹਨਾਂ ਲੋੜਾਂ ਤੋਂ ਇਲਾਵਾ ਮਨੁੱਖ ਦੀਆਂ ਹੋਰ ਵੀ ਬਹੁਤ ਸਾਰੀਆਂ ਲੋੜਾਂ ਹਨ ਜਾਂ ਇੰਝ ਕਹਿ ਲਈਏ ਕਿ ਪੂੰਜੀਵਾਦੀ ਸਮਾਜ ਨੇ ਉਸ ਲਈ ਇਹ ਲੋੜਾਂ ਪੈਦਾ ਕਰ ਦਿੱਤੀਆਂ ਹਨ।" ਪਰ ਉਹ ਇਹ ਜਾਣਦੇ ਹੋਏ ਵੀ ਢਾਂਚੇ ਦੀ ਗੱਲ ਕਰਨ ਦੀ ਥਾਂ ਅਬਾਦੀ ਦਾ ਰੋਣ-ਪਿੱਟਣ ਲੈ ਕੇ ਬੈਠ ਜਾਂਦੇ ਹਨ। **ਜੇ ਪ੍ਰਦੂਸ਼ਣ ਘਟਾਉਣਾ ਹੀ ਹੈ (ਜੋ ਕਿ ਅਤੀ ਜ਼ਰੂਰੀ ਹੈ) ਤਾਂ ਅਸੀਂ ਉੱਪਰਲੇ 10-15% ਦਾ ਕੁਝ ਕਰੀਏ** ਜਿਹੜੇ ਜੇ ਬਸ ਚੱਲੇ ਤਾਂ ਗੁਸਲਖਾਨੇ 'ਚ ਨਹਾਉਣ ਵੀ ਟਾਟਾ ਦੀ ਕਾਰ 'ਚ ਬੈਠ ਕੇ ਜਾਣ ਤੇ ਉਹ ਵੀ ਪਰਿਵਾਰ ਦਾ ਹਰੇਕ ਜੀਅ ਆਪਣੀ-ਆਪਣੀ ਭਾਲੇਗਾ।

ਹੁਣ ਅਸੀਂ ਅਬਾਦੀ ਦੇ ਵਧਣ ਦੀ ਪ੍ਰਕਿਰਿਆ ਨੂੰ ਸਮਝ

ਲਈਏ। ਅਬਾਦੀ ਹਮੇਸ਼ਾਂ ਹੀ ਇੱਕੋ ਰਫਤਾਰ ਨਾਲ਼ ਨਹੀਂ ਵਧਦੀ ਅਤੇ ਨਾ ਹੀ ਇਹ ਸਦਾ ਵਧਦੀ ਹੀ ਹੈ, ਇਹ ਸਥਿਰ ਵੀ ਹੋ ਜਾਂਦੀ ਹੈ ਅਤੇ ਘਟਣ ਵੀ ਲੱਗਦੀ ਹੈ। **ਅਬਾਦੀ 'ਚ ਇਹਨਾਂ ਬਦਲਾਵਾਂ ਦਾ ਕਾਰਨ ਮਨੁੱਖਾਂ ਦੇ ਦਿਮਾਗਾਂ 'ਚ ਨਹੀਂ ਪਏ** ਜਿਸ ਤਰ੍ਹਾਂ ਕਿ ਗੁਰਦਿਆਲ ਸਿੰਘ ਹੁਰੀਂ ਆਮ ਲੋਕਾਂ ਨੂੰ ਮੂਰਖ, ਜ਼ਾਹਿਲ ਗਰਦਾਨ ਕੇ ਦਿਖਾ ਰਹੇ ਹਨ ਜਾਂ ਫਿਰ 'ਬੱਚਿਆਂ ਨੂੰ ਵਰਦਾਨ' ਸਮਝਣ ਜਾਂ ਅਜਿਹੀਆਂ ਹੀ ਹੋਰ ਧਾਰਨਾਵਾਂ ਦੀ ਮਿਸਾਲ ਦੇ ਕੇ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ। ਧਾਰਨਾਵਾਂ ਵੀ ਮਨੁੱਖ ਦੇ ਜੀਵਨ ਦੇ ਭੌਤਿਕ ਹਾਲਾਤਾਂ 'ਚੋਂ ਪੈਦਾ ਹੁੰਦੀਆਂ ਹਨ। ਜਿਵੇਂ ਅਸੀਂ "ਬੱਚਿਆਂ ਨੂੰ ਵਰਦਾਨ" ਸਮਝਣ ਦੀ ਧਾਰਨਾ ਹੀ ਲਈਏ। ਮੱਧਵਰਗੀ ਜੋੜਿਆਂ ਲਈ ਹੁਣ ਬੱਚੇ ਵਰਦਾਨ ਨਹੀਂ ਰਹੇ ਅਤੇ ਇਹ ਆਮ ਤੌਰ 'ਤੇ ਇੱਕ ਜਾਂ ਹੱਦ ਦੋ ਬੱਚੇ ਪੈਦਾ ਕਰਦੇ ਹਨ। ਕਾਰਨ, ਇਹਨਾਂ ਦੀ ਸਮਾਜਿਕ ਹੈਸੀਅਤ ਜਿਸ ਕਾਰਨ ਬਹੁਤੇ ਬੱਚਿਆਂ ਦਾ ਪਾਲਣ-ਪੋਸ਼ਣ ਮੁਸ਼ਕਿਲ ਹੁੰਦਾ ਜਾਂਦਾ ਹੈ ਅਤੇ ਦੂਸਰਾ ਇਹਨਾਂ ਕੋਲ ਜੀਵਨ ਦੀ ਸੁਰੱਖਿਆ ਦਾ ਅਹਿਸਾਸ ਹੁੰਦਾ ਹੈ। ਪਰ ਇਹ ਸੁਰੱਖਿਆ ਗਰੀਬਾਂ ਕੋਲ ਨਹੀਂ ਹੁੰਦੀ ਜਿਸ ਦਾ ਨਤੀਜਾ ਬੱਚਿਆਂ ਦੀ ਜ਼ਿਆਦਾ ਜਨਮ ਦਰ ਵਿੱਚ ਨਿਕਲਦੀ ਹੈ। ਇਹ ਦੇਖਿਆ ਜਾ ਸਕਦਾ ਹੈ ਕਿ ਜਿਵੇਂ ਜਿਵੇਂ ਸਿਹਤ ਸੁਵਿਧਾਵਾਂ ਦਾ ਵਿਕਾਸ ਹੁੰਦਾ ਹੈ, ਜਨਮ ਦਰ ਘੱਟਦੀ ਜਾਂਦੀ ਹੈ। ਜੇ ਅਸੀਂ ਮਨੁੱਖਤਾ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਸਾਨੂੰ ਇਹ ਸਪੱਸ਼ਟ ਦਿਖਾਈ ਦਿੰਦਾ ਹੈ ਕਿ **ਜਦੋਂ ਵੀ ਪੈਦਾਵਾਰੀ ਤਾਕਤਾਂ 'ਚ ਗੁਣਾਤਮਕ ਵਿਕਾਸ ਹੋਇਆ ਹੈ ਤਾਂ ਅਬਾਦੀ ਇਕਦਮ ਵਧੀ ਹੈ।** ਜਿਵੇਂ ਜਦੋਂ ਮਨੁੱਖ ਨੇ ਮੁੱਢਲੀ ਖੇਤੀ ਸ਼ੁਰੂ ਕੀਤੀ ਤਾਂ ਖੁਰਾਕ ਦੀ ਸਪਲਾਈ ਕਾਫ਼ੀ ਨਿਯਮਤ ਹੋ ਗਈ ਤੇ ਨਤੀਜਾ ਸੀ ਅਬਾਦੀ 'ਚ ਵਾਧਾ। ਬਿਲਕੁਲ ਆਧੁਨਿਕ ਸਮੇਂ 'ਚ ਵੀ ਅਸੀਂ ਇਹੀ ਵਰਤਾਰਾ ਦੇਖਦੇ ਹਾਂ। ਜਦੋਂ ਜਗੀਰਦਾਰੀ ਦੀ ਥਾਂ ਸਰਮਾਏਦਾਰੀ ਨੇ ਲਈ ਤਾਂ ਅਬਾਦੀ 'ਚ ਇਕਦਮ ਵਾਧਾ ਹੋਇਆ। ਇੰਗਲੈਂਡ ਇਸਦੀ ਪ੍ਰਤੀਨਿਧ ਉਦਾਹਰਨ ਹੈ ਜਿਸਦੀ ਅਬਾਦੀ 1700-1900 ਦੇ ਵਕਫ਼ੇ 'ਚ ਚਾਰ ਗੁਣਾ ਵਧੀ ਸੀ ਤੇ ਬਿਲਕੁਲ ਇਹੀ ਸਮਾਂ ਸੀ ਜਦੋਂ ਇੰਗਲੈਂਡ 'ਚ ਸੱਨਅਤੀ ਇਨਕਲਾਬ ਆਇਆ ਤੇ ਸਿਹਤ ਸਿੱਖਿਆ ਦਾ ਪਸਾਰ ਹੋਇਆ। ਫਿਰ ਜਿਵੇਂ ਆਰਥਿਕ ਤੇ ਸਮਾਜਕ ਜੀਵਨ ਦੀ ਸੁਰੱਖਿਆ ਜ਼ਿੰਦਗੀ ਦਾ ਇੱਕ ਹਿੱਸਾ ਬਣ ਗਈ ਅਤੇ ਸੱਭਿਆਚਾਰਕ ਪੱਧਰ ਉੱਚਾ ਹੋਇਆ, ਅਬਾਦੀ ਦੀ ਵਾਧਾ ਦਰ ਘਟ ਗਈ।

ਜਾਂਦੇ ਜਾਂਦੇ ਅਸੀਂ ਅਬਾਦੀ ਸੰਕਟ ਦੇ **ਇਸ ਰੋਣ-ਧੋਣ ਦੇ ਭੌਤਿਕ ਅਧਾਰ ਵੱਲ ਵੀ ਝਾਤ ਮਾਰ ਲਈਏ।** ਇਸ ਪੂਰੀ ਵਿਚਾਰਧਾਰਾ ਦੀ ਬੁਨਿਆਦ ਮਾਲਥਸ ਦੇ ਸਿਧਾਂਤਾਂ 'ਚ ਹੈ ਅਤੇ ਇਸੇ ਦਾ ਆਧੁਨਿਕ ਰੂਪ ਨਵ-ਮਾਲਥਸਵਾਦ ਹੈ ਜੋ ਪਿਛਲੇ ਸੌ ਸਾਲਾਂ ਤੋਂ ਸਮੇਂ-ਸਮੇਂ ਸਿਰ ਚੁੱਕਦਾ ਰਿਹਾ ਹੈ। ਇਹ **ਨਿੱਕ-ਬੁਰਜੂਆ ਜਮਾਤ** (ਛੋਟੇ ਨੌਕਰਸ਼ਾਹ, ਦਰਮਿਆਨੇ ਕਿਸਾਨ, ਦਸਤਕਾਰ ਤੇ ਵਰਕਸ਼ਾਪ ਚਲਾਉਣ ਵਾਲ਼ੇ, ਛੋਟੇ ਵਪਾਰੀ ਤੇ ਦੁਕਾਨਦਾਰ) ਅਤੇ **ਬੁੱਧੀਜੀਵੀ ਤਬਕੇ ਦੀ ਵਿਚਾਰਧਾਰਾ ਹੈ।** ਇਹ ਉਹ ਸਮਾਜਕ ਜਮਾਤ ਹੈ ਜੋ ਲਗਾਤਾਰ ਬਰਬਾਦ ਹੋਣ ਦੇ ਕਿਨਾਰੇ ਖੜ੍ਹੀ ਰਹਿੰਦੀ ਹੈ, ਇਸਦਾ ਕੁਝ ਹਿੱਸਾ ਲਗਾਤਾਰ ਬਰਬਾਦ ਹੋ ਕੇ ਗਰੀਬਾਂ ਤੇ ਉਜਰਤੀ ਮਜ਼ਦੂਰਾਂ 'ਚ ਰਲਦਾ ਰਹਿੰਦਾ ਹੈ। ਲੈਨਿਨ ਅਨੁਸਾਰ - "ਨਿੱਕ-ਬੁਰਜੂਆ ਦੇਖਦਾ ਤੇ ਮਹਿਸੂਸ ਕਰਦਾ ਹੈ ਕਿ ਉਹ ਬਰਬਾਦੀ ਵੱਲ ਵਧ ਰਿਹਾ ਹੈ, ਜ਼ਿੰਦਗੀ ਰੋਜ਼ ਔਖੀ ਹੁੰਦੀ ਜਾ ਰਹੀ ਹੈ, ਹੋਂਦ ਬਣਾਈ ਰੱਖਣ ਦਾ ਸੰਘਰਸ਼ ਸਦਾ ਵਧੇਰੇ ਬੇਰਹਿਮ ਹੁੰਦਾ ਜਾ ਰਿਹਾ ਹੈ, ਅਤੇ ਉਸਦੀ ਤੇ ਉਸਦੇ ਪਰਿਵਾਰ ਦੀ ਪੋਜ਼ੀਸ਼ਨ ਜ਼ਿਆਦਾ ਤੋਂ ਜ਼ਿਆਦਾ ਨਾ-ਉਮੀਦੀ ਵਾਲ਼ੀ ਹੁੰਦੀ ਜਾਂਦੀ ਹੈ। ਨਿੱਕ-ਬੁਰਜੂਆ ਇਸ ਹਾਲਤ ਦੇ ਖਿਲਾਫ਼ ਰੋਹ ਜਤਾਉਂਦਾ ਹੈ।

ਪਰ ਉਹ ਆਪਣਾ ਰੋਹ ਕਿਵੇਂ ਜਤਾਉਂਦਾ ਹੈ ?

ਉਹ ਉਸ ਜਮਾਤ ਦੇ ਨੁਮਾਇੰਦੇ ਵਜੋਂ ਰੋਸ ਪ੍ਰਗਟ ਕਰਦਾ ਹੈ ਜਿਹੜੀ ਨਾ-ਉਮੀਦੀ 'ਚ ਹੈ, ਆਪਣੇ ਭਵਿੱਖ ਨੂੰ ਲੈ ਕੇ ਨਿਰਾਸ਼ ਹੈ, ਉਹ ਉਦਾਸ ਹੈ ਅਤੇ ਡਰਪੋਕ ਵੀ ਹੈ। ਕੁਝ ਨਹੀਂ ਹੋ ਸਕਦਾ.... ਇਸ ਤੋਂ ਬਿਨਾਂ ਕਿ ਸਾਡੇ ਜਿਹਾ ਸੰਤਾਪ ਤੇ ਸਖ਼ਤ ਘਾਲਣਾ, ਸਾਡੀ ਗਰੀਬੀ ਤੇ ਅਪਮਾਨ ਝੱਲਣ ਲਈ ਸਾਡੇ ਬੱਚੇ ਘੱਟ ਹੋਣ - ਨਿੱਕ ਬੁਰਜੂਆ ਦੀ ਇਹੀ ਚੀਕ ਹੈ।"

ਇਹ ਇੱਕ ਅਜਿਹੀ ਜਮਾਤ ਹੈ ਜਿਹੜੀ ਇਹ ਤਾਂ ਕਹੇਗੀ ਕਿ "ਓਨੇ ਹੀ ਬੱਚੇ ਪੈਦਾ ਕਰੋ ਜਿੰਨਿਆਂ ਨੂੰ ਸੰਭਾਲ ਲਈਏ" ਪਰ ਇਹ ਕਦੇ ਨਹੀਂ ਕਹੇਗੀ "ਬੱਚਿਓ, ਹੋਰ ਵਧੇਰੇ ਚੰਗੇ ਤਰੀਕੇ ਨਾਲ਼, ਜ਼ਿਆਦਾ ਵਧੀਆ ਏਕਾ ਬਣਾਕੇ, ਹੋਰ ਸੁਚੇਤ ਹੋ ਕੇ ਅਤੇ ਹੋਰ ਜ਼ਿਆਦਾ ਦ੍ਰਿੜ੍ਹਤਾ ਨਾਲ਼ ਅੱਜ ਦੀਆਂ ਉਹਨਾਂ ਹਾਲਤਾਂ ਖਿਲਾਫ਼ ਲੜੋ ਜਿਹੜੀਆਂ ਸਾਨੂੰ ਅਪੰਗ ਕਰ ਰਹੀਆਂ ਹਨ ਤੇ ਬਰਬਾਦ ਕਰ ਰਹੀਆਂ ਹਨ।"

ਇੱਕ ਹੋਰ ਸਮਾਜਿਕ ਤਬਕਾ ਹੈ ਜੋ ਇਸ ਵਿਚਾਰਧਾਰਾ ਦਾ ਤਕੜਾ ਵਾਹਕ ਹੈ, ਇਹ ਹੈ ਸ਼ਹਿਰੀ ਤੇ ਪੇਂਡੂ ਮੱਧਵਰਗ ਖਾਸ ਤੌਰ 'ਤੇ ਇਸਦਾ ਉੱਪਰਲਾ ਹਿੱਸਾ। ਇਹ ਉਹ ਤਬਕਾ ਹੈ ਜਿਹੜਾ ਸਮਾਜ ਦੇ ਉੱਚ-ਵਰਗ 'ਚ ਸ਼ਾਮਿਲ ਹੋਣ ਦੇ ਸੁਪਨੇ ਦੇਖਦਾ ਹੈ ਅਤੇ ਆਧੁਨਿਕ ਸਮੇਂ ਦੀਆਂ ਸਾਰੀਆਂ ਐਸ਼ੋ-ਆਰਾਮ ਦੀਆਂ ਚੀਜ਼ਾਂ ਨੂੰ ਆਪਣੀਆਂ ਬਣਾਉਣਾ ਚਾਹੁੰਦਾ ਹੈ। ਪਰ ਇਸਦਾ ਧਨ ਸੀਮਤ ਹੈ ਅਤੇ ਉਸੇ ਸੀਮਤ ਧਨ ਨਾਲ ਉਹ ਵੱਧ ਤੋਂ ਵੱਧ ਚੀਜ਼ਾਂ ਖਰੀਦ ਲੈਣਾ ਚਾਹੁੰਦਾ ਹੈ। ਇੱਥੋਂ ਇਸਦੀ ਅਬਾਦੀ ਘਟਾਉਣ ਦੀ ਚਾਹਤ ਨਿਕਲਦੀ ਹੈ। ਇਹ ਸੋਚਦਾ ਹੈ ਕਿ ਖਰੀਦਦਾਰ ਘੱਟ ਹੋਣ ਤਾਂ ਕੀਮਤਾਂ ਘੱਟ ਜਾਣਗੀਆਂ ਤੇ ਉਹ ਜ਼ਿਆਦਾ ਖਰੀਦ ਲਵੇਗਾ। ਉਹ ਆਪਣੇ ਤੋਂ ਉੱਚੇ ਤਬਕੇ ਨੂੰ ਕੁਝ ਨਹੀਂ ਕਹਿ ਸਕਦਾ, ਉਹ ਆਪਣਾ ਨਜ਼ਲਾ ਹੇਠਲੇ ਤਬਕਿਆਂ 'ਤੇ ਝਾੜਦਾ ਹੈ ਤੇ ਉਹਨਾਂ ਨੂੰ ਅਬਾਦੀ 'ਚ ਵਾਧਾ ਕਰਨ ਲਈ ਕੋਸਦਾ ਹੈ। ਪਰ ਇਹ ਨਹੀਂ ਦੇਖਦਾ ਕਿ ਜੋ ਕੁਝ ਇਹ ਖਰੀਦਣਾ ਚਾਹੁੰਦਾ ਹੈ ਉਸਦਾ ਗਾਹਕ ਇਹੀ ਤਬਕਾ ਹੈ, ਇਸ ਲਈ ਮੰਗ ਘਟਾਉਣ ਲਈ ਇਸਨੂੰ ਆਪਣੀ ਹੀ ਗਿਣਤੀ ਘਟਾਉਣੀ ਚਾਹੀਦੀ ਹੈ।

ਨਿੱਕ-ਬੁਰਜੂਆ ਤੇ ਮੱਧਵਰਗੀ ਮਾਨਸਿਕਤਾ 'ਚੋਂ ਪੈਦਾ ਹੋਇਆ ਇਹ ਤਰਕ ਸਰਮਾਏਦਾਰੀ ਨੂੰ ਖੂਬ ਫਿੱਟ ਬੈਠਦਾ ਹੈ। ਉਹ ਇਸਨੂੰ ਖੂਬ ਧੂਮ-ਧੜੱਕੇ ਨਾਲ਼ ਪ੍ਰਚਾਰਦੀ ਹੈ ਤਾਂ ਕਿ ਆਪਣੀ ਲੁੱਟ ਨੂੰ ਛੁਪਾ ਸਕੇ ਤਾਂ ਕਿ ਲੋਕਾਂ ਦੀ ਬਦਹਾਲੀ ਦਾ ਦੋਸ਼ ਉਹਨਾਂ ਹੀ ਲੋਕਾਂ ਸਿਰ ਧਰ ਸਕੇ ਜੋ ਬਦਹਾਲ ਹਨ। ਸਰਮਾਏਦਾਰਾ ਢਾਂਚਾ ਆਪਣੇ ਜਨਮ ਤੋਂ ਹੀ ਅਜਿਹਾ ਕਰਦਾ ਆ ਰਿਹਾ ਹੈ ਅਤੇ ਹੁਣ ਇਸ ਢਾਂਚੇ ਵੱਲੋਂ ਵਜਾਈ ਜਾ ਰਹੀ ਬੀਨ ਉੱਪਰ ਗੁਰਦਿਆਲ ਸਿੰਘ, ਪ੍ਰੋ. ਢਿੱਲੋਂ ਅਤੇ "ਤਰਕਸ਼ੀਲ" ਨੂਰਪੁਰ ਜੇਹੀ ਵੀ ਨੱਚਣਲੱਗ ਪਏ ਹਨ।

•••

**ਇਹ ਰੋਸ ਇੱਕ ਫਿਲਮ ਵਿਰੁੱਧ ਨਹੀਂ ਹੈ**

# ਇਹ ਅਮਰੀਕੀ ਸਾਮਰਾਜ ਦੀ ਧੱਕੇਸ਼ਾਹੀ ਅਤੇ ਉਹਦੀਆਂ ਹੱਥ-ਠੋਕੀਆਂ ਸਰਕਾਰਾਂ ਵਿਰੁੱਧ ਲੜਾਈ ਹੈ

**ਨਕੌਲਾ** ਬੈਸੈਲੇ ਨਕੌਲਾ ਨੇ ਪੰਦਰਾਂ ਮਿੰਟ ਦੀ ਇੱਕ ਫਿਲਮ ਬਣਾਈ ਜਿਸ ਦਾ ਦੁਨੀਆਂ ਭਰ ਦੇ ਮੁਸਲਮਾਨ ਜਗਤ 'ਚ ਤਿੱਖਾ ਵਿਰੋਧ ਹੋਇਆ ਹੈ। ਲਿਬੀਆ ਦੇ ਸ਼ਹਿਰ ਵਿੱਚ ਅਮਰੀਕੀ ਸਫ਼ਾਰਤਖਾਨੇ ਵਿੱਚ ਅਮਰੀਕੀ ਰਾਜਦੂਤ ਸਟੀਵਨ ਦੇ ਕਤਲ ਨਾਲ਼ ਇਹ ਮਾਮਲਾ ਹੋਰ ਤੂਲ ਫੜ ਗਿਆ। ਅਖੌਤੀ ਖੋਜ-ਖਬਰੀਆ ਮੀਡੀਆ ਇਸੇ 'ਚ ਜੁਟਿਆ ਹੈ ਕਿ ਬੰਗਾਜ਼ੀ 'ਚ ਅਮਰੀਕੀ ਰਾਜਦੂਤ ਨੂੰ ਕਿਵੇਂ, ਕਿੱਥੇ ਤੇ ਕਿਸਨੇ ਮਾਰਿਆ ਤੇ ਇਸ ਬਾਰੇ ਤਰ੍ਹਾਂ-ਤਰ੍ਹਾਂ ਦੀਆਂ ਕਿਆਸ-ਅਰਾਈਆਂ ਲਾ ਰਿਹਾ ਹੈ। ਅਖ਼ਬਾਰ 'ਚ ਛਪੀ ਇੱਕ ਤਸਵੀਰ ਵਿੱਚ ਇੱਕ ਮੋਟੋ ਇਹ ਕਹਿੰਦਾ ਹੈ, "ਓਬਾਮਾ! ਸਾਡੇ ਧੀਰਜ ਦੀ ਇੱਕ ਹੱਦ ਹੈ!! ਜੇ ਤੇਰੇ ਸ਼ਹਿਰੀ ਮਰਦੇ ਹਨ ਤਾਂ ਸਾਨੂੰ ਦੋਸ਼ੀ ਨਾ ਠਹਿਰਾ!! ਖੁਦ ਨੂੰ ਦੋਸ਼ੀ ਠਹਿਰਾ! ਇਹ ਤੂੰ ਸ਼ੁਰੂ ਕੀਤਾ ਸੀ!!" ਸਾਰੀ ਮੀਡੀਆ ਲਗੌੜ (ਖਾਸਕਰ ਇਲੈਕਟ੍ਰਾਨਿਕ) ਵੀ ਇਸ ਮੁੱਦੇ ਨੂੰ 'ਬੋਲਣ (ਅਸਲ 'ਚ ਵੱਢਣ) ਦੀ ਅਜ਼ਾਦੀ' ਬਰਕਸ 'ਧਾਰਮਿਕ ਭਾਵਨਾਵਾਂ ਨੂੰ ਠੇਸ' ਦਾ ਮੁੱਦਾ ਬਣਾਈ ਬੈਠੀ ਹੈ। ਮੁਸਲਿਮ ਮੁਲਕਾਂ ਦੇ ਖਬਰੀ ਚੈਨਲਾਂ 'ਤੇ ਇਹਨਾਂ ਦੋ ਮੁੱਦਿਆਂ 'ਤੇ ਚੰਗੀ ਕੁੱਤੇ-ਭਕਾਈ, ਥੂ-ਥੂਕ ਤੇ ਭਾਸ਼ਣਾਂ ਦੀ ਖਿੱਚ-ਧੂਹ ਹੋ ਰਹੀ ਹੈ। ਉਪਰੋਂ ਵੇਖਣ ਨੂੰ ਤਾਂ ਇਹ ਸਿੱਧਾ ਜਿਹਾ ਧਾਰਮਿਕ ਭਾਵਨਾਵਾਂ ਨੂੰ ਗੈਰ-ਜਮਹੂਰੀ ਠੋਕਰ ਮਾਰਨ ਦਾ ਮਾਮਲਾ ਲੱਗਦਾ ਹੈ (ਤੇ ਇੱਕ ਹੱਦ ਤੱਕ ਹੈ ਵੀ) ਪਰ ਕੀ ਅਸਲੋਂ ਹੀ ਅਜਿਹਾ ਹੈ? ਮੀਡੀਆ, ਖਾਸਕਰ ਸਾਰੇ ਮੁਲਕਾਂ ਦੀਆਂ ਸਰਕਾਰਾਂ ਅਤੇ ਇਹਨਾਂ 'ਚੋਂ ਖਾਸਕਰ ਮੁਸਲਿਮ ਧਾਰਮਿਕ ਕੱਟੜਪੰਥੀ ਵੀ, ਜਿਵੇਂ ਇਸ ਮੁੱਦੇ ਨੂੰ ਧਰਮ ਦੀ ਲੜਾਈ ਦਾ ਮੁੱਦਾ ਅਤੇ ਹਾਂ ਸੱਚ ਇੱਕ ਜੁਮਲਾ ਤਾਂ ਅਸੀਂ ਭੁੱਲ ਹੀ ਗਏ ਸਾਂ "ਸੱਭਿਅਤਾਵਾਂ ਦਾ ਭੇੜ" ਕਹਿ ਰਹੇ ਹਨ। ਕੀ ਸੱਚੀਓਂ ਇਹੀ ਮੁਸਲਿਮ ਮੁਲਕਾਂ ਦੀ ਹੋਣੀ ਦਾ ਸੱਚ ਹੈ??

ਨਹੀਂ ਸਾਥੀਓ! ਇਹ ਸਿਰਫ਼ ਇੱਕ ਅੰਸ਼ਕ ਸੱਚ ਹੈ। ਇਹ ਜਮਾਤੀ ਯੁੱਧ 'ਤੇ ਧਰਮ ਦੀ ਚਾਦਰ ਪਾਉਣ ਦੀ ਅਤੇ ਇਸੇ ਚਾਦਰ ਨਾਲ਼ ਅਮਰੀਕੀ ਸਾਮਰਾਜ ਦਾ ਨੰਗ ਢੱਕਣ ਦੀ ਇੱਕ ਤੀਰ ਨਾਲ਼ ਦੋ ਸ਼ਿਕਾਰ ਕਰਨ ਦੀ ਚਾਲ ਹੈ!! ਫਿਲਮ ਵਿਰੁੱਧ ਉੱਠੀ ਲਹਿਰ ਨੂੰ ਜਿਹੋ ਜਿਹੀ ਧਾਰਮਿਕ ਰੰਗਤ ਚਾੜ੍ਹੀ ਜਾ ਰਹੀ ਹੈ, ਅਸਲ 'ਚ ਇਹਦੇ ਅੰਦਰ ਕੁੱਝ ਹੋਰ ਹੈ ਤੇ ਇਹਦੀਆਂ ਜੜ੍ਹਾਂ ਵੀ ਕਿਤੇ ਹੋਰ ਹਨ। ਇਹ ਤਾਂ ਲਾਵੇ ਦਾ ਮੌਕੇ ਦਾ ਫੁਟਾਰਾ ਹੈ ਜੋ ਕਿ ਧਾਰਮਿਕ ਰੰਗਤ ਵਿੱਚ ਫੁੱਟਿਆ ਹੈ ਪਰ ਇਹ ਲਾਵਾ ਜਮ੍ਹਾਂ ਹੋਣ ਦੇ ਕਾਰਣ ਕੀ ਹਨ? ਅਸਲ ਵਿੱਚ ਮੁਸਲਿਮ ਜਗਤ ਵਿੱਚ ਫੈਲੀ ਅਮਰੀਕੀ ਸਾਮਰਾਜਵਾਦ ਵਿਰੋਧੀ ਵਿਆਪਕ ਨਫ਼ਰਤ ਦਾ ਫੁਟਾਰਾ ਹੈ, ਕਮਿਊਨਿਸਟ ਇਨਕਲਾਬੀ ਤਾਕਤਾਂ ਦੇ ਕਮਜ਼ੋਰ ਹੋਣ ਕਾਰਨ ਇਸ ਨੂੰ ਮੂੰਹਾਂ ਧਰਮ ਦੇ ਝੰਡੇ ਹੇਠ ਮਿਲ਼ ਰਿਹਾ ਹੈ।

ਮਿਸਰ ਦੇ ਅੰਦੋਲਨਕਾਰੀਆਂ ਦੀਆਂ ਮੰਗਾਂ ਦਾ ਜਾਇਜ਼ਾ ਲਿਆ ਜਾਵੇ ਤਾਂ ਪਤਾ ਲੱਗੇਗਾ ਕਿ ਇਸ ਲਹਿਰ ਨੂੰ ਨਿਰੋਲ ਧਾਰਮਿਕ ਲਹਿਰ ਕਹਿਣ ਵਿੱਚ ਕਿੰਨੀ ਕੁ ਸੱਚਾਈ ਹੈ। ਉਹਨਾਂ ਦੀਆਂ ਮੁੱਖ ਮੰਗਾਂ ਵਿੱਚੋਂ ਇੱਕ ਮੰਗ ਹੈ, "ਉਹਨਾਂ ਸਾਰੇ ਕੈਦੀਆਂ ਦੀ ਰਿਹਾਈ ਜਿਨ੍ਹਾਂ ਨੂੰ ਫੌਜੀ ਅਦਾਲਤਾਂ ਨੇ ਸਜ਼ਾ ਸੁਣਾਈ ਹੈ" ਅਤੇ "ਹਰ ਇੱਕ ਦੀ ਘੱਟੋ-ਘੱਟ ਉਜ਼ਰਤ 1500 ਮਿਸਰੀ ਪਾਊਂਡ ਤੈਅ ਕੀਤੀ ਜਾਵੇ"।

ਅਮਰੀਕਾ ਤੇ ਉਹਦੇ ਜੋਟੀਦਾਰਾਂ ਨੇ 2001 ਤੋਂ ਮੁਸਲਿਮ ਮੁਲਕਾਂ 'ਤੇ ਆਪਣਾ ਕਟਕ "ਦਹਿਸ਼ਤਗਰਦੀ ਦੇ ਖਾਤਮੇ" ਅਤੇ "ਜਮਹੂਰੀਅਤ ਦੀ ਬਹਾਲੀ" ਦੇ ਨਾਮ 'ਤੇ ਚਾੜ੍ਹਿਆ ਸੀ ਅਤੇ ਅੱਜ ਗਿਆਰਾਂ ਸਾਲਾਂ ਬਾਅਦ ਅਸੀਂ ਵੇਖਦੇ ਹਾਂ ਕਿ ਦਹਿਸ਼ਤਗਰਦੀ ਤਾਂ ਖ਼ਤਮ ਨਹੀਂ ਹੋਈ ਪਰ ਅਮਰੀਕੀ ਦਹਿਸ਼ਤ ਜ਼ਰੂਰ ਕਾਇਮ ਹੋ ਚੁੱਕੀ ਹੈ। ਜਮਹੂਰੀਅਤ ਦਾ ਹਾਲ ਇਹ ਹੈ ਕਿ ਖ਼ੁਦ ਫਰਾਂਸ ਵਿੱਚ ਮੁਸਲਿਮ ਔਰਤਾਂ ਨੂੰ 'ਹਿਜ਼ਾਬ' ਪਹਿਨਣ ਦੀ ਮਨਾਹੀ ਹੈ ਤੇ ਪਤਾ ਨਹੀਂ ਸਾਰਾ ਪੱਛਮ ਕਿਸ ਜਮਹੂਰੀਅਤ ਦੇ ਕੰਧਾੜੇ ਚੜ੍ਹਿਆ ਹੈ? ਜਿਸ ਵੀ ਮੁਲਕ 'ਤੇ ਅਮਰੀਕਾ ਤੇ ਉਹਦੇ ਜੋਟੀਦਾਰਾਂ ਨੇ ਕਬਜ਼ਾ ਕੀਤਾ ਉੱਥੇ ਸੱਤਾ ਵਿੱਚ ਅਮਰੀਕਾ ਪੱਖੀ ਧਾਰਮਿਕ ਕੱਟੜਪੰਥੀਆਂ ਨੂੰ ਬਿਠਾ ਦਿੱਤਾ ਜਿਹਨਾਂ ਨੇ ਔਰਤਾਂ ਦੇ ਅਜ਼ਾਦੀ ਨਾਲ਼ ਵਿਚਰਨ 'ਤੇ ਪਾਬੰਦੀਆਂ ਲਾਈਆਂ। ਹੋਰਨਾਂ ਘੱਟ ਗਿਣਤੀ ਧਰਮਾਂ ਦੇ ਲੋਕਾਂ ਨੂੰ ਤੰਗ ਕੀਤਾ ਗਿਆ। ਇੱਥੋਂ ਤੱਕ ਕਿ ਸ਼ੀਆ ਤੇ ਸੁੰਨੀ ਦਾ ਰੇੜਕਾ ਵੀ ਇਹਨਾਂ ਮੁਲਕਾਂ ਵਿੱਚ ਹੋਰ ਜ਼ਿਆਦਾ ਵਧਾ ਦਿੱਤਾ ਗਿਆ। ਇਰਾਕ ਵਿੱਚ ਤਾਂ ਇਸ ਰੇੜਕੇ ਨੇ ਹੁਣ ਤੱਕ ਕਈ ਜਾਨਾਂ ਲਈਆਂ ਹਨ। ਜਦਕਿ ਅਮਰੀਕੀ ਸਿੱਧੀ ਦਖਲਅੰਦਾਜ਼ੀ ਤੋਂ ਪਹਿਲਾਂ ਇਨ੍ਹਾਂ ਮੁਲਕਾਂ ਵਿੱਚ ਮੁਕਾਬਲਤਨ ਵੱਧ ਜਮਹੂਰੀਅਤ ਸੀ। ਇਨ੍ਹਾਂ ਮੁਲਕਾਂ ਵਿਰੁੱਧ "ਪਰਮਾਣੂ ਹਥਿਆਰਾਂ" ਦਾ ਰਾਮ-ਰੌਲ਼ਾ ਵੀ ਪਾਇਆ ਗਿਆ ਸੀ ਤੇ ਉਹਦੀ ਹਾਸੋਹੀਣੀ ਸੱਚਾਈ ਵੀ ਅੱਜ ਜੱਗ ਜ਼ਾਹਿਰ ਹੈ।

ਅਮਰੀਕਾ ਨੇ ਫਿਰ ਇਨ੍ਹਾਂ ਮੁਲਕਾਂ ਨੂੰ ਦਿੱਤਾ ਕੀ? ਪਾਕਿਸਤਾਨ, ਯਮਨ, ਇਰਾਕ, ਅਫਗਾਨਿਸਤਾਨ, ਸੋਮਾਲੀਆ ਆਦਿ ਕਈ ਦੇਸ਼ਾਂ ਵਿੱਚ ਅਮਰੀਕੀ ਡਰੋਨ ਹਮਲੇ ਕਿਸੇ ਤੋਂ ਗੁੱਝੇ ਨਹੀਂ ਰਹੇ। ਇਹਨ੍ਹਾਂ ਹਮਲਿਆਂ ਵਿੱਚ ਹੁਣ ਤੱਕ ਹਜ਼ਾਰਾਂ ਹੀ ਬੇਦੋਸ਼ੇ ਮਰਦ, ਔਰਤਾਂ ਤੇ ਇੱਥੋਂ ਤੱਕ ਕਿ ਛੋਟੇ-ਛੋਟੇ ਬੱਚੇ ਤੱਕ ਮਾਰੇ ਜਾ ਚੁੱਕੇ ਹਨ। ਪਿਛਲੇ ਗਿਆਰ੍ਹਾਂ ਸਾਲਾਂ ਵਿੱਚ ਯਮਨ 'ਚ ਇੱਕ ਹਜ਼ਾਰ, ਪੰਜ ਸਾਲਾਂ 'ਚ ਸੋਮਾਲੀਆ 'ਚ 100 ਤੋਂ ਉੱਪਰ ਲੋਕ ਮਾਰੇ ਗਏ। ਪਾਕਿਸਤਾਨ ਵਿੱਚ 2008 ਤੋਂ ਹੁਣ ਤੱਕ 200 ਤੋਂ ਉੱਪਰ ਡਰੋਨ ਹਮਲੇ ਹੋਏ ਹਨ। ਇੱਕ ਅੰਦਾਜ਼ੇ ਮੁਤਾਬਕ ਅਮਰੀਕਾ ਕੋਲ਼ ਅੱਜ ਦੀ ਤਰੀਖ

'ਚ ਲਗਭਗ 10,000 ਡਰੋਨ ਮੌਜੂਦ ਹਨ। ਲੰਘੀ 26 ਸਤੰਬਰ ਨੂੰ ਸੀਰੀਆ ਵਿੱਚ ਅਮਰੀਕੀ ਫੌਜ ਤੇ ਉਸ ਦੇ ਪ੍ਰਭਾਵ ਹੇਠਲੇ ਸਲਾਫੀ ਤੇ ਵਹਾਬੀ ਦਹਿਸ਼ਤਗਰਦਾਂ ਹੱਥੋਂ 350 ਲੋਕ ਮਾਰੇ ਗਏ। ਸਤੰਬਰ ਦੇ ਪਹਿਲੇ ਹਫ਼ਤੇ ਵਿੱਚ ਇਰਾਕ ਦੇ 19 ਸ਼ਹਿਰਾਂ ਵਿੱਚ ਇਹਨਾਂ ਹੀ ਉਪਰੋਕਤ ਅਨਸਰਾਂ ਨੇ 29 ਬੰਬਾਰੀ ਹਮਲੇ ਕੀਤੇ ਜਿਨ੍ਹਾਂ ਵਿੱਚ 111 ਬੇਦੋਸ਼ੇ ਨਾਗਰਿਕ ਮਾਰੇ ਗਏ। ਇਸ ਤੋਂ ਇਲਾਵਾ ਹਜ਼ਾਰਾਂ ਔਰਤਾਂ ਨਾਲ਼ ਬਲਾਤਕਾਰ ਆਦਿ ਤਾਂ ਅਲੱਗ ਤੋਂ ਇੱਕ ਲੇਖ ਮੰਗਦਾ ਹੈ।

ਇਹਦੇ ਨਾਲ਼ ਅਮਰੀਕਾ ਨੇ ਪਿਛਲੇ ਸਾਲ ਦੇ ਅੰਤ ਵਿੱਚ 'ਅਰਬ ਬਹਾਰ' ਨੂੰ ਜਿਸ ਤਰੀਕੇ ਨਾਲ਼ ਅਗਵਾ ਕੀਤਾ ਉਸਦਾ ਗੁੱਸਾ ਵੀ ਇਨ੍ਹਾਂ ਮੁਲਕਾਂ ਦੇ ਲੋਕਾਂ ਵਿੱਚ ਡੂੰਘੀਆਂ ਜੜ੍ਹਾਂ ਰੱਖਦਾ ਹੈ। ਇਹ ਉਹੀ ਪੁਰਾਣਾ ਗੁੱਸਾ ਹੈ ਜੋ ਲੋਕਾਂ ਨੂੰ ਪਹਿਲੇ ਹਾਕਮਾਂ 'ਤੇ ਸੀ ਅਤੇ ਹੁਣ ਦੂਜੇ ਹਾਕਮਾਂ 'ਤੇ ਵੀ ਹੈ। ਇੰਨਾ ਕੁੱਝ ਕਰਨ ਤੋਂ ਬਾਅਦ ਵੀ ਸਾਮਰਾਜੀਆਂ ਦੀ ਬੇਸ਼ਰਮੀ ਦੀ ਹਾਲਤ ਇਹ ਹੈ ਕਿ ਸੰਯੁਕਤ ਰਾਸ਼ਟਰ ਦੀ ਰਾਜ ਦੀ ਸਕੱਤਰ ਹਿਲੇਰੀ ਕਲਿੰਟਨ ਦਾ ਤੱਤਕਾਲੀ ਫਿਲਮ ਵਿਰੋਧੀ ਲਹਿਰ ਅਤੇ ਅਮਰੀਕੀ ਰਾਜਦੂਤ ਦੀ ਬੰਗਾਜ਼ੀ ਸ਼ਹਿਰ ਵਿੱਚ ਹੱਤਿਆ ਬਾਰੇ ਬਿਆਨ ਆਉਂਦਾ ਹੈ, "ਇਹ ਉਸ ਦੇਸ਼ ਵਿੱਚ ਕਿਵੇਂ ਵਾਪਰ ਸਕਦਾ ਹੈ ਜਿਸਨੂੰ ਅਸੀਂ ਅਜ਼ਾਦ ਹੋਣ ਵਿੱਚ ਮਦਦ ਕੀਤੀ ਅਤੇ ਉਸ ਸ਼ਹਿਰ (ਬੰਗਾਜ਼ੀ) ਵਿੱਚ ਜਿਸਨੂੰ ਕਿ ਅਸੀਂ ਤਬਾਹ ਹੋਣ ਤੋਂ ਬਚਾਇਆ ?" ਅਸਲ 'ਚ ਲਿਬੀਆ ਨੂੰ ਅਜ਼ਾਦ ਨਹੀਂ ਕਰਵਾਇਆ ਗਿਆ ਸੀ ਸਗੋਂ ਉਸ 'ਤੇ ਕਬਜ਼ਾ ਕੀਤਾ ਗਿਆ ਸੀ। ਕੁੱਝ ਮਹੀਨੇ ਪਹਿਲਾਂ ਹੀ ਲਿਬੀਆ 'ਚ ਹੋਏ ਅਖੌਤੀ ਇਨਕਲਾਬ 'ਚ ਫਰਾਂਸੀਸੀ ਅਤੇ ਬਰਤਾਨਵੀ ਖੁਫੀਆ ਏਜੰਟਾਂ ਨੇ ਅਖੌਤੀ "ਬਾਗੀਆਂ" ਦਾ ਹਰ ਤਰ੍ਹਾਂ ਨਾਲ਼ ਸਾਥ ਦਿੱਤਾ ਤਾਂ ਕਿ ਉਹਨਾਂ ਨੂੰ ਇੱਕ "ਅਜ਼ਾਦ ਇਲਾਕਾ" ਮਿਲ਼ ਸਕੇ। ਭਾਵੇਂ ਕਿ 9/11 ਦੇ ਹਮਲਿਆਂ ਤੋਂ ਬਾਅਦ ਗ਼ੱਦਾਫ਼ੀ ਅਮਰੀਕਾ ਦੀਆਂ ਬਹੁਤ ਸਾਰੀਆਂ ਸ਼ਰਤਾਂ ਵੀ ਮੰਨ ਚੁੱਕਾ ਸੀ। ਪਰ ਸਾਮਰਾਜੀ ਬਘਿਆੜ ਨੂੰ ਇਹ ਬੱਕਰਾ ਸਾਬਤ ਚਾਹੀਦਾ ਸੀ। ਸੋ, ਲਿਬੀਆ 'ਚ "ਧੱਕੇ ਨਾਲ਼ ਇਨਕਲਾਬ" ਕੀਤਾ ਗਿਆ।

ਸਭ ਤੋਂ ਵੱਡਾ ਛਲ਼ ਮਿਸਰ ਦੇ ਲੋਕਾਂ ਨਾਲ਼ ਹੋਇਆ। ਮਿਸਰ ਦੇ ਲੋਕਾਂ ਦੀ ਬਗਾਵਤ ਅਸਲੋਂ ਹੀ ਲੋਕ ਲਹਿਰ ਸੀ। ਇਸ ਵਿੱਚ ਮਿਸਰੀ ਸਨਅਤੀ ਕਿਰਤੀ ਅਬਾਦੀ ਵੱਡੇ ਪੱਧਰ 'ਤੇ ਸ਼ਾਮਲ ਸੀ ਸਗੋਂ ਇਹ ਕਹਿਣਾ ਵੀ ਬਿਲਕੁਲ ਅਤਿਕਥਨੀ ਨਹੀਂ ਹੋਵੇਗਾ ਕਿ ਸਨਅਤੀ ਕਿਰਤੀ ਹੀ ਇਸ ਦੀ ਰੀੜ ਦੀ ਹੱਡੀ ਸਨ। 'ਮੁਸਲਿਮ ਬਰਦਰਹੁੱਡ' ਪਾਰਟੀ ਜਿਸਦਾ ਮੁਹੰਮਦ ਮੋਰਸੀ ਇਸ ਵਕਤ ਮਿਸਰ ਦਾ ਰਾਸ਼ਟਰਪਤੀ ਵੀ ਹੈ ਕੁੱਝ ਹੀ ਮਹੀਨੇ ਪਹਿਲਾਂ ਜਿਸ ਲੋਕ-ਲਹਿਰ 'ਤੇ ਸਵਾਰ ਹੋ ਕੇ ਸੱਤਾ ਵਿੱਚ ਆਈ ਸੀ ਅੱਜ ਉਸੇ ਲੋਕ-ਲਹਿਰ ਤੋਂ ਡਰਦੀ ਉਸੇ ਨੂੰ ਅੱਖਾਂ ਕੱਢ ਰਹੀ ਹੈ। ਮੋਰਸੀ ਦਾ ਬਿਆਨ ਹੈ, "ਹਰੇਕ ਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਮਿਸਰ ਦੇ ਕਨੂੰਨ ਦੀ ਉਲੰਘਣਾ ਨਾ ਹੋਵੇ... ਦੂਤਘਰਾਂ 'ਤੇ ਹਮਲਾ ਨਾ ਕਰਨ।" (ਬਿਲਕੁਲ ਉਹੀ ਕਨੂੰਨ ਜੋ 'ਮੁਸਲਿਮ ਬਰਦਰਹੁੱਡ' ਨੇ ਅਮਰੀਕਾ ਦੇ ਕਹਿਣ 'ਤੇ ਟਾਈਪ ਕੀਤੇ ਹਨ।) ਉਹ ਹੋਰ ਅੱਗੇ ਕਹਿੰਦਾ ਹੈ, "ਇਹ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਵਿਦੇਸ਼ੀ ਮਹਿਮਾਨਾਂ ਦੀ ਰੱਖਿਆ ਕਰੀਏ।" ਇਹ ਹੈ 'ਅਰਬ ਬਹਾਰ' ਵੇਲ਼ੇ ਦੀ ਅਖੌਤੀ "ਨਾਇਕ" ਮੁਸਲਿਮ ਬਰਦਰਹੁੱਡ ਦਾ ਕੌਮੀ ਪਿਆਰ ਜਿਸ ਵਿੱਚ ਸਾਮਰਾਜ ਲਈ ਟਪਕਦੀ ਲਾਰ ਸ਼ਾਮਲ ਹੈ।

ਮਿਸਰ ਦੇ ਲੋਕਾਂ ਦਾ ਨਵੀਂ ਸਰਕਾਰ ਪ੍ਰਤੀ ਮੋਹ-ਭੰਗ ਲਗਾਤਾਰ ਵੱਧ ਰਿਹਾ ਹੈ। ਕਿਉਂਕਿ ਇਹ ਨਵੀਂ ਸਰਕਾਰ ਹੁਸਨੀ ਮੁਬਾਰਕ ਨਾਲ਼ੋਂ ਕਿਸੇ ਪਾਸੇ ਤੋਂ ਘੱਟ ਸਾਬਤ ਨਹੀਂ ਹੋਈ ਸਗੋਂ ਚਾਰ ਰੱਤੀਆਂ ਉੱਪਰ ਹੀ ਨਿਕਲੀ ਹੈ। ਸਰਕਾਰੀ ਅਦਾਰੇ ਲਗਾਤਾਰ ਪਹਿਲਾਂ ਤੋਂ ਵੀ ਤੇਜ਼ ਰਫ਼ਤਾਰ ਨਾਲ਼ ਵੇਚੇ ਜਾ ਰਹੇ ਹਨ, ਸਬਸਿਡੀਆਂ ਜਾਂ ਤਾਂ ਲਗਾਤਾਰ ਘਟਾਈਆਂ ਜਾ ਰਹੀਆਂ ਤੇ ਜਾਂ ਬੰਦ ਕੀਤੀ ਜਾ ਰਹੀਆਂ ਹਨ। ਵਿਦੇਸ਼ੀ ਪੂੰਜੀ ਖਿੱਚਣ ਲਈ ਅਰਥਚਾਰੇ ਨੂੰ ਕੰਟਰੋਲ-ਮੁਕਤ ਕੀਤਾ ਜਾ ਰਿਹਾ ਹੈ। ਅਜਿਹੀਆਂ ਹੀ ਨੀਤੀਆਂ ਕਤਰ ਤੇ ਸਾਊਦੀ ਅਰੇਬੀਆ ਨੇ ਲਾਗੂ ਕੀਤੀਆਂ ਤਾਂ ਅਮਰੀਕਾ ਵੱਲੋਂ ਕਤਰ ਲਈ 18 ਅਰਬ ਡਾਲਰ ਦਾ ਨਿਵੇਸ਼ ਭੇਜਿਆ ਗਿਆ ਤੇ ਸਾਊਦੀ ਅਰੇਬੀਆ ਨੂੰ 4 ਅਰਬ ਡਾਲਰ ਦੇ ਕਰਜ਼ਿਆਂ ਦੀ ਸਲਾਹ ਮਾਰੀ ਗਈ ਹੈ। ਸਾਰ ਰੂਪ ਵਿੱਚ ਅਸੀਂ ਮਿਸਰ ਦੀ ਸਰਕਾਰ ਬਾਰੇ ਕਹਿ ਸਕਦੇ ਹਾਂ ਕਿ ਉਹ ਹੋਸਨੀ ਮੁਬਾਰਕ ਦਾ ਉਹੀ ਪੁਰਾਣਾ ਆਰਥਕ ਏਜੰਡਾ ਹੀ ਦੁਹਰਾਅ ਰਹੀ ਹੈ ਪਰ ਇਸ ਵਾਰ ਇਹ ਅਮਰੀਕੀ ਸਾਮਰਾਜ ਦੀਆਂ ਨੀਤੀਆਂ ਨਾਲ਼ ਗੁੰਨ੍ਹਕੇ ਕਿਰਤੀ ਮਿਸਰੀਆਂ ਲਈ ਪਹਿਲਾਂ ਨਾਲ਼ੋਂ ਵੀ ਘਾਤਕ ਬਣ ਚੁੱਕਿਆ ਹੈ।

"ਮੁਸਲਿਮ ਦਹਿਸ਼ਤਗਰਦੀ" ਅਤੇ ਅਮਰੀਕਾ ਦਾ ਹਾਲ ਇਹ ਹੈ ਕਿ ਇਸ ਮੁੱਦੇ 'ਤੇ ਵੀ ਉਹ ਆਵਦਾ ਥੁੱਕਿਆ ਚੱਟਣ ਦੀ ਹੱਦ ਤੱਕ ਦੋਗਲ਼ਾ ਹੈ। ਹੁਣੇ ਜਿਹੇ ਅਮਰੀਕਾ ਨੇ ਮੁਜਾਹਿਦੀਨ-ਏ-ਖ਼ਲਕ ਨੂੰ ਆਪਣੀ ਦਹਿਸ਼ਤਗਰਦ ਜਥੇਬੰਦੀਆਂ ਦੀ ਲਿਸਟ ਵਿੱਚੋਂ ਕੱਢ ਦਿੱਤਾ ਹੈ। ਇਸਦਾ ਕਾਰਣ ਇਸ ਜਥੇਬੰਦੀ ਦਾ ਸੁਧਰ ਜਾਣਾ ਨਹੀਂ ਸਗੋਂ ਇਜ਼ਰਾਈਲ ਦੇ ਇਸ਼ਾਰਿਆਂ 'ਤੇ ਇਰਾਨ ਵਿੱਚ ਦਹਿਸ਼ਤਗਰਦ ਕਾਰਵਾਈਆਂ ਨੂੰ ਅੰਜ਼ਾਮ ਦੇਣਾ ਹੈ। ਇਹਨਾਂ ਕਾਰਵਾਈਆਂ ਵਿੱਚ ਪਿੱਛੇ ਜਿਹੇ ਮਾਰੇ ਗਏ ਇਰਾਨੀ ਪਰਮਾਣੂ ਵਿਗਿਆਨੀ ਵੀ ਸ਼ਾਮਲ ਹਨ ਅਤੇ ਨਾਲ਼ ਹੀ ਅਮਰੀਕਾ ਜਾਂ ਇਜ਼ਰਾਈਲ ਦੇ ਹੱਕ ਵਿੱਚ ਇਰਾਨੀ ਲੋਕਾਂ ਦੇ ਇਜ਼ਰਾਈਲ ਵਿਰੋਧੀ ਧਰਨੇ-ਮੁਜਾਹਰਿਆਂ-ਪ੍ਰੋਗਰਾਮਾਂ ਆਦਿ ਨੂੰ ਸਾਬੋਤਾਜ ਕਰਨਾ ਵੀ ਸ਼ਾਮਲ ਹੈ। ਇਰਾਨੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁਜਾਹਿਦੀਨ-ਏ-ਖ਼ਲਕ ਨੂੰ ਆਪਣੀਆਂ ਕਾਰਵਾਈਆਂ ਲਈ ਇਹ ਅਮਰੀਕੀ ਸਨਮਾਨ ਮਿਲਿਆ ਹੈ।

ਪਿਛਲੇ ਸਾਲ ਦੇ ਅਖੀਰ 'ਚ ਸ਼ੁਰੂ ਹੋਈ 'ਅਰਬ ਬਹਾਰ' ਨੂੰ ਅਮਰੀਕੀ ਸਾਮਰਾਜ ਨੇ ਆਪਣੀਆਂ ਸਥਾਪਤ ਕੀਤੀਆਂ ਕਠਪੁਤਲੀ ਸਰਕਾਰਾਂ ਦੁਆਰਾ ਨਿਗਲ਼ ਲਿਆ। ਪਰ ਸਾਮਰਾਜ ਇਸ ਨੂੰ ਹਜ਼ਮ ਕਰਨ ਦੀ ਤਾਕਤ ਨਹੀਂ ਰੱਖਦਾ ਸੀ ਕਿਉਂਕਿ ਜਿਨ੍ਹਾਂ ਤਾਨਾਸ਼ਾਹਾਂ ਵਿਰੁੱਧ ਇਹਨਾਂ ਮੁਲਕਾਂ ਦੇ ਲੋਕ ਉੱਠੇ ਸਨ ਅਮਰੀਕੀ ਸਾਮਰਾਜੀ ਉਹਨਾਂ ਤਾਨਾਸ਼ਾਹਾਂ ਨਾਲ਼ੋਂ ਸਿਰਫ਼ ਇਸ ਗੱਲੋਂ ਹੀ ਅੱਡਰੇ ਸਨ ਕਿ ਉਹ ਇਹਨਾਂ ਖੇਤਰੀ ਸਰਦਾਰਾਂ ਦੀ ਥਾਂਵੇਂ ਖੁਦ ਨੂੰ ਰੱਖਣਾ ਚਾਹੁੰਦੇ ਸਨ ਤੇ ਉਹਨਾਂ ਕੀਤਾ ਵੀ ਇੰਝ ਹੀ। ਪਰ ਇਨ੍ਹਾਂ ਨਵੇਂ

**(ਬਾਕੀ ਸਫ਼ਾ 36 'ਤੇ)**

ਇਤਿਹਾਸ

# ਵਰਣ ਵਿਵਸਥਾ ਦਾ ਇਤਿਹਾਸ

• ਰਾਮਸ਼ਰਣ ਸ਼ਰਮਾ

**ਸ਼ੁਰੂਆਤੀ** ਭਾਰਤ 'ਚ ਸਮਾਜਿਕ ਦਰਜੇਬੰਦੀ ਦੀ ਪ੍ਰਕਿਰਿਆ ਨੂੰ ਸਮਝਣ ਲਈ ਵਰਣ ਅਤੇ ਜਾਤ ਦੇ ਸਰੂਪ ਨੂੰ ਸਮਝਣਾ ਜਰੂਰੀ ਹੈ। ਵਰਣ ਅਤੇ ਜਾਤ ਬੁਨਿਆਦੀ ਤੌਰ 'ਤੇ ਇੱਕ ਤਰ੍ਹਾਂ ਦੇ ਹੁੰਦੇ ਹਨ। ਚਾਰ ਵਰਣਾਂ ਦੀ ਵਿਵਸਥਾ ਰਾਹੀਂ ਸਮਾਜ ਨੂੰ ਚਾਰ ਪ੍ਰਵਰਗਾਂ 'ਚ ਵੰਡ ਦਿੱਤਾ ਗਿਆ ਹੈ। ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰਾਂ ਦੇ ਵੱਖ ਵੱਖ ਕਰਤੱਵ ਤੈਅ ਕੀਤੇ ਗਏ ਹਨ। ਪਰ ਸਮਾਜਿਕ ਹਾਲਤ ਅਤੇ ਸ਼ੁੱਧਤਾ ਦੀ ਨਜ਼ਰ ਤੋਂ ਬ੍ਰਾਹਮਣ ਨੂੰ ਪਹਿਲਾ ਸਥਾਨ ਦਿੱਤਾ ਗਿਆ ਹੈ, ਖੱਤਰੀ ਨੂੰ ਦੂਜਾ, ਵੈਸ਼ ਨੂੰ ਤੀਜਾ ਅਤੇ ਸ਼ੂਦਰ ਨੂੰ ਚੌਥਾ। ਅਛੂਤਾਂ ਨੂੰ ਕਦੇ ਚੌਥੇ ਵਰਣ 'ਚ ਰੱਖਿਆ ਜਾਂਦਾ ਹੈ ਅਤੇ ਉਹਨਾਂ ਨੂੰ ਅਸਤ ਸ਼ੂਦਰ ਸਮਝਿਆ ਜਾਂਦਾ ਹੈ ਅਤੇ ਕਦੇ ਕਦੇ ਉਹਨਾਂ ਨੂੰ ਪੰਜਵਾਂ ਵਰਣ ਮੰਨਿਆਂ ਜਾਂਦਾ ਹੈ। ਵਰਣ ਦਾ ਅਰਥ ਰੰਗ ਹੁੰਦਾ ਹੈ। ਫਿਰ ਵੀ ਸਮਾਜਿਕ ਵੰਡ ਰੰਗ ਦੇ ਵਖਰੇਵੇਂ ਦੇ ਨਾਂ 'ਤੇ ਨਹੀਂ ਕੀਤੀ ਗਈ ਹੈ। ਇੱਕ ਅੱਧੀ ਥਾਂ 'ਤੇ ਚਾਰਾਂ ਵਰਣਾਂ ਦੇ ਵੱਖ-ਵੱਖ ਰੰਗ ਦੱਸੇ ਗਏ ਹਨ। ਪਰ ਧਰਮਸਾਸ਼ਤਰਾਂ ਅਤੇ ਹੋਰ ਗ੍ਰੰਥਾਂ 'ਚ ਇਹ ਗੱਲ ਆਮ ਸੰਕਲਪ ਦੇ ਰੂਪ 'ਚ ਨਹੀਂ ਮਿਲਦੀ। ਵਰਣ ਚਾਰ ਹੀ ਹੁੰਦੇ ਹਨ ਪਰ ਜਾਤਾਂ ਦੀ ਗਿਣਤੀ ਹਜ਼ਾਰਾਂ 'ਚ ਹੈ। 1901 ਦੀ ਜਨਗਣਨਾ ਅਨੁਸਾਰ ਭਾਰਤ 'ਚ 2000 ਤਰ੍ਹਾਂ ਦੇ ਤਾਂ ਬ੍ਰਾਹਮਣ ਹੀ ਸਨ। ਇਹਨਾਂ ਹਜਜ਼ਾਰਾਂ ਜਾਤਾਂ ਨੂੰ ਕਿਸੇ ਨਾ ਕਿਸੇ ਵਰਣ 'ਚ ਸ਼ਾਮਿਲ ਕੀਤਾ ਜਾਂਦਾ ਹੈ ਅਤੇ ਰਸਮ ਦੀ ਨਜ਼ਰ ਤੋਂ ਸਫ਼ਾਈ ਸ਼ੁੱਧਤਾ ਦੀਆਂ ਆਦਤਾਂ 'ਤੇ ਵੀ ਧਿਆਨ ਦਿੱਤਾ ਜਾਂਦਾ ਹੈ। ਵਰਣ ਅਤੇ ਜਾਤ ਦੋਨੋਂ ਅਨੁਵੰਸ਼ਿਕ ਹੁੰਦੇ ਹਨ ਅਤੇ ਦੋਨਾਂ 'ਤੇ ਵਿਆਹ ਅਤੇ ਭੋਜਨ ਸਬੰਧੀ ਪਬੰਦੀਆਂ ਲਾਗੂ ਹੁੰਦੀਆਂ ਹਨ। ਬੇਟੀ ਅਤੇ ਰੋਟੀ ਨੂੰ ਵਰਣ ਅਤੇ ਜਾਤ ਦੋਨਾਂ ਦਾ ਅਧਾਰ ਮੰਨਿਆ ਜਾਂਦਾ ਹੈ। ਜਾਤ ਦਾ ਅਰਥ ਜਨਮ ਹੁੰਦਾ ਹੈ। ਇਸ ਲਈ ਜਾਤ ਦਾ ਨਿਰਧਾਰਣ ਜਨਮ ਤੋਂ ਹੁੰਦਾ ਹੈ ਕਰਮ ਤੋਂ ਨਹੀਂ। ਇਹੀ ਗੱਲ ਵਰਣ ਦੇ ਨਿਰਧਾਰਣ 'ਚ ਲਾਗੂ ਹੁੰਦੀ ਹੈ।

## ਜਾਤ ਪ੍ਰਥਾ ਦੇ ਸਿਧਾਂਤ

ਸ਼ੁਰੂ 'ਚ ਵਰਣ ਨੂੰ ਵੱਡੀ ਇਕਾਈ ਮੰਨਿਆ ਜਾਂਦਾ ਸੀ। ਇੱਕ ਵਰਣ 'ਚ ਅਨੇਕ ਜਾਤਾਂ ਹੋ ਸਕਦੀਆਂ ਸਨ। ਵਰਣਾਂ 'ਚ ਵੰਡੇ ਸਮਾਜ 'ਚ ਵਿਦੇਸ਼ੀਆਂ ਅਤੇ ਕਬੀਲਿਆਂ ਦੇ ਰਲਣ ਕਰਕੇ ਜਾਤਾਂ ਦੀ ਗਿਣਤੀ ਵੱਧਦੀ ਗਈ। ਇਸ ਨਾਲ਼ ਹੀ ਉਹਨਾਂ ਦੀ ਹੋਂਦ ਦੀ ਵਾਜ਼ਬੀਅਤ ਨੂੰ ਸਿੱਧ ਕਰਨ ਲਈ ਧਰਮਸ਼ਾਸਤਰਾਂ 'ਚ ਵਰਣਸੰਕਰ ਜਾਂ ਵਰਣਸੰਕੀਰਣ ਦੇ ਸਿਧਾਂਤ ਦਾ ਪ੍ਰਗਟਾਵਾ ਹੁੰਦਾ ਰਿਹਾ। ਵਧੇਰੇ ਜਾਤਾਂ ਨੂੰ ਵਰਣਸੰਕਰ ਜਾਂ ਵਰਣਸੰਕੀਰਣ ਦੱਸਿਆ ਗਿਆ। ਕਿਹਾ ਗਿਆ ਕਿ ਇਹ ਜਾਤਾਂ ਜ਼ਿਆਦਾਤਰ ਪ੍ਰਤੀਲੋਮ (ਉਲ਼ਟਾ) ਸਬੰਧ ਕਰਕੇ ਪੈਦਾ ਹੋਈ ਹੈ। ਜਦੋਂ ਉੱਚੇ ਵਰਣ ਦੀ ਔਰਤ ਦਾ ਸਬੰਧ ਨੀਵੇਂ ਵਰਣ ਦੇ ਮਰਦ ਨਾਲ਼ ਹੁੰਦਾ ਹੈ ਤਾਂ ਅਜਿਹੇ ਸਬੰਧ ਨੂੰ ਪ੍ਰਤੀਲੋਮਜ ਕਹਿੰਦੇ ਹਨ। ਮਿਸਾਲ ਦੇ ਤੌਰ 'ਤੇ ਬ੍ਰਾਮਣੀ ਨਾਲ਼ ਸ਼ੂਦਰ ਪ੍ਰਤੀਲੋਮਜ ਮਰਦ ਦੇ ਸੰਯੋਗ ਨਾਲ਼ ਪ੍ਰਤੀਲੋਮਜ ਸੰਤਾਨ ਚੰਡਾਲ ਦਾ ਜਨਮ ਹੁੰਦਾ ਹੈ। ਅਨੁਲੋਮ ਸਬੰਧ ਇਸਦਾ ਉਲ਼ਟਾ ਹੁੰਦਾ ਹੈ। ਇਸ ਅਨੁਸਾਰ ਉੱਚੇ ਵਰਣ ਦਾ ਮਰਦ ਨੀਵੇਂ ਵਰਣ ਦੀ ਔਰਤ ਨਾਲ਼ ਵਿਆਹ ਕਰਦਾ ਹੈ। ਇਸ ਤਰ੍ਹਾਂ ਬ੍ਰਾਹਮਣ ਮਰਦ ਤੋਂ ਸ਼ੂਦਰ ਔਰਤ ਨੂੰ ਸੰਤਾਨ ਪੈਦਾ ਹੋਵੇ ਤਾਂ ਉਹ ਅਨੁਲੋਮਜ ਹੋਵੇਗੀ ਅਤੇ ਨਿਸ਼ਾਦ ਕਹਾਏਗੀ। ਅੱਗੇ ਇਹ ਦੱਸਿਆ ਜਾਵੇਗਾ ਕਿ ਵਰਣਸੰਕਰ ਦੇ ਸਿਧਾਂਤ ਨੂੰ ਘੜਿਆ ਗਿਆ ਹੈ। ਇਸ ਸਿਧਾਂਤ 'ਚ ਅਸਲੀਅਤ ਨਹੀਂ ਬਰਾਬਰ ਹੈ। ਵਰਣਾਂ ਦੀ ਗਿਣਤੀ ਹੁਣ ਵੀ ਬੁਨਿਆਦੀ ਤੌਰ 'ਤੇ ਚਾਰ ਹੀ ਮੰਨੀ ਜਾਂਦੀ ਹੈ। ਪਰ ਮੱਧਕਾਲ ਆਉਂਦੇ ਆਉਂਦੇ ਵਰਣ ਅਤੇ ਜਾਤ ਦਾ ਭੇਦ ਮਿਟਦਾ ਗਿਆ। ਕਈ ਅਜਿਹੇ ਪਿੰਡਾਂ ਦਾ ਵਰਣਨ ਮਿਲਦਾ ਹੈ ਜਿਹਨਾਂ ਨੂੰ 36 ਵਰਣਾਂ ਦਾ ਪਿੰਡ ਦੱਸਿਆ ਗਿਆ ਹੈ। ਇਸਦਾ ਅਰਥ ਇਹ ਹੈ ਕਿ ਇਹਨਾਂ 'ਚ 36 ਤਰ੍ਹਾਂ ਦੀਆਂ ਜਾਤਾਂ ਰਹਿੰਦੀਆਂ ਸਨ। ਇਸ ਤਰ੍ਹਾਂ ਵਰਣ ਅਤੇ ਜਾਤ ਦਰਮਿਆਨ ਦਰਅਸਲ ਬਹੁਤ ਭਿੰਨਤਾ ਨਹੀਂ ਹੈ। ਭਾਰਤੀ ਸਮਾਜ ਦੀ ਦਰਜਾਬੰਦੀ ਵਰਣ ਵਖਰੇਵੇਂ ਕਰਕੇ ਹੋਈ। ਅਸੀਂ ਪਤਾ ਕਰਨਾ ਹੈ ਕਿ ਵਰਣ ਅਤੇ ਜਾਤ ਦਾ ਵਖਰੇਵਾਂ ਕਿਵੇਂ ਪੈਦਾ ਹੋਇਆ ਅਤੇ ਸਮਾਜ 'ਚ ਬਦਲਾਅ ਨਾਲ਼ ਕਿਵੇਂ ਬਦਲਦਾ ਗਿਆ।

ਕੁਝ ਲੋਕਾਂ ਦਾ ਮਤ ਹੈ ਕਿ ਭਾਰਤੀ ਸਮਾਜ ਪ੍ਰਾਚੀਨ ਕਾਲ ਤੋਂ ਜਾਤ ਪ੍ਰਥਾ 'ਤੇ ਅਧਾਰਿਤ ਰਿਹਾ ਹੈ। ਹੁਣੇ ਹੀ ਸਨਅਤੀਕਰਨ ਦੇਂ ਦਬਾਅ ਦੀ ਵਜ੍ਹਾ ਕਰਕੇ ਇਸ 'ਚ ਤਬਦੀਲੀ ਸ਼ੁਰੂ ਹੋਈ ਹੈ। ਪੱਛਮੀ ਦੇਸ਼ਾਂ ਦੇ ਭਾਰਤ ਬਾਰੇ ਜਾਣਕਾਰੀ ਰੱਖਣ ਵਾਲ਼ੇ ਵਿਦਵਾਨਾਂ ਨੇ ਇਸਨੂੰ ਸਖ਼ਤ, ਸੁਸਤ ਅਤੇ ਅਬਦਲ ਸਮਾਜ ਦੇ ਰੂਪ 'ਚ ਚਿਤਰਿਤ ਕੀਤਾ ਹੈ। ਭਾਰਤੀ ਸਮਾਜ ਨੂੰ ਸਾਰੀਆਂ ਤਰ੍ਹਾਂ ਦੀਆਂ ਸਦੀਵੀਂ ਕਦਰਾਂ ਅਤੇ ਪੁਰਾਤਨ ਪੈਮਾਨੇ ਦਾ ਸਿਹਰਾ ਦੇਣ ਵਾਲ਼ੇ ਕੁਝ ਸਮਾਜਸ਼ਾਸ਼ਤਰੀ, ਸਨਾਤਨਧਰਮੀ ਅਤੇ ਮੁੜ-ਸੁਰਜੀਤੀਵਾਦੀ ਇਸ ਸੰਕਲਪ ਨੂੰ ਮਜ਼ਬੂਤ ਕਰਦੇ ਹਨ। ਪਰ ਇਸ ਨਜ਼ਰੀਏ ਤੋਂ ਭਾਰਤੀ ਸਮਾਜ ਦੇ ਇਤਿਹਾਸ ਦਾ ਸਹੀ ਅਧਿਐਨ ਨਹੀਂ ਹੋ ਸਕਦਾ। ਸਮਾਜਿਕ ਸੰਰਚਨਾ 'ਚ ਹੋਣ ਵਾਲ਼ੇ ਬਦਲਾਆਂ ਦੀ ਰਫ਼ਤਾਰ ਹੌਲ਼ੀ ਰਹੀ ਹੈ। ਉਹ ਇੱਕਦਮ ਉੱਭਰ ਕੇ ਨਹੀਂ ਆਉਂਦੇ ਹਨ। ਪਰ ਇਹਨਾਂ ਦਾ ਪਤਾ ਲਗਾਉਣ 'ਚ ਵਿਦਵਾਨਾਂ ਦੀ ਅਸਫ਼ਲਤਾ ਅਤੇ ਅਰੁਚੀ ਦਾ ਇਹ ਅਰਥ ਨਹੀਂ ਹੈ ਕਿ ਬਦਲਾਅ ਨਹੀਂ ਹੋਏ ਹਨ। ਤੁਲਨਾਤਮਕ ਦ੍ਰਿਸ਼ਟੀ ਨਾਲ਼ ਭਾਰਤੀ ਸਮਾਜ 'ਚ ਦਰਜੇਬੰਦੀ ਦੀ ਜਾਂਚ ਕੇਵਲ ਸ਼ੁੱਧਤਾ, ਦ੍ਰਿੜਤਾ ਅਤੇ ਅਨੁਵੰਸ਼ਿਕਤਾ ਦੇ ਅਧਾਰ 'ਤੇ ਨਹੀਂ ਹੋਣੀ ਚਾਹੀਦੀ। ਵਿਕਾਸ ਦੇ ਸਿਧਾਂਤ ਨੂੰ ਨਕਾਰਿਆ ਨਹੀਂ ਜਾ ਸਕਦਾ। ਸਮਾਜਿਕ ਵਿਕਾਸ ਦੀਆਂ ਪਰਤਾਂ ਦੀ ਖੋਜ ਉਸੇ ਤਰ੍ਹਾਂ

ਕਰਨ ਦੀ ਲੋੜ ਹੈ ਜਿਸ ਤਰ੍ਹਾਂ ਖੁਦਾਈ 'ਚ ਜ਼ਮੀਆਂ ਪਰਤਾਂ ਦੀ ਖੋਜ ਕੀਤੀ ਜਾਂਦੀ ਹੈ ਅਤੇ ਪ੍ਰਾਚੀਨ ਪੋਥੀਆਂ 'ਚ ਕ੍ਰਮਵਾਰ ਪੱਧਰਾਂ ਨੂੰ ਲੱਭਿਆ ਜਾਂਦਾ ਹੈ।

ਵਿਆਹ ਅਤੇ ਸਮਾਜਿਕ ਸੰਪਰਕ ਦੀਆਂ ਪਬੰਦੀਆਂ, ਅਨੁਵੰਸ਼ਿਕਤਾ ਅਤੇ ਸ਼੍ਰੇਣੀਬੱਧ ਹੀ ਅਬਦਲ ਮੰਨੀ ਜਾਣ ਵਾਲ਼ੀ ਜਾਤ ਪ੍ਰਥਾ ਦੀਆਂ ਪ੍ਰਮੁੱਖ ਖਾਸੀਅਤਾਂ ਹਨ। ਕਿਸੇ ਜਾਤ ਦੇ ਮੈਂਬਰ ਆਪਣੀ ਜਾਤ ਦੇ ਬਾਹਰ ਨਾ ਵਿਆਹ ਕਰ ਸਕਦੇ ਹਨ ਅਤੇ ਨਾ ਆਪਣੇ ਤੋਂ ਨੀਵੀਂ ਜਾਤ ਨਾਲ਼ ਭੋਜਨ ਗ੍ਰਹਿਣ ਕਰ ਸਕਦੇ ਹਨ। ਊਚ-ਨੀਚ ਦਾ ਭਾਵ ਜਨਮ ਅਤੇ ਅਨੁਵੰਸ਼ਿਕਤਾ ਨਾਲ਼ ਜੁੜਿਆ ਹੋਇਆ ਹੈ। ਬ੍ਰਹਾਮਣ ਦੇ ਰੂਪ 'ਚ ਕਿਸੇ ਦੇ ਜਨਮ ਲੈਣ ਨਾਲ਼ ਹੀ ਉਹ ਅਤੇ ਉਸਦੇ ਵੰਸ਼ਜ ਬ੍ਰਹਾਮਣ ਮੰਨੇ ਜਾਂਦੇ ਹਨ। ਸਿਧਾਂਤਕ ਤੌਰ 'ਤੇ ਆਪਣੇ ਜੀਵਨ ਦੌਰਾਨ ਕੋਈ ਆਪਣਾ ਵਰਣ ਨਹੀਂ ਬਦਲ ਸਕਦਾ। ਚਾਰਾਂ ਪ੍ਰਮੁੱਖ ਵਰਣਾਂ ਅਤੇ ਬਹੁਗਿਣਤੀ ਜਾਤਾਂ ਕਿਸੇ ਨਾ ਕਿਸੇ ਵਰਣ ਦੇ ਅਧੀਨ ਆਉਂਦੀਆਂ ਹਨ ਇਹ ਵਿਧੀ ਰਸਮ ਦੀ ਦ੍ਰਿਸ਼ਟੀ ਤੋਂ ਊਚ-ਨੀਚ ਦੀ ਲੜੀ 'ਚ ਕ੍ਰਮਬੱਧ ਹੈ। ਬ੍ਰਹਾਮਣ ਨੂੰ ਸੱਭ ਤੋਂ ਉੱਚੀ ਹੈਸੀਅਤ ਹਾਸਲ ਹੈ ਅਤੇ ਸ਼ੂਦਰ ਨੂੰ ਸਭ ਤੋਂ ਹੇਠਲੀ। ਖੱਤਰੀ ਦੂਜੀ ਕੋਟੀ 'ਚ ਆਉਂਦੇ ਹਨ ਅਤੇ ਵੈਸ਼ ਤੀਜੀ 'ਚ। ਬੋਧ ਗਰੰਥਾਂ 'ਚ ਖੱਤਰੀ ਨੂੰ ਪਹਿਲਾ ਸਥਾਨ ਹਾਸਲ ਹੈ ਅਤੇ ਬ੍ਰਾਹਮਣ ਨੂੰ ਦੂਜਾ। ਵਰਣ ਦਾ ਅਧਾਰ ਜਨਮ ਦੀ ਬਜਾਏ ਕਰਮ ਮੰਨਿਆ ਗਿਆ ਹੈ। ਪਰ ਵਰਣਵਿਵਸਥਾ ਦਾ ਮੁੰਕਮਲ ਤਿਆਗ ਨਹੀਂ ਹੈ। ਧਰਮਸ਼ਾਸਤਰਾਂ 'ਚ ਅਛੂਤ ਜ਼ਿਆਦਾਤਰ ਸ਼ੂਦਰ ਵਰਣ ਦੇ ਅੰਸ਼ ਮੰਨੇ ਜਾਂਦੇ ਹਨ। ਪਰ ਕਦੇ-ਕਦੇ ਇਹਨਾਂ ਨੂੰ ਪੰਜਵੇਂ ਵਰਣ ਦੀ ਸੰਗਿਆ ਦਿੱਤੀ ਜਾਂਦੀ ਹੈ। ਹੁਣ ਤੱਕ ਮਿਲਾ-ਜੁਲਾ ਕੇ ਇਹ ਵੇਖਿਆ ਗਿਆ ਹੈ ਕਿ ਉੱਪਰ ਦੇ ਦੋਨਾਂ ਵਰਣਾਂ ਦੇ ਮੈਂਬਰਾਂ ਕੋਲ਼ ਜਮੀਨ ਹੁੰਦੀ ਸੀ। ਵੈਸ਼ ਵਪਾਰ ਕਰਦੇ ਸਨ। ਸ਼ੂਦਰ ਕਿਸਾਨ, ਦਸਤਕਾਰ, ਖੇਤ-ਮਜ਼ਦੂਰ ਅਤੇ ਘਰੇਲੂ ਗੁਲਾਮ ਹੁੰਦੇ ਸਨ। ਜ਼ਿਆਦਾਤਰ ਅਛੂਤ ਹੇਠਲੇ ਦਰਜੇ ਦੇ ਦਸਤਕਾਰ ਅਤੇ ਖੇਤ-ਮਜ਼ਦੂਰ ਦੇ ਰੂਪ 'ਚ ਗੁਜ਼ਾਰਾ ਕਰਦੇ ਸਨ।

ਜਾਤ ਪ੍ਰਥਾ ਦੀ ਸ਼ੁਰੂਆਤ ਲਈ ਬਹੁਤ ਸਾਰੀਆਂ ਸਫ਼ਾਈਆਂ ਦਿੱਤੀਆਂ ਜਾਂਦੀਆਂ ਹਨ। ਕਿਹਾ ਜਾਂਦਾ ਹੈ ਕਿ ਆਪਣੀ ਕੁਦਰਤੀ ਪ੍ਰਵਿਰਤੀ ਅਤੇ ਪ੍ਰਤਿਭਾ ਦੇ ਅਨੁਰੂਪ ਸੰਪੂਰਨ ਮਨੁੱਖੀ ਸਮਾਜ ਚਾਰ ਜਮਾਤਾਂ 'ਚ ਵੰਡਿਆ ਹੈ। ਕੁਝ ਲੋਕਾਂ 'ਚ ਉੱਤਮ ਅਧਿਆਤਮਿਕ ਅਤੇ ਬੌਧਿਕ ਪ੍ਰਤਿਭਾਵਾਂ ਹਨ। ਕੁਝ ਲੋਕ ਜੰਗ ਲੜਨ ਦੀ ਸਮਰੱਥਾ ਰੱਖਦੇ ਹਨ। ਕੁਝ ਹੋਰ ਪੈਦਾਵਾਰੀ ਕਾਰਜ ਦੇ ਲਾਇਕ ਹਨ। ਇਸ ਮੁਤਾਬਿਕ ਉਹ ਵੱਖ-ਵੱਖ ਪ੍ਰਵਰਗਾਂ 'ਚ ਰੱਖੇ ਗਏ ਹਨ। ਇਸ ਲਈ ਵਰਣਵਿਵਸਥਾ ਮਨੁੱਖੀ ਸਮਾਜ 'ਚ ਮੌਜੂਦ ਸੁਭਾਵਿਕ ਅਤੇ ਸਹਿਜ ਗੁਣਾਂ 'ਤੇ ਅਧਾਰਿਤ ਹੈ। ਇਸ ਲਈ ਇਸ ਨੂੰ ਹਿੰਦੂ ਪ੍ਰਤਿਭਾ ਦੀ ਦੇਣ ਕਿਹਾ ਜਾਂਦਾ ਹੈ ਅਤੇ ਵਿਦੇਸ਼ੀ ਹਮਲਿਆਂ ਦੇ ਬਾਵਜੂਦ ਹਿੰਦੂ ਸਮਾਜ ਦੀ ਅਖੰਡਤਾ ਅਤੇ ਟਿਕਾਊਪਣ ਦਾ ਕਾਰਨ ਦੱਸਿਆ ਜਾਂਦਾ ਹੈ। ਪਰ ਮਨੁੱਖ ਦੇ ਕੁਦਰਤੀ ਗੁਣ ਉਸ ਪਦਾਰਥਕ ਅਤੇ ਸਮਾਜਿਕ ਮਾਹੌਲ ਤੋਂ ਤੈਅ ਹੁੰਦੇ ਹਨ ਜਿਸ 'ਚ ਉਹ ਪੈਦਾ ਹੁੰਦਾ ਹੈ ਅਤੇ ਪਲ਼ਦਾ ਹੈ। ਉਸ ਮਾਹੌਲ ਨੂੰ ਧਿਆਨ 'ਚ ਰੱਖੇ ਬਿਨਾਂ ਉਸਦੇ 'ਕੁਦਰਤੀ' ਗੁਣਾਂ ਦਾ ਪਤਾ ਕਰਨਾ ਮੁਸ਼ਕਲ ਹੈ। ਵਰਣਵਿਵਸਥਾ ਦੇ ਕੁਦਰਤੀ ਹੋਣ ਦਾ ਸਿਧਾਂਤ ਸੱਪਸ਼ਟ ਤੌਰ 'ਤੇ ਉਹਨਾਂ ਲੋਕਾਂ ਦੇ ਸਵਾਰਥ ਨੂੰ ਸਿੱਧ ਕਰਦਾ ਹੈ ਜਿਹੜੇ ਇਸਨੂੰ ਕਾਇਮ ਰੱਖਣਾ ਚਾਹੁੰਦੇ ਹਨ। ਇਹ ਅਰਸਤੂ ਦੇ ਕਥਨ ਵਰਗੀ ਲੱਗਦੀ ਹੈ ਕਿ ਕੁਝ ਲੋਕ ਹੁਕਮ ਚਲਾਉਣ ਲਈ ਜਨਮ ਲੈਂਦੇ ਹਨ ਅਤੇ ਕੁਝ ਹੁਕਮ ਦੀ ਪਾਲਣਾ ਕਰਨ ਲਈ ਪਹਿਲੀ ਕਿਸਮ ਦੇ ਲੋਕ ਮਾਲਕ ਬਣ ਜਾਂਦੇ ਹਨ ਅਤੇ ਦੂਜੀ ਕਿਸਮ ਦੇ ਲੋਕ ਗੁਲਾਮ ਬਣਦੇ ਹਨ।

ਦੂਜੇ ਸਿਧਾਂਤ ਅਨੁਸਾਰ ਜਾਤ ਪ੍ਰਥਾ ਪਵਿੱਤਰਤਾ ਅਤੇ ਅਪਵਿੱਤਰਤਾ ਦੇ ਜ਼ਜ਼ਬਿਆਂ 'ਤੇ ਅਧਾਰਿਤ ਹੈ। ਬ੍ਰਾਹਮਣਾਂ 'ਚ ਪਹਿਲੀ ਕੋਟੀ ਦੀ ਪਵਿੱਤਰਤਾ ਪਾਈ ਜਾਂਦੀ ਹੈ। ਖੱਤਰੀਆਂ 'ਚ ਦੂਜੀ ਕੋਟੀ ਦੀ, ਵਰਣਾਂ ਅਤੇ ਜਾਤਾਂ ਦੀ ਸਾਪੇਖਿਕ ਪਵਿੱਤਰਤਾ ਦੀ ਕਲਪਨਾ ਦੇ ਅਧਾਰ 'ਤੇ ਉਹਨਾਂ ਨੂੰ ਵਿਧੀ ਰਸਮ ਦੇ ਲਿਹਾਜ ਨਾਲ਼ ਕੋਟੀਕ੍ਰਮ 'ਚ ਰੱਖਿਆ ਗਿਆ ਹੈ। ਪਰ ਇਸ ਸਿਧਾਂਤ ਦੇ ਘਾੜੇ ਭੁੱਲ ਜਾਂਦੇ ਹਨ ਕਿ ਭਾਰਤ ਤੋਂ ਬਾਹਰ ਮੁੱਢ-ਕਦੀਮੀ ਅਤੇ ਪ੍ਰਾਚੀਨ ਸਮਾਜਾਂ 'ਚ ਪਾਏ ਗਏ ਪਵਿੱਤਰਤਾ ਅਤੇ ਅਪਵਿੱਤਰਤਾ ਦੇ ਭਾਵਾਂ ਤੋਂ ਵਰਣਵਿਵਸਥਾ ਦਾ ਉਦੈ ਜਾਂ ਵਿਕਾਸ ਨਹੀਂ ਹੋਇਆ। ਭਾਰਤ 'ਚ ਵੀ ਵੈਦਿਕ ਕਾਲ 'ਚ ਚਮੜੇ ਦਾ ਕੰਮ ਅਪਵਿੱਤਰ ਨਹੀਂ ਮੰਨਿਆ ਜਾਂਦਾ ਸੀ। ਵੈਦਿਕ ਯੁੱਗ 'ਚ ਕਾਰੀਗਰਾਂ 'ਚ ਚਰਮਕਾਰ ਸ਼ਾਮਿਲ ਸਨ ਅਤੇ ਕਾਰੀਗਰ ਕਬਾਇਲੀ ਭਾਈਚਾਰੇ ਦੇ ਅੰਗ ਹੁੰਦੇ ਸਨ। ਪਰ ਵੈਦਿਕ ਕਾਲ ਮਗਰੋਂ ਪੁਰੋਹਿਤਾਂ ਅਤੇ ਯੋਧਿਆਂ ਦੀ ਜਮਾਤ ਉੱਭਰਣ ਲੱਗੀ। ਇਸ ਦੇ ਨਾਲ਼ ਹੀ ਉਹ ਹੱਥ ਦੇ ਕੰਮ ਅਤੇ ਕਾਰੀਗੀਰੀ ਤੋਂ ਵੱਖ ਹੁੰਦੇ ਗਏ। ਵੈਦਿਕ ਕਾਲ ਮਗਰੋਂ ਇਹਨਾਂ 'ਚ ਲੱਗੇ ਲੋਕਾਂ ਨੂੰ ਨਫ਼ਰਤ ਕਰਨ ਲੱਗੇ। ਦਰਅਸਲ ਜਿੰਨਾ ਹੀ ਉਹ ਸ਼ਰੀਰਕ ਕਿਰਤ, ਅਨਾਜ ਪੈਦਾ ਕਰਨ ਅਤੇ ਦਸਤਕਾਰੀ ਦੇ ਕੰਮ ਤੋਂ ਵੱਖ ਹੋਏ ਓਨਾ ਹੀ ਆਪਣੇ ਨੂੰ ਪਵਿੱਤਰ ਅਤੇ ਭੱਦਰ ਮੰਨਣ ਲੱਗੇ।

ਤੀਜੇ ਸਿਧਾਂਤ ਰਾਹੀਂ ਭਾਰਤ ਦੇ ਮੁੱਢਕਦੀਮੀ ਕਬਾਇਲੀ ਭਾਈਚਾਰੇ ਤੋਂ ਹਾਸਲ ਪਰੰਪਰਾ ਦੇ ਰੂਪ 'ਚ ਜਾਤ ਦੇ ਉਦੈ ਦੀ ਵਿਆਖਿਆ ਕੀਤੀ ਜਾਂਦੀ ਹੈ। ਇਸ ਅਨੁਸਾਰ ਹਰ ਕਬੀਲਾ ਬੁਹਗਿਣਤੀ ਕੁਲਾਂ 'ਚ ਵੰਡਿਆ ਹੋਇਆ ਹੈ। ਕਿਸੇ ਕੁਲ ਦੇ ਮੈਂਬਰ ਆਪਣੇ ਕਬੀਲੇ ਅੰਦਰ, ਪਰ ਕੁਲ ਤੋਂ ਬਾਹਰ, ਵਿਆਹ ਸਬੰਧ ਬਣਾ ਸਕਦੇ ਸਨ। ਜਦੋਂ ਅਜਿਹਾ ਕਬੀਲਾ ਬ੍ਰਾਹਮਣ ਦੀ ਸਮਾਜਿਕ ਵਿਵਸਥਾ 'ਚ ਜਾਤ ਦੇ ਰੂਪ 'ਚ ਮਿਲਾ ਲਿਆ ਜਾਂਦਾ ਹੈ ਤਦ ਵੀ ਇਹ ਆਪਣੀ ਜਾਤ ਅੰਦਰ ਹੀ ਵਿਆਹ ਸਬੰਧ ਜ਼ਾਰੀ ਰੱਖਦਾ ਹੈ ਅਤੇ ਹੋਰ ਜਾਤਾਂ ਨਾਲ਼ ਸਮਾਜਿਕ ਸੰਪਰਕ ਨਹੀਂ ਰੱਖਦਾ ਹੈ। ਇਸ 'ਚ ਸੰਦੇਹ ਨਹੀਂ ਕਿ ਬ੍ਰਾਹਮਣਵਾਦੀ ਸਮਾਜ ਕਾਇਮ ਹੋ ਜਾਣ 'ਤੇ ਬਹੁਤ ਸਾਰੇ ਕਬੀਲੇ ਵਰਣਾਂ 'ਚ ਮਿਲਾ ਲਏ ਗਏ। ਪਰ ਕਬੀਲਿਆਂ ਦੇ ਮਿਸ਼ਰਣ ਦੇ ਸ਼ੁਰੂਆਤੀ ਇਤਿਹਾਸ ਤੋਂ ਪਤਾ ਲੱਗੇਗਾ ਕਿ ਜੰਗ ਅਤੇ ਦੇਣ-ਲੈਣ ਕਾਰਨ ਕਬੀਲਿਆਂ ਦਰਮਿਆਨ ਰਿਵਾਇਤੀ ਵਿਆਹ ਸਬੰਧ ਸ਼ੁਰੂ ਹੋਏ। ਵਿਆਹ ਦੀ ਸ਼ੁਰੂਆਤ ਭਾਈਚਾਰਿਆਂ ਦਰਮਿਆਨ ਔਰਤ ਦੀ ਅਦਲਾ ਬਦਲੀ ਦੇ ਰੂਪ 'ਚ ਹੋਈ। ਮਨੁੱਖੀ ਸਮਾਜ ਨੂੰ ਕਾਇਮ ਰੱਖਣ ਲਈ ਅਦਲਾ ਬਦਲੀ ਜ਼ਰੂਰੀ ਸਮਝੀ ਜਾਂਦੀ ਸੀ। ਉੱਚੇ ਵਰਣਾਂ ਦੇ ਵਿਸ਼ੇਸ਼ ਹੱਕਾਂ ਨੂੰ ਕਾਇਮ ਰੱਖਣ ਦੀ ਲੋੜ ਕਾਰਨ ਸਵਰਨ ਵਿਆਹ 'ਤੇ ਜ਼ੋਰ ਦਿੱਤਾ ਜਾਣ ਲੱਗਾ।

ਸੁਵਿਧਾਭੋਗੀਆਂ ਦੀ ਗਿਣਤੀ ਸਮਾਜ 'ਚ ਸੀਮਤ ਹੁੰਦੀ ਹੈ। ਜੇਕਰ ਉਹ ਸਾਰਿਆਂ ਨਾਲ਼ ਆਪਣਾ ਵਿਆਹ ਸਬੰਧ ਸਥਾਪਿਤ ਕਰਦੇ ਹਨ ਤਾਂ ਉਹਨਾਂ ਦਾ ਘੇਰਾ ਬਹੁਤ ਵੱਧ ਜਾਂਦਾ ਹੈ। ਇਸ ਲਈ ਹੇਠਲੇ ਵਰਣ ਦਾ ਉੱਚ ਵਰਣਾਂ ਨਾਲ਼ ਸਮਾਜਿਕ ਸੰਪਰਕ ਆਪਣੇ ਆਪ ਰੁਕ ਜਾਂਦਾ ਹੈ ਅਤੇ ਹੇਠਲੇ ਵਰਣ ਦੇ ਲੋਕਾਂ 'ਤੇ ਆਪਣੇ ਹੀ ਵਰਣ 'ਚ ਵਿਆਹ ਕਰਨ ਦੀ ਪਾਬੰਦੀ ਲੱਗ ਜਾਂਦੀ ਹੈ।

ਚੌਥੇ ਸਿਧਾਂਤ ਅਨੁਸਾਰ ਜਾਤ ਪ੍ਰਥਾ ਦੀ ਸ਼ੁਰੂਆਤ ਕਿਰਤ-ਵੰਡ ਦੇ ਅਧਾਰ 'ਤੇ ਹੋਈ। ਕਿਹਾ ਜਾਂਦਾ ਹੈ ਕਿ ਪੈਦਾਵਾਰ ਵਧਾਉਣ ਅਤੇ ਆਰਥਿਕ ਤਰੱਕੀ ਲਈ ਪੇਸ਼ੇ ਅਨੁਸਾਰ ਕਿਰਤ-ਵੰਡ ਦੀ ਲੋੜ ਪੈਦਾ ਹੋਈ ਜਿਸ ਨਾਲ਼ ਜਾਤਾਂ ਦਾ ਜਨਮ ਹੋਇਆ। ਇਹ ਸਿਧਾਂਤ ਕੁਝ ਤਰਕਸੰਗਤ ਲੱਗਦਾ ਹੈ, ਪਰ ਇਸ ਸਿਧਾਂਤ 'ਚ ਜਾਤ ਪ੍ਰਥਾ ਦੇ ਅਨੁਵੰਸ਼ਿਕ ਪੱਖ ਨੂੰ ਅਣਗੌਲ਼ਿਆ ਗਿਆ ਹੈ। ਵੈਦਿਕ ਯੁੱਗ 'ਚ ਜਾਤਾਂ ਸੁਭਾਵਿਕ ਰੂਪ 'ਚ ਪੇਸ਼ਿਆਂ 'ਤੇ ਅਧਾਰਿਤ ਸਨ ਅਤੇ ਕਾਰੋਬਾਰ ਤਬਦੀਲੀ ਸੰਭਵ ਸੀ, ਪਰ ਸਦੀਆਂ ਮਗਰੋਂ ਇਹ ਅਸੰਭਵ ਹੋ ਗਿਆ। ਇਸ ਤੋਂ ਇਲਾਵਾ ਮਹੱਤਵਪੂਰਨ ਤੱਥ ਇਹ ਹੈ ਕਿ ਕਿਰਤ-ਵੰਡ ਇਸ ਤਰ੍ਹਾਂ ਲਾਗੂ ਕੀਤੀ ਗਈ ਕਿ ਬ੍ਰਾਹਮਣਾਂ ਅਤੇ ਪੁਰੋਹਿਤਾਂ ਅਤੇ ਖੱਤਰੀਆਂ ਜਾਂ ਸੂਰਮਿਆਂ ਨੂੰ ਪੈਦਾਵਾਰ ਦੇ ਕੰਮ ਤੋਂ ਹਟਾ ਲਿਆ ਗਿਆ ਅਤੇ ਇਹ ਕੇਵਲ ਵੈਸ਼ਾਂ ਅਤੇ ਸ਼ੂਦਰਾਂ ਦੇ ਮੱਥੇ ਮੜ੍ਹ ਦਿੱਤਾ ਗਿਆ।

## ਸਮਾਜਿਕ ਵਿਭੇਦੀਕਰਨ ਦਾ ਰੂਪ

ਵਰਣ ਜਾਂ ਜਾਤ ਨੂੰ ਅਸੀਂ ਸਮਾਜਿਕ ਵਿਭੇਦੀਕਰਨ ਦਾ ਰੂਪ ਮੰਨ ਕੇ ਚੱਲੀਏ ਤਾਂ ਜਾਤ ਪ੍ਰਥਾ ਦੇ ਜਨਮ ਅਤੇ ਵਿਕਾਸ ਨੂੰ ਮੁਕਾਬਲਤਨ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਇਹ ਧਿਆਨ 'ਚ ਰੱਖਣਾ ਜ਼ਰੂਰੀ ਹੈ ਕਿ ਸਮਾਜਿਕ ਸੰਘਰਸ਼ਾਂ ਕਰਕੇ ਅਤੇ ਸਾਧਨਾਂ ਅਤੇ ਪੈਦਾਵਾਰ ਦੀ ਅਸਾਵੀਂ ਵੰਡ ਨਾਲ਼ ਸਮਾਜ 'ਚ ਜਮਾਤੀ ਵਖਰੇਵਾਂ ਪੈਦਾ ਹੁੰਦਾ ਹੈ। ਇਸ ਲਈ ਜਦੋਂ ਤੱਕ ਭੌਤਿਕ ਜੀਵਨ 'ਚ ਹੋਈਆਂ ਤਬਦੀਲੀਆਂ ਨਾਲ਼ ਸਮਾਜਿਕ ਪ੍ਰਕਿਰਿਆ ਦੇ ਘਣੇ ਸਬੰਧ ਦਾ ਅਧਿਐਨ ਨਾ ਕੀਤਾ ਜਾਵੇ ਤਦ ਤੱਕ ਜਾਤ ਦੇ ਪੈਦਾ ਹੋਣ ਅਤੇ ਵਿਕਾਸ ਨੂੰ ਨਹੀਂ ਸਮਝਿਆ ਜਾ ਸਕਦਾ ਹੈ।

ਸ਼ੁਰੂਆਤੀ ਭਾਰਤੀ ਸਮਾਜ ਨੂੰ ਇਸ ਕਾਰਨ ਏਸ਼ਿਆਈ ਅਤੇ ਗੈਰ-ਤਬਦੀਲੀਯੋਗ ਕਿਹਾ ਜਾਂਦਾ ਹੈ ਕਿ ਇਸ 'ਚ ਕੋਈ ਸਮਾਜਿਕ ਜਮਾਤ ਨਹੀਂ ਸੀ ਜਿਹੜੀ ਤਬਦੀਲੀ ਲਿਆਉਣ 'ਚ ਆਗੂ ਬਣ ਸਕੇ। ਇਹ ਦਲੀਲ ਦਿੱਤੀ ਜਾਂਦੀ ਹੈ ਕਿ ਰਾਜਾ ਨਿਰੰਕੁਸ਼ ਹੁੰਦਾ ਸੀ ਕਿਉਂਕਿ ਲੋਕ ਉਸ ਰਾਹੀਂ ਦਿੱਤੀਆਂ ਗਈਆਂ ਸਿੰਜਾਈ ਸਬੰਧੀ ਸਹੂਲਤਾਂ 'ਤੇ ਨਿਰਭਰ ਰਹਿੰਦੇ ਸਨ। ਉਸਦੇ ਰਾਜ 'ਚ ਪਿੰਡ ਹੁੰਦੇ ਸਨ ਜਿਹੜੇ ਆਪਣੇ ਆਪ 'ਚ ਛੋਟੇ ਸੰਸਾਰ ਸਨ। ਹਰ ਪਿੰਡ ਖੇਤੀ ਅਤੇ ਦਸਤਕਾਰੀ ਦੇ ਮੇਲ਼ 'ਤੇ ਕਾਇਮ ਸੀ। ਪਰ ਭਾਰਤ ਦੇ ਜਿਆਦਾਤਰ ਹਿੱਸਿਆਂ 'ਚ ਕਾਫ਼ੀ ਵਰਖਾ ਕਾਰਨ ਨਾ ਸਿੰਜਾਈ ਦੀ ਵੱਧ ਲੋੜ ਸੀ ਨਾ ਕੇਂਦਰ ਇਸਦਾ ਪੂਰੀ ਤਰ੍ਹਾਂ ਸੰਚਾਲਨ ਕਰਦਾ ਸੀ। ਪ੍ਰਾਚੀਨ ਕਾਲ 'ਚ ਕਰਾਂ, ਨਜਰਾਨਿਆਂ ਅਤੇ ਵਪਾਰ ਰਾਹੀਂ ਪਿੰਡ ਸ਼ਹਿਰਾਂ ਨਾਲ਼ ਬੰਨੇ ਹੋਏ ਸਨ। ਬ੍ਰਹਮਣਾਂ ਅਤੇ ਖੱਤਰੀਆਂ ਦਾ ਸਰਗਰਮ ਸਮੂਹ ਸੀ। ਰਾਜਾ ਅਤੇ ਪ੍ਰਜਾ ਦਰਮਿਆਨ ਮੱਧਵਰਤੀ ਜਮਾਤ ਦੇ ਰੂਪ 'ਚ ਕੰਮ ਕਰਦਾ ਸੀ। ਮਗਰੋਂ ਇਸ ਜਮਾਤ ਦੇ ਹੱਥ 'ਚ ਵੱਧ ਜਮੀਨ ਆ ਗਈ। ਤਦ ਇਹ ਜਗੀਰੂ ਜਮਾਤ ਬਣ ਗਈ। ਆਤਮਨਿਰਭਰ ਪਿੰਡਾਂ 'ਤੇ ਅਧਾਰਿਤ ਅਤੇ ਨਿਰੰਕੁਸ਼ ਹਾਕਮ ਰਾਹੀਂ ਸੰਚਾਲਿਤ ਗ਼ੈਰ-ਤਬਦੀਲੀ ਯੋਗ ਸਮਾਜ ਦਾ ਚਿੱਤਰ ਸ਼ੁਰੂਆਤੀ ਭਾਰਤੀ ਸਮਾਜ 'ਤੇ ਨਹੀਂ ਲਾਗੂ ਹੁੰਦਾ ਹੈ।

ਪ੍ਰਾਚੀਨ ਭਾਰਤੀ ਸਮਾਜ ਨੂੰ ਗ਼ੁਲਾਮਦਾਰੀ 'ਤੇ ਅਧਾਰਿਤ ਸਮਾਜ ਵੀ ਨਹੀਂ ਕਿਹਾ ਜਾ ਸਕਦਾ ਹੈ। ਬੁੱਧ ਦੇ ਦੌਰ 'ਚ ਮੱਧ ਗੰਗਾ ਇਲਾਕੇ 'ਚ ਬਹੁਗਿਣਤੀ ਗੁਲਾਮਾਂ ਦੀ ਹੋਂਦ ਨੂੰ ਨਕਾਰਿਆ ਨਹੀਂ ਜਾ ਸਕਦਾ ਹੈ। ਅਜਿਹਾ ਲੱਗਦਾ ਹੈ ਕਿ ਮੌਰਿਆ ਕਾਲ਼ 'ਚ ਵੱਡੇ ਵੱਡੇ ਰਾਜਕੀ ਫਾਰਮਾਂ 'ਚ ਗੁਲਾਮਾਂ ਅਤੇ ਭਾੜੇ ਦੇ ਮਜ਼ਦੂਰਾਂ ਦੀ ਮਦਦ ਨਾਲ਼ ਕੰਮ ਹੁੰਦਾ ਸੀ। ਸੰਭਵ ਹੈ ਕਿ ਅਸ਼ੋਕ ਨੇ ਕਲਿੰਗਾ ਦੀ ਜੰਗ 'ਚ ਬੰਦੀ ਬਣਾਏ ਗਏ ਡੇਢ ਲੱਖ ਲੋਕਾਂ ਨੂੰ ਖੇਤਾਂ ਅਤੇ ਖਾਣਾਂ 'ਚ ਕੰਮ 'ਤੇ ਲਗਾਇਆ ਹੋਵੇ। ਪਰ ਕੁਲ ਮਿਲਾ ਕੇ ਦੇਖਣ ਤੋਂ ਇਹ ਲੱਗਦਾ ਹੈ ਕਿ ਪ੍ਰਾਚੀਨ ਭਾਰਤ 'ਚ ਗੁਲਾਮਾਂ ਨੂੰ ਘਰੇਲੂ ਕੰਮਾਂ 'ਚ ਹੀ ਲਗਾਇਆ ਜਾਂਦਾ ਸੀ। ਕੁਝ ਖੁਸ਼ਹਾਲ ਭੋਂ-ਮਾਲਕਾਂ ਦੇ ਬਾਵਜੂਦ ਗੁਪਤ ਕਾਲ ਤੱਕ ਮੁੱਖ ਤੌਰ 'ਤੇ ਕਿਸਾਨ ਆਪਣੇ ਪਰਿਵਾਰ ਰਾਹੀਂ ਆਪਣਾ ਖੇਤ ਸੰਭਾਲ਼ਦਾ ਸੀ। ਖੁਸ਼ਹਾਲ ਕਿਸਾਨ ਖੇਤ ਗੁਲਾਮਾਂ ਅਤੇ ਖੇਤ-ਮਜ਼ਦੂਰਾਂ ਦੀ ਮਦਦ ਨਾਲ਼ ਕੰਮ ਚਲਾਉਂਦੇ ਸਨ। ਇਸਦੇ ਉਲ਼ਟ ਯੂਨਾਨ ਅਤੇ ਰੋਮ ਦੇ ਖੇਤਾਂ ਅਤੇ ਖਾਣਾਂ 'ਚ ਬਹੁਗਿਣਤੀ ਗੁਲਾਮ ਕੰਮ ਕਰਦੇ ਰਹੇ। ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ *ਪੇਰਿਕਲੀਜ* ਦੇ ਯੁੱਗ 'ਚ ਏਥੇਂਸ ਆਪਣੇ ਗੌਰਵ ਦੀ ਸਿਖਰ ਤੱਕ ਪਹੁੰਚਿਆ ਹੋਇਆ ਸੀ। ਉਸ ਜਮਾਨੇ 'ਚ ਉੱਥੇ ਗੁਲਾਮਾਂ ਦੀ ਗਿਣਤੀ ਨਾਗਰਿਕਾਂ ਦੀ ਗਿਣਤੀ ਤੋਂ ਵੱਧ ਸੀ। ਇਹ ਗੱਲ ਵਧਾ-ਚੜ੍ਹਾ ਕੇ ਕਹੀ ਲੱਗ ਸਕਦੀ ਹੈ ਪਰ ਯੂਨਾਨੀ ਅਤੇ ਰੋਮਨ ਸਮਾਜ 'ਚ ਪੈਦਾਵਾਰ ਲਈ ਗੁਲਾਮਾਂ ਦੀ ਗਿਣਤੀ ਕਾਫ਼ੀ ਸੀ। ਇਸਦੇ ਉਲ਼ਟ, ਭਾਰਤ 'ਚ ਲੱਗਭਗ ਹਜ਼ਾਰ ਸਾਲਾਂ ਤੱਕ ਬੁੱਧ ਯੁੱਗ ਤੋਂ ਲੈ ਕੇ ਗੁਪਤਾਂ ਦੇ ਸਮੇਂ ਤੱਕ ਪੈਦਾਵਾਰ ਦਾ ਅਸਲੀ ਪ੍ਰਬੰਧ ਅਜਾਦ ਕਿਸਾਨਾਂ ਦੇ ਹੱਥ 'ਚ ਸੀ। ਇਹ ਵੈਸ਼ ਕਹਾਉਂਦੇ ਸਨ ਅਤੇ ਇਸ 'ਚ ਸ਼ੂਦਰ ਗੁਲਾਮਾਂ, ਦਸਤਕਾਰਾਂ ਅਤੇ ਖੇਤ ਮਜ਼ਦੂਰਾਂ ਦੀ ਮਦਦ ਲੈਂਦੇ ਸਨ।

ਪਰ ਇਹ ਵੈਸ਼ ਸ਼ੂਦਰ ਅਧਾਰਿਤ ਸਮਾਜਿਕ ਸਰੰਚਨਾ ਵੈਦਿਕ ਰਿਗਵੈਦਿਕ ਯੁੱਗ 'ਚ ਨਹੀਂ ਸੀ। ਸ਼ੁਰੂਆਤੀ ਵੈਦਿਕ ਸਮਾਜ ਮੁੱਖ ਤੌਰ 'ਤੇ ਪਸ਼ੂਚਾਰੀ ਸੀ। ਇਸ 'ਚ ਕਬੀਲਾਈ ਤੱਤ ਪ੍ਰਧਾਨ ਸਨ। ਰਿਗਵੇਦ ਦੇ ਸਭ ਤੋਂ ਪ੍ਰਾਚੀਨ ਸੂਕਤਾਂ 'ਚ ਗਾਂ ਲਈ ਗੋ ਸ਼ਬਦ ਦਾ ਵਰਨਣ ਵੱਖ-ਵੱਖ ਰੂਪਾਂ 'ਚ 176 ਵਾਰੀ ਹੋਇਆ ਹੈ। ਗਾਵਾਂ (ਗੋ) ਸੰਪਤੀ (ਰਈ) ਦੀਆਂ ਸਮਾਨਅਰਥੀ ਮੰਨੀਆਂ ਜਾਂਦੀਆਂ ਸਨ। ਅਮੀਰ ਵਿਅਕਤੀ ਗੋਮਤ ਕਹਾਉਂਦਾ ਸੀ। ਜੰਗ ਲਈ ਗਵਿਸ਼ਟ, ਗੋਸ਼੍ਹ, ਗਵਿਅਤ, ਗਵਿ ਅਤੇ ਗਵੇਸ਼ਣ ਵਰਗੇ ਸ਼ਬਦਾਂ ਦੀ ਉੱਤਪਤੀ ਗੋ ਤੋਂ ਹੋਈ। ਗੋ ਤੋਂ ਗਵਯੂਤੀ ਸ਼ਬਦ ਨਿਕਲ਼ਿਆ ਹੈ ਜਿਸ ਨਾਲ਼ ਦੂਰੀ ਦਾ ਬੋਧ ਹੁੰਦਾ ਹੈ। ਗੋਪ ਜਾਂ ਗੋਪਤੀ ਰਾਜਾ ਨੂੰ ਦਿੱਤਾ ਗਿਆ ਉਪਨਾਮ (ਉਪਾਧੀ) ਸੀ। ਪਰਿਵਾਰਿਕ ਜੀਵਨ 'ਚ ਪੁੱਤਰੀ ਲਈ ਦੁਹਿਤਰੂ (ਜਿਹੜੀ ਦੁੱਧ ਚੋਂਦੀ ਹੋਵੇ) ਸ਼ਬਦ ਦੇ ਪ੍ਰਯੋਗ ਨਾਲ਼ ਗਾਂ ਦੇ ਗੁਰੂਤਵ ਦਾ ਸੰਕੇਤ ਮਿਲਦਾ ਹੈ। ਦੇਵਤਾਗਣ ਚਾਰ ਵਰਣਾਂ 'ਚ

ਵੰਡੇ ਸਨ। ਸਵਰਗੀ (ਦਿਵਯ), ਦੁਨਿਆਵੀ (ਪਾਰਥਿਵ), ਗਾਯੋਤਪਨ (ਗੋਜਾਤ) ਅਤੇ ਜਲੀ (ਆਪਯ)। ਇਹਨਾਂ ਵਰਣਾਂ ਨਾਲ਼ ਗਾਵਾਂ ਦੇ ਮਹੱਤਵ ਦਾ ਮੁੜ ਸੰਕੇਤ ਮਿਲ਼ਦਾ ਹੈ। ਵੈਦਿਕ ਕਾਲੀਨ ਲੋਕਾਂ ਦਾ ਗਾਵਾਂ ਨਾਲ਼ ਇੰਨਾਂ ਨਜ਼ਦੀਕੀ ਰਿਸ਼ਤਾ ਸੀ ਕਿ ਜਦੋਂ ਲੋਕਾਂ ਨੇ ਭਾਰਤ 'ਚ ਮੱਝ ਨੂੰ ਦੇਖਿਆ ਤਦ ਉਹਨਾਂ ਨੇ ਉਸਨੂੰ ਗੋਵਾਲ ਦੀ ਸੰਗਿਆ ਉਸੇ ਤਰ੍ਹਾਂ ਦਿੱਤੀ ਜਿਸ ਤਰ੍ਹਾਂ ਬੇਬੀਲੋਨ ਨਿਵਾਸੀਆਂ ਨੇ ਘੋੜੇ ਨੂੰ ਪਹਿਲੀ ਵਾਰ ਵੇਖ ਕੇ ਪਹਾੜੀ ਗਧਾ ਕਿਹਾ ਸੀ। ਮੱਝ ਨੂੰ ਗੌਰੀ ਦੀ ਸੰਗਿਆ ਵੀ ਦਿੱਤੀ ਗਈ। ਇਸ ਸ਼ਬਦ ਦਾ ਵੀ ਸਬੰਧ ਗਾਂ ਨਾਲ਼ ਹੈ।

ਰਿਗਵੇਦ ਦੇ ਸ਼ੁਰੂਆਤੀ ਅੰਸ਼ਾਂ 'ਚ ਵੀ ਕਾਰੀਗਰਾਂ, ਕਿਸਾਨਾਂ, ਪੁਰੋਹਿਤਾਂ ਅਤੇ ਯੋਧਿਆਂ ਦਾ ਜ਼ਿਕਰ ਮਿਲਦਾ ਹੈ। ਫਿਰ ਵੀ ਇਸ ਯੁੱਗ 'ਚ ਆਰੀਆਂ ਦਾ ਸਮਾਜ ਬੁਨਿਆਦੀ ਤੌਰ 'ਤੇ ਕਬੀਲਾਈ, ਪਸ਼ੂਚਾਰੀ ਅਤੇ ਕਰੀਬ ਕਰੀਬ ਸਮਾਨਤਾਵਾਦੀ ਸੀ। ਜੰਗ 'ਚ ਲੁੱਟੀਆਂ ਹੋਈਆਂ ਵਸਤੂਆਂ ਅਤੇ ਗਾਵਾਂ ਤੋਂ ਸੰਪੱਤੀ ਦੇ ਮੁੱਖ ਢਾਂਚੇ ਬਣਦੇ ਸਨ। ਅਨਾਜ ਪੈਦਾ ਕਰਨ ਵਾਲ਼ੇ ਅਰਥਚਾਰੇ ਹੁਣ ਵੀ ਚੰਗੀ ਤਰ੍ਹਾਂ ਕਾਇਮ ਨਹੀਂ ਹੋਏ ਸਨ। ਇਸ ਹਾਲਤ 'ਚ ਦਾਨ ਦੇ ਨਾਂ 'ਤੇ ਕਿਸਾਨਾਂ ਤੋਂ ਅਨਾਜ ਹਾਸਲ ਕਰਨ ਦੀ ਗੁੰਜਾਇਸ਼ ਨਹੀਂ ਸੀ। ਵਾਫ਼ਰ ਪੈਦਾਵਾਰ ਦੀ ਕਮੀ 'ਚ ਜੀਵਨ ਜੀਣ ਵਾਲ਼ੇ ਪੁਰੋਹਿਤਾਂ ਅਤੇ ਯੋਧਿਆਂ ਦੀ ਜਮਾਤ ਕਾਇਮ ਨਹੀਂ ਹੋ ਸਕਦੀ ਸੀ। ਉਸ ਸਮੇਂ ਉੱਚ ਅਹੁਦੇ ਦਾ ਹੋਣਾ ਸੰਭਵ ਸੀ। ਪਰ ਉੱਚ ਸਮਾਜਿਕ ਜਮਾਤ ਦਾ ਹੋਣਾ ਸੰਭਵ ਨਹੀਂ ਸੀ। ਉਮਰ ਦਾ ਫਰਕ, ਲਿੰਗ ਭੇਦ ਅਤੇ ਗਾਵਾਂ ਅਤੇ ਰੱਥਾਂ 'ਤੇ ਅਧਿਕਾਰ ਦੇ ਕਾਰਣ ਨਾਬਰਾਬਰੀਆਂ ਦਾ ਜਨਮ ਹੋਇਆ। ਪਰ ਹੁਣ ਵੀ ਸਮਾਜ 'ਚ ਵਾਫਰ ਪੈਦਾਵਾਰ ਦੀ ਕਮੀ ਸੀ। ਆਰਥਿਕ ਸਾਧਨਾਂ ਅਤੇ ਪੈਦਾਵਾਰ ਦੇ ਸਬੰਧਤ ਹਿੱਸਿਆਂ ਦੀ ਸੰਸਥਾਬੱਧ ਅਸਾਵੀਂ ਵੰਡ ਨਹੀਂ ਹੋ ਸਕੀ ਸੀ। ਇਸ ਲਈ ਸਮਾਜ 'ਚ ਜਮਾਤਾਂ ਦੇ ਗਠਨ ਦੀ ਠੋਸ ਨੀਂਹ ਨਹੀਂ ਪੈ ਸਕੀ ਸੀ। ਖੇਤੀ ਦੇ ਗੌਣ ਹੋਣ ਕਰਕੇ ਠੀਕ ਤਰ੍ਹਾਂ ਕਿਸਾਨ ਭਾਈਚਾਰਾ ਕਾਇਮ ਨਹੀਂ ਹੋ ਸਕਿਆ ਸੀ। ਲਿਹਾਜਾ ਇਸ ਤਰ੍ਹਾਂ ਅਨਾਜ ਦੀ ਪੈਦਾਵਾਰ ਸੰਭਵ ਨਹੀਂ ਸੀ ਜਿਸ ਨਾਲ਼ ਉੱਚ ਜਮਾਤਾਂ ਦੇ ਜਨਮ ਦਾ ਮਾਰਗ ਖੁੱਲ੍ਹ ਸਕਦਾ ਸੀ। ਰਿਗਵੇਦ 'ਚ ਵਰਣ ਜਾਂ ਜਮਾਤ ਦੇ ਨਾਂ 'ਤੇ ਨਹੀਂ, ਸਗੋਂ ਕਬੀਲਾਈ ਜਾਤ ਦੇ ਨਾਂ ਤੇ ਲੋਕ ਇੱਕਠੇ ਹੁੰਦੇ ਸਨ। ਕਬੀਲਾਈ ਜਾਤ ਲਈ ਜਨ ਵਿਸ਼ ਸ਼ਬਦ ਦਾ ਵਾਰ-ਵਾਰ ਵਰਣਨ ਹੈ ਅਤੇ ਪੰਚਜਨਾ ਸ਼ਬਦ ਜਾਂ ਪਾਂਚ (ਅਨੇਕ ਆਰੀਆ ਜਾਂ ਕਬੀਲਾਈ) ਜਾਤਾਂ ਤੋਂ ਛੁੱਟ ਰਿਗਵੇਦ 'ਚ ਗੈਰ-ਆਰੀਆ ਕਬੀਲਿਆਂ ਦੀ ਹੋਂਦ ਦਾ ਸਬੂਤ ਮਿਲ਼ਦਾ ਹੈ। ਇਸ ਪੜਾਅ 'ਚ ਗੁਲਾਮਾਂ ਅਤੇ ਦਸਯੂ ਲੋਕਾਂ ਦੀ ਚਰਚਾ ਮਿਲਦੀ ਹੈ। ਪਰ ਸ਼ੂਦਰਾਂ ਦੇ ਰੂਪ 'ਚ ਸੇਵਾ ਕਰਨ ਵਾਲ਼ੀ ਜਮਾਤ ਦੇ ਗਠਨ ਦਾ ਸੰਕੇਤ ਨਹੀਂ ਮਿਲ਼ਦਾ। ਸਰਦਾਰਾਂ ਅਤੇ ਪੁਰੋਹਿਤਾਂ ਦੇ ਘਰੇਲੂ ਕੰਮ ਲਈ ਦਾਸੀਆਂ ਹੁੰਦੀਆਂ ਸਨ। ਉਂਝ ਉਹਨਾਂ ਦੀ ਗਿਣਤੀ ਵੱਧ ਨਹੀਂ ਰਹੀ ਹੋਵੇਗੀ। ਯੋਧਿਆਂ ਅਤੇ ਪਸ਼ੂਪਾਲਕਾਂ ਨੂੰ ਪੈਦਾ ਕਰਨ ਲਈ ਔਰਤਾਂ ਦੀ ਵੱਡੀ ਮੰਗ ਸੀ ਕਿਉਂਕਿ ਮਰਦ ਕਬੀਲਾਈ ਜੰਗਾਂ 'ਚ ਮਰਦੇ ਰਹਿੰਦੇ ਸਨ।

## ਮਗਰਲਾ ਵੈਦਿਕ ਕਾਲ

ਮਗਰਲੇ ਵੈਦਿਕ ਕਾਲ 'ਚ ਵੀ ਖੇਤੀ ਦਾ ਵਿਕਾਸ ਓਨਾ ਨਹੀਂ ਹੋਇਆ ਸੀ ਜਿਸ ਨਾਲ਼ ਕਿਸਾਨ ਆਪਣੇ ਰੋਜ਼ਮਰ੍ਹਾ ਗੁਜ਼ਾਰੇ ਤੋਂ ਵੱਧ ਅਨਾਜ ਉਪਜਾ ਸਕਦੇ। ਇਸ ਕਰਕੇ ਕਰਾਂ ਦੀ ਵਸੂਲੀ ਨਿਯਮਿਤ ਰੂਪ ਨਾਲ਼ ਨਹੀਂ ਹੋ ਸਕਦੀ ਸੀ ਅਤੇ ਪੈਦਾਕਾਰਾਂ ਅਤੇ ਪੈਦਾਵਾਰ ਦੇ ਪ੍ਰਬੰਧਕਾਂ ਦਰਮਿਆਨ ਵਿਭੇਦੀਕਰਨ ਸਪੱਸ਼ਟ ਤੌਰ 'ਤੇ ਨਹੀਂ ਉੱਭਰ ਸਕਿਆ ਸੀ। ਵੰਡ ਲਈ ਮੁਹੱਈਆ ਮੁੱਖ ਵਾਫ਼ਰ ਅਧੀਨ ਕਬੀਲਾਈ ਜੰਗਾਂ 'ਚ ਜ਼ਬਤ ਲੁੱਟ ਦਾ ਮਾਲ ਅਤੇ ਕਬੀਲੇ ਦੇ ਸਰਦਾਰ ਕੋਲ਼ ਕਦੇ-ਕਦੇ ਦਿੱਤੇ ਗਏ ਤੋਹਫ਼ੇ ਆਉਂਦੇ ਸਨ। ਕਬੀਲੇ ਦਾ ਸਰਦਾਰ ਰਾਜਾ ਕਹਾਉਂਦਾ ਸੀ। ਇਹਨਾਂ ਦੀ ਵੰਡ ਉਹ ਯੱਗਾਂ ਦੇ ਮੌਕੇ 'ਤੇ ਵੈਦਿਕ-ਕਾਲੀਨ ਸੰਮੇਲਨਾਂ 'ਚ ਕਰਦਾ ਸੀ। ਪਰ ਗਾਵਾਂ ਅਤੇ ਦਾਸੀਆਂ ਦਾ ਜ਼ਿਆਦਾਤਰ ਕਬੀਲੇ ਦੇ ਸਰਦਾਰ ਤੋਂ ਛੁੱਟ ਪੁਰੋਹਿਤਾਂ ਕੋਲ਼ ਵੀ ਚਲਾ ਜਾਂਦਾ ਸੀ। ਪੁਰੋਹਿਤ ਆਪਣੀਆਂ ਪ੍ਰਾਰਥਨਾਵਾਂ ਅਤੇ ਧਾਰਮਿਕ ਕਰਮਕਾਂਡਾਂ ਦੇ ਜ਼ੋਰ 'ਤੇ ਦੇਵਤਿਆਂ ਨੂੰ ਪ੍ਰਸੰਨ ਕਰਕੇ ਜਿੱਤ ਹਾਸਿਲ ਕਰਨ ਵਾਲ਼ੇ ਮੰਨੇ ਜਾਂਦੇ ਸਨ। ਵੈਦਿਕ ਯੁੱਗ ਦੇ ਅੰਤ 'ਚ ਖੇਤੀ 'ਚ ਵਾਧੇ ਅਤੇ ਆਰੀਆ ਅਤੇ ਗੈਰ-ਆਰੀਆ ਲੋਕਾਂ ਦੇ ਮਿਸ਼ਰਣ ਕਰਕੇ ਸਰਵਜਨਕ ਯੱਗਾਂ 'ਚ ਵੱਖ-ਵੱਖ ਰਸਮਾਂ ਦੀ ਦੇਖ-ਰੇਖ ਲਈ ਸੱਤਰ ਤਰ੍ਹਾਂ ਦੇ ਪੁਰੋਹਿਤ ਹੁੰਦੇ ਸਨ। ਇਹਨਾਂ 'ਚ ਬ੍ਰਾਹਮਣ ਵੀ ਇੱਕ ਹੁੰਦਾ ਸੀ। ਹੌਲ਼ੀ-ਹੌਲ਼ੀ ਬ੍ਰਾਹਮਣ ਹੋਰ ਸਭ ਤਰ੍ਹਾਂ ਦੇ ਪੁਰੋਹਿਤਾਂ ਨੂੰ ਹਟਾ ਕੇ ਪੁਰੋਹਿਤ ਜਮਾਤ ਦਾ ਇੱਕੋ-ਇੱਕ ਨੁਮਾਇੰਦਾ ਬਣ ਗਿਆ ਅਤੇ ਸਾਰੀ ਦਕਸ਼ਣਾ ਦੇ ਅੱਧੇ ਦਾ ਹੱਕਦਾਰ ਬਣ ਗਿਆ। ਮਗਰਲੇ ਵੈਦਿਕ ਕਾਲ 'ਚ ਖਾਸ ਕਰਕੇ ਵੈਦਿਕ ਯੁੱਗ ਦੇ ਆਮ ਤੌਰ 'ਤੇ ਅੰਤ 'ਚ ਧਾਰਮਿਕ ਰਸਮਾਂ ਦੀਆਂ ਵਿਆਖਿਆਵਾਂ 'ਚ ਕਿਹਾ ਗਿਆ ਹੈ ਕਿ ਵੈਸ਼ਾਂ ਜਾਂ ਕਿਸਾਨ ਜਮਾਤ 'ਤੇ ਹਕੂਮਤ ਕਰਨ ਲਈ ਬ੍ਰਾਹਮਣਾਂ ਅਤੇ ਰਾਜਿਆਂ ਨੂੰ ਆਪਸੀ ਸਹਿਯੋਗ ਕਰਨਾ ਚਾਹੀਦਾ ਹੈ। ਕਿਸਾਨ ਕਦੇ-ਕਦੇ ਜੰਗੀ ਸਰਦਾਰਾਂ ਨੂੰ ਕਰ ਅਤੇ ਬ੍ਰਾਹਮਣਾਂ ਨੂੰ ਦਾਨ ਦਿੰਦੇ ਸਨ। ਇਸ ਲਈ ਮਗਰਲੇ ਵੈਦਿਕ ਕਾਲ਼ ਦੇ ਸਾਹਿਤ 'ਚ ਉਹਨਾਂ ਨੂੰ ਜੌਂ ਕਿਹਾ ਗਿਆ ਹੈ ਅਤੇ ਦੋਨਾਂ ਉੱਚ ਪ੍ਰਵਰਗਾਂ ਨੂੰ ਜੌਂ ਖਾਣ ਵਾਲ਼ਾ ਹਿਰਣ ਕਿਹਾ ਗਿਆ ਹੈ। ਪਰ ਕਦੇ-ਕਦੇ ਇਹ ਤੁਲਨਾ ਉਲ਼ਟ ਦਿੱਤੀ ਗਈ ਹੈ। ਇਸ ਨਾਲ਼ ਨਵੇਂ ਉੱਭਰਦੇ ਹਾਕਮਾਂ ਨੂੰ ਯਾਦ ਕਰਾਇਆ ਜਾਂਦਾ ਸੀ ਕਿ ਉਹ ਆਪਣੇ ਕਬੀਲੇ ਦੇ ਅਤੇ ਹੋਰ ਕਿਸਾਨਾਂ ਨੂੰ ਸਮੇਂ ਸਮੇਂ 'ਤੇ ਖਵਾਉਂਦੇ ਪਿਆਉਂਦੇ ਰਹਿਣ।

ਇਸ ਯੁੱਗ 'ਚ ਸ਼ੂਦਰ ਛੋਟੀ ਸੇਵਕ ਜਮਾਤ ਦੇ ਰੂਪ 'ਚ ਉੱਭਰਦੇ ਹਨ। ਇਸ ਜਮਾਤ 'ਚ ਅਜਿਹੇ ਆਰੀਆ ਅਤੇ ਗੈਰ-ਆਰੀਆ ਸਨ ਜਿਹੜੇ ਹਾਰੇ ਹੋਏ ਸਨ ਅਤੇ ਜਿਨ੍ਹਾਂ ਦੇ ਪਸ਼ੂ ਆਦਿ ਖੋਹ ਲਏ ਗਏ ਸਨ। ਉਹਨਾਂ 'ਚ ਕੁਝ ਸ਼ੂਦਰ ਵੈਦਿਕ ਰਸਮਾਂ 'ਚ ਭਾਗ ਲੈ ਸਕਦੇ ਸਨ। ਉਹ ਕਬੀਲਾਈ ਸਮਾਜ ਦੇ ਅੰਗ ਸਨ ਜਿਸ ਅਧੀਨ ਸਾਰੀਆਂ ਤਿੰਨਾਂ ਸਭ ਤੋਂ ਉੱਚੀਆਂ ਜਮਾਤਾਂ ਆ ਜਾਂਦੀਆਂ ਹਨ। ਮਗਰਲੇ ਵੈਦਿਕ ਕਾਲ 'ਚ ਸਮਾਜਿਕ ਵਿਭੇਦੀਕਰਨ ਤੇਜ਼ ਨਹੀਂ ਹੋ ਸਕਿਆ ਕਿਉਂਕਿ ਮੁੱਢ-ਕਦੀਮੀ (ਅਨਘੜ੍ਹ) ਤਰੀਕੇ ਦੀ ਖੇਤੀ ਹੋਣ ਦੇ ਕਾਰਨ ਕਿਸਾਨ ਏਨਾ ਪੈਦਾ ਨਹੀਂ ਕਰ ਸਕਦੇ ਸਨ ਜਿਸ

ਨਾਲ਼ ਯੋਧੇ ਅਤੇ ਪੁਰੋਹਿਤ ਦਾ ਪੂਰਾ ਕੰਮ ਚੱਲੇ ਅਤੇ ਉਹ ਅੰਨ-ਸੰਗ੍ਰਹਿ ਕਰ ਸਕਣ। ਉਹ ਸਧਾਰਣ ਤੌਰ 'ਤੇ ਲੱਕੜੀ ਦੇ ਫਾਲ਼ੇ ਦੀ ਵਰਤੋਂ ਕਰਦੇ ਸਨ ਅਤੇ ਉਹਨਾਂ ਦੀ ਖੇਤੀ ਕਰਨ ਦੀ ਜਾਣਕਾਰੀ ਵੱਧ ਵਿਕਸਿਤ ਨਹੀਂ ਸੀ। ਕਿਸਾਨਾਂ ਕੋਲ਼ ਓਨੀ ਹੀ ਜਮੀਨ ਹੁੰਦੀ ਸੀ ਜਿਸ 'ਤੇ ਉਹ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਮਦਦ ਨਾਲ਼ ਗੁਜ਼ਾਰਾ ਕਰ ਸਕਣ। ਰਾਜੇ ਵੀ ਹੱਲ ਵਾਹੁੰਦੇ ਸਨ। ਉਹਨਾਂ ਨੂੰ ਗੁਲਾਮਾਂ ਅਤੇ ਖੇਤ ਮਜ਼ਦੂਰਾਂ ਦੀ ਲੋੜ ਨਹੀਂ ਪੈਂਦੀ ਸੀ। ਇਸ ਲਈ ਉਸ ਦੌਰ 'ਚ ਗੁਲਾਮਾਂ ਅਤੇ ਖਾਸ ਕਰਕੇ ਖੇਤੀ 'ਚ ਲੱਗੇ ਮਰਦ ਗੁਲਾਮਾਂ ਦੀ ਚਰਚਾ ਨਹੀਂ ਮਿਲ਼ਦੀ। ਵੈਦਿਕ ਸਾਹਿਤ 'ਚ ਮਜ਼ਦੂਰੀ ਕਰਨ ਵਾਲ਼ਿਆਂ ਲਈ ਕੋਈ ਸ਼ਬਦ ਨਹੀਂ ਮਿਲਦਾ।

ਕੁਲ ਮਿਲ਼ਾ ਕੇ, ਦੋਵੇਂ ਸਮਾਜਿਕ ਢਾਂਚੇ, ਜਮਾਤ ਅਤੇ ਰਾਜਸੱਤਾ ਮਗਰਲੇ ਵੈਦਿਕ ਯੁੱਗ 'ਚ ਪ੍ਰਣਾਲ਼ੀਬੱਧ ਨਹੀਂ ਸਨ। ਇਹਨਾਂ 'ਚੋਂ ਹਰ ਨੂੰ ਠੋਸ ਪਦਾਰਥਕ ਸਮਰਥਨ ਅਤੇ ਸਰਵਜਨਕ ਸਮਾਜਿਕ ਮਾਨਤਾ ਦੀ ਲੋੜ ਸੀ। ਵੈਦਿਕ ਯੁੱਗ ਦੇ ਭਾਈਚਾਰਿਆਂ 'ਚ ਨਾ ਨਿਯਮਿਤ ਲਗਾਨ ਦਾ ਪ੍ਰਬੰਧ ਸੀ ਅਤੇ ਨਾ ਨਿਯਮਿਤ ਲਗਾਨ ਦਾ ਪ੍ਰਬੰਧ ਸੀ ਅਤੇ ਕਰਾਂ ਰਾਹੀਂ ਆਮਦਨ ਅਤੇ ਬਲ਼ੀ ਨਾਮਕ ਚੜ੍ਹਾਵੇ ਦੇ ਕਰਾਂ ਦਰਮਿਆਨ ਭਿੰਨਤਾ ਬਿਲਕੁਲ ਕਾਇਮ ਨਹੀਂ ਹੋ ਸਕੀ ਸੀ। ਪਸ਼ੂਚਾਰੀ ਸਮਾਜ ਦੀ ਸਵੈਇੱਛੁਕ ਕਬੀਲਾਈ ਫ਼ੌਜ ਦੀ ਥਾਂ ਖੇਤੀ ਅਧਾਰਿਤ ਸਮਾਜ ਦੀ ਕਿਸਾਨੀ ਫੌਜ ਨੇ ਲਈ ਕਿਉਂਕਿ ਪ੍ਰਣਾਲ਼ੀਬੱਧ ਕਰਾਂ ਰਾਹੀਂ ਆਮਦਨ ਪ੍ਰਣਾਲੀ ਬਿਨਾਂ ਪੇਸ਼ੇਵਰ ਫ਼ੌਜ ਨੂੰ ਰੱਖਣਾ ਅਸੰਭਵ ਸੀ। ਉਂਝ ਤਾਂ ਫ਼ੌਜ, ਫ਼ੌਜੀ, ਸੈਨਾਪਤੀ ਸ਼ਬਦਾਂ ਦਾ ਅਨੇਕ ਥਾਵਾਂ 'ਤੇ ਜ਼ਿਕਰ ਮਿਲਦਾ ਹੈ ਕਿ ਵੈਦਿਕ-ਕਾਲੀਨ ਰਾਜਾ ਜਾਂ ਸਰਦਾਰ ਸਾਲ ਭਰ ਸਥਾਈ ਫੌਜੀ ਰੱਖਦੇ ਸਨ। ਵਿਸ਼ ਫੌਜ ਦਾ ਭਾਵ ਹਥਿਆਰਬੰਦ ਸਮੂਹ ਹੁੰਦਾ ਸੀ। ਮਗਰਲੇ ਵੈਦਿਕ ਕਾਲ 'ਚ ਸੱਮਰਥਾ ਜਾਂ ਜ਼ੋਰ ਨੂੰ ਵਿਸ਼ ਜਾਂ ਕਬੀਲਾਈ ਕਿਸਾਨ ਜਮਾਤ ਦਾ ਸਮਰੂਪ ਮੰਨਿਆ ਜਾਂਦਾ ਸੀ। ਅਜਿਹੇ ਕਿਸਾਨਾਂ ਨੂੰ ਰਾਜਾ ਦੇ ਦੂਰ ਦੇ ਨਾਤੇਦਾਰ ਹੋਣ ਦੇ ਨਾਤੇ ਲੁੱਟ ਦੇ ਮਾਲ 'ਚ ਹਿੱਸਾ ਮਿਲਦਾ ਸੀ। ਅਸ਼ਵਮੇਧ ਦੇ ਘੋੜੇ ਦੀ ਰੱਖਿਆ ਲਈ ਤੈਨਾਤ ਫ਼ੌਜ 'ਚ ਖੱਤਰੀ ਅਤੇ ਵਿਸ਼ ਦੋਨੋਂ ਹੁੰਦੇ ਸਨ। ਧਨੁੱਖਾਂ, ਤਰਕਸ਼ਾਂ ਅਤੇ ਢਾਲ਼ਾਂ ਨਾਲ਼ ਸਜੇ ਖੱਤਰੀ ਲੋਕ ਫ਼ੌਜ ਦੇ ਨਾਇਕ ਅਤੇ ਆਗੂ ਦਾ ਕੰਮ ਕਰਦੇ ਸਨ ਜਦੋਂ ਕਿ ਲਾਠੀਆਂ ਨਾਲ਼ ਸਜੇ ਵਿਸ਼ ਆਮ ਫ਼ੌਜੀਆਂ ਦੇ ਰੂਪ 'ਚ ਲੜਦੇ ਸਨ। *ਸ਼ਤਪਥ ਬ੍ਰਹਾਮਣ* ਲਗਭਗ ਛੇਵੀਂ ਸਦੀ ਈਸਵੀ ਪੂਰਵ ਦੀ ਰਚਨਾ ਹੈ। ਇਸ 'ਚ ਜਿੱਤ ਦੇ ਇਛੁੱਕ ਇੱਕ ਸਰਦਾਰ ਜਾਂ ਰਾਜਨਯ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਵਿਸ਼ ਨਾਲ਼ ਇੱਕ ਹੀ ਪਾਤਰ 'ਚ ਭੋਜਨ ਕਰੇ ਕਿਉਂਕਿ ਵਿਸ਼ ਦੁਆਰਾ ਸਹਾਇਤਾ ਜਿੱਤ ਵਾਸਤੇ ਬੇਹੱਦ ਜ਼ਰੂਰੀ ਹੈ।

ਮਗਰਲੇ ਵੈਦਿਕ-ਕਾਲੀਨ ਸਮਾਜ 'ਚ ਵੱਧ ਤੋਂ ਵੱਧ ਦੋ ਤਿੰਨ ਸਦੀਆਂ ਤੱਕ ਕਿਸੇ ਇੱਕ ਥਾਂ 'ਤੇ ਲੋਕ ਵੱਸਦੇ ਸਨ। ਇਹਨਾਂ ਬਸਤੀਆਂ ਨੂੰ ਕਬੀਲਾਈ ਸਰਦਾਰਾਂ ਦਾ ਇਲਾਕਾ ਸਮਝਿਆ ਜਾ ਸਕਦਾ ਹੈ। ਵੱਡੇ ਸਰਦਾਰ ਅਨੇਕ ਕਬੀਲਾਈ ਸਰਦਾਰਾਂ 'ਤੇ ਕੰਟਰੋਲ ਕਾਇਮ ਕਰਦੇ ਸਨ ਅਤੇ ਕਦੇ ਕਦੇ ਉਹਨਾਂ ਤੋਂ ਤੋਹਫੇ ਜਮ੍ਹਾਂ ਕਰਦੇ ਸਨ। ਜਿਵੇਂ ਅਸ਼ਵਮੇਧ ਯੱਗ ਦੇ ਮੌਕੇ 'ਤੇ। ਨਾਤੇਦਾਰੀ (ਅਹੁਦੇ) ਵਾਲ਼ੀਆਂ ਸੰਸਥਾਵਾਂ ਹੁਣ ਵੀ ਮਜਬੂਤ ਸਨ। ਉਂਝ ਤਾਂ ਸਰਦਾਰ ਅਤੇ ਪੁਰੋਹਿਤ ਕਬੀਲਾਈ ਭਾਈਚਾਰਿਆਂ ਤੋਂ ਭਿੰਨ ਹੋ ਚੁੱਕੇ ਸਨ ਪਰ ਕਿਸਾਨਾਂ ਨੂੰ ਉਹਨਾਂ ਨੇ ਆਪਣੇ ਤੋਂ ਪੂਰੀ ਤਰ੍ਹਾਂ ਵੱਖ ਨਹੀਂ ਕੀਤਾ ਸੀ। ਮਗਰਲੇ ਵੈਦਿਕ ਯੁੱਗ ਦਾ ਕਿਸਾਨ ਜਦੋਂ ਤੱਕ ਸਰਦਾਰ ਵਰਗੇ ਰਾਜੇ ਨੂੰ ਟੈਕਸ ਦਿੰਦਾ ਸੀ ਜਿਹੜੇ ਪੁਰੋਹਿਤਾਂ ਅਤੇ ਖਾਸ ਕਰਕੇ ਬ੍ਰਾਹਮਣਾਂ ਨੂੰ ਦਾਨ ਦਿੰਦੇ ਸਨ। ਧਾਤ ਕਾਮੇ, ਰੱਥਕਾਰ ਅਤੇ ਰਾਜ-ਮਿਸਤਰੀ ਵਰਗੇ ਸ਼ਿਲਪੀ ਮੁੱਖ ਤੌਰ 'ਤੇ ਉੱਭਰਦੇ ਹੋਏ ਯੋਧਿਆਂ ਦੀ ਜਮਾਤ ਦੀ ਸੇਵਾ 'ਚ ਲੱਗੇ ਰਹਿੰਦੇ ਸਨ ਅਤੇ ਸੰਭਵ ਤੌਰ 'ਤੇ ਮੁੰਕਮਲ ਮਾਹਰ ਨਹੀਂ ਸਨ। ਮਗਰਲੇ ਵੈਦਿਕ ਯੁਗ ਦਾ ਕਿਸਾਨ ਓਨਾ ਅਨਾਜ ਪੈਦਾ ਨਹੀਂ ਕਰਦਾ ਸੀ ਜਿਸ ਨਾਲ਼ ਸ਼ਹਿਰਾਂ ਅਤੇ ਵਪਾਰੀਆਂ ਦੇ ਵਿਕਾਸ 'ਚ ਮਦਦ ਮਿਲਦੀ। ਇਹ ਵਿਸ਼ੇਸ਼ਤਾ ਬੁੱਧ ਦੇ ਯੁੱਗ 'ਚ ਮੂਹਰੇ ਆਈ।

## ਕਿਸਾਨੀ ਸਮਾਜ

ਉਸ ਸਮੇਂ ਦਾ ਸਮਾਜ ਮੁੱਖ ਤੌਰ 'ਤੇ ਕਿਸਾਨੀ ਸਮਾਜ ਸੀ ਜਿਸ 'ਚ ਮੁਦਰਾ ਦਾ ਪ੍ਰਚਲਨ ਨਹੀਂ ਸੀ। ਇਹ ਮੁੰਕਮਲ ਵਿਕਸਿਤ ਜਮਾਤੀ ਜਾਂ ਵਰਣ-ਅਧਾਰਿਤ ਸਮਾਜ ਨਹੀਂ ਸੀ। ਇਸ ਕਿਸਾਨੀ ਸਮਾਜ 'ਚ ਪ੍ਰਮੁੱਖ ਕਬੀਲਾਈ ਖਾਸੀਅਤਾਂ ਬਣੀਆਂ ਹੋਈਆਂ ਸਨ। ਬ੍ਰਾਹਮਣ ਪੁਰੋਹਿਤ ਇਸ ਗੱਲ 'ਤੇ ਜ਼ੋਰ ਦਿੰਦੇ ਸਨ ਕਿ ਵੈਸ਼ਾਂ ਦੇ ਰੂਪ 'ਚ ਕਿਸਾਨ ਰਾਜਾ ਅਤੇ ਸਰਦਾਰਾਂ ਦੀ ਪ੍ਰਜਾ ਹੈ। ਇਸ ਨਾਲ਼ ਜਮਾਤੀ ਵਖਰੇਵਾਂ ਜ਼ਿਆਦਾ ਨਹੀਂ ਵਧਿਆ। ਇਸਦੀ ਪ੍ਰਮੁੱਖ ਵਜ੍ਹਾ ਸੀ ਵਾਫ਼ਰਤਾ ਦੀ ਕਮੀ, ਲੱਕੜੀ ਦੇ ਫਾਲ਼ੇ ਨਾਲ਼ ਕੀਤੀ ਜਾਣ ਵਾਲ਼ੀ ਖੇਤੀ ਅਤੇ ਅੰਨ੍ਹੇਵਾਹ ਪਸ਼ੂਆਂ ਦੇ ਕਤਲ ਕਾਰਨ ਖੇਤੀ ਵਾਫ਼ਰ ਦੀ ਸੁਲੱਭਤਾ ਸੀਮਿਤ ਸੀ। ਇਸ ਦੇ ਉਲ਼ਟ ਰਾਜਿਆਂ ਤੋਂ ਕਬਾਇਲੀ ਰੀਤੀਆਂ ਦੇ ਅਨੁਰੂਪ ਖੇਤੀ ਨੂੰ ਹੱਲਾਸ਼ੇਰੀ ਦੇਣ ਅਤੇ ਹੱਲ਼ ਚਲਾਉਣ ਦੀ ਵੀ ਉਮੀਦ ਕੀਤੀ ਜਾਂਦੀ ਸੀ ਜਿਸ ਨਾਲ਼ ਵੈਸ਼ ਅਤੇ ਰਾਜੇ ਦਰਮਿਆਨ ਫਾਸਲਾ ਬਹੁਤ ਵੱਡਾ ਨਾ ਹੋਵੇ। ਮਹਾਂਕਾਵਾਂ ਤੋਂ ਪਤਾ ਲਗਦਾ ਹੈ ਕਿ ਜਨਕ ਅਤੇ ਦੁਰਯੋਧਨ ਵਰਗੇ ਰਾਜਿਆਂ ਤੋਂ ਰਸਮ ਦੇ ਰੂਪ 'ਚ ਹਲ਼ ਚਲਾਉਣ ਦੀ ਉਮੀਦ ਕੀਤੀ ਜਾਂਦੀ ਸੀ। ਇਹ ਰਿਵਾਜ ਖੇਤੀ ਦੀ ਸ਼ੁਰੂਆਤ 'ਚ ਕਬੀਲਾਈ ਸਰਦਾਰ ਦੀਆਂ ਜਿੰਮੇਵਾਰੀਆਂ ਦੀ ਰਹਿੰਦ-ਖੂੰਹਦ ਸੀ। ਯੋਧਾ ਅਤੇ ਸਰਦਾਰ (ਯਾਣੀ ਰਾਜਾ, ਸਰਦਾਰ ਅਤੇ ਖੱਤਰੀ) ਆਪਣੇ ਕਿਸਾਨ ਰਿਸ਼ਤੇਦਾਰਾਂ 'ਤੇ ਹਕੂਮਤ ਕਰਦੇ ਸਨ 'ਤੇ ਦੁਸ਼ਮਣਾਂ ਨਾਲ਼ ਲੜ੍ਹਨ ਲਈ ਕਿਸਾਨਾਂ ਦੀ ਫ਼ੌਜ 'ਤੇ ਨਿਰਭਰ ਰਹਿਣਾ ਪੈਂਦਾ ਸੀ ਅਤੇ ਕਬੀਲਾਈ ਕਿਸਾਨ ਜਮਾਤ ਦੀ ਮਰਜੀ ਤੋਂ ਬਿਨਾਂ ਉਹ ਭੂਮੀ ਅਨੁਦਾਨ ਨਹੀਂ ਕਰ ਸਕਦੇ ਸਨ। ਇਹਨਾਂ ਕਾਰਨਾਂ ਤੋਂ ਉਹ ਮੁਸ਼ਕਲ ਹਾਲਤ 'ਚ ਸਨ ਅਤੇ ਕਿਸਾਨਾਂ 'ਤੇ ਆਪਣੀ ਸਰਦਾਰੀ ਨਹੀਂ ਜਮਾ ਸਕਦੇ ਸਨ।

ਖੇਤੀ ਅਤੇ ਦਸਤਕਾਰੀ 'ਚ ਲੋਹੇ ਦੀ ਵਿਆਪਕ ਵਰਤੋਂ ਦੀ ਸ਼ੁਰੂਆਤ ਦੇ ਨਾਲ਼ ਈਸਾ ਪੂਰਵ ਛੇਵੀਂ ਸਦੀ 'ਚ ਅਜਿਹੀ ਹਾਲਤ ਪੈਦਾ ਹੋਈ ਜਿਸ 'ਚ ਆਖਰਕਾਰ ਕਬੀਲਾਈ, ਪਸ਼ੂਚਾਰੀ ਅਤੇ ਆਮ ਤੌਰ 'ਤੇ ਸਮਤਾਵਾਦੀ ਵੈਦਿਕ ਸਮਾਜ ਬਦਲ ਕੇ ਮੁਕੰਮਲ ਵਿਕਸਿਤ ਖੇਤੀ ਅਧਾਰਿਤ ਅਤੇ ਜਮਾਤਾਂ 'ਚ ਵੰਡਿਆ ਸਮਾਜ ਬਣ ਗਿਆ। ਮੱਧ ਗੰਗਾ ਕਾਂਠੇ ਦੇ ਜੰਗਲ਼ੀ ਇਲਾਕੇ ਦੀ ਲੋਹੇ ਦੀ ਕੁਹਾੜੀ ਨਾਲ਼ ਸਫ਼ਾਈ ਹੁੰਦੇ ਹੀ ਸੰਸਾਰ ਦਾ ਇੱਕ ਵੱਡਾ ਉਪਜਾਊ

ਹਿੱਸਾ ਮਨੁੱਖੀ ਵਸੋਂ ਲਈ ਖੁੱਲ੍ਹ ਗਿਆ। ਲੋਹੇ ਦੇ ਫਾਲ਼ੇ ਅਤੇ ਹੋਰ ਸੰਦਾਂ ਦੀ ਮਦਦ ਨਾਲ਼ ਕਿਸਾਨਾਂ ਨੇ ਆਪਣੇ ਗੁਜ਼ਾਰੇ ਦੀ ਲੋੜ ਤੋਂ ਕਿਤੇ ਵੱਧ ਪੈਦਾ ਕਰਨਾ ਸ਼ੁਰੂ ਕੀਤਾ। ਕਬੀਲਾਈ ਸਰਦਾਰਾਂ (ਪ੍ਰਧਾਨ) ਅਤੇ ਕੁਝ ਹੋਰ ਲੋਕਾਂ ਦੇ ਕਬਜ਼ੇ 'ਚ ਵੱਡੇ ਵੱਡੇ ਫੈਲੇ ਹੋਏ ਭੂ-ਖੇਤਰ ਸਨ। ਇਸ ਲਈ ਇਹਨਾਂ ਨੂੰ ਬਹੁਗਿਣਤੀ ਗੁਲਾਮਾਂ ਅਤੇ ਕਿਰਾਏ ਦੇ ਮਜ਼ਦੂਰਾਂ ਦੀ ਲੋੜ ਪਈ। ਛੋਟੇ ਛੋਟੇ ਕਿਸਾਨਾਂ ਨੂੰ ਵੀ ਆਪਣੇ ਖੇਤਾਂ 'ਚ ਕਦੇ-ਕਦੇ ਕੰਮ ਕਰਾਉਣ ਦੀ ਲੋੜ ਪਈ। ਕਿਸਾਨਾਂ ਦੀ ਪੈਦਾਵਾਰ ਨੂੰ ਦਸਤਕਾਰੀ ਨਾਲ਼ ਹੱਲਾਸ਼ੇਰੀ ਮਿਲ਼ੀ। ਦਸਤਕਾਰੀ ਕਰਕੇ ਕਿਸਾਨਾਂ ਲਈ ਸੰਦਾਂ, ਕੱਪੜੇ ਆਦਿ ਦਾ ਪ੍ਰਬੰਧ ਹੀ ਨਹੀਂ ਹੋਇਆ ਸਗੋਂ ਰਾਜਿਆਂ ਅਤੇ ਪੁਰੋਹਿਤਾਂ ਦੇ ਸੰਦਾਂ ਅਤੇ ਵਿਲਾਸਤਾ ਦੇ ਸਾਧਨਾਂ ਦੀ ਵੀ ਸਪਲਾਈ ਹੋਈ।

ਕਿਸਾਨਾਂ, ਕਾਰੀਗਰਾਂ, ਕਿਰਾਏ ਦੇ ਮਜ਼ਦੂਰਾਂ ਅਤੇ ਖੇਤ ਮਜ਼ਦੂਰਾਂ ਰਾਹੀਂ ਪੈਦਾ ਕੀਤੀ ਗਈ ਸਮਾਜਿਕ ਵਾਫ਼ਰ ਦੀ ਖਪਤ ਲਈ ਵਰਣ ਵਿਵਸਥਾ ਦੀ ਕਾਢ ਹੋਈ। ਇਸ ਅਨੁਸਾਰ ਤਿੰਨਾਂ ਸਭ ਤੋਂ ਉੱਚੇ ਵਰਣਾਂ (ਸਮਾਜਿਕ ਜਮਾਤਾਂ) ਦੇ ਮੈਂਬਰਾਂ ਅਤੇ ਚੌਥੇ ਵਰਣ ਦੇ ਮੈਂਬਰਾਂ 'ਚ ਵਿਧੀ ਰਸਮ ਦੇ ਅਧਾਰ 'ਤੇ ਵਖਰੇਵਾਂ ਕਰ ਦਿੱਤਾ ਗਿਆ। ਸ਼ੂਦਰ ਦਾਸਾਂ ਅਤੇ ਕਿਰਾਏ ਦੇ ਮਜ਼ਦੂਰਾਂ ਦੀ ਤਰ੍ਹਾਂ ਸਭ ਤੋਂ ਉੱਚੇ ਵਰਣਾਂ ਦੀ ਸੇਵਾ ਦੇ ਸਾਧਨ ਸਨ। ਇਸ ਤਰ੍ਹਾਂ ਦਵਿਜਾਂ ਨੂੰ ਨਾਗਰਿਕ ਕਿਹਾ ਜਾ ਸਕਦਾ ਹੈ ਅਤੇ ਸ਼ੂਦਰਾਂ ਨੂੰ ਅਨਾਗਰਿਕ। ਫਿਰ ਤੋਂ ਇੱਕ ਨਾਗਰਿਕ ਅਤੇ ਦੂਜੇ ਨਾਗਰਿਕ ਦਰਮਿਆਨ ਵਿਭੇਦੀਕਰਨ ਹੋਇਆ। ਯੂਨਾਨ ਅਤੇ ਰੋਮ 'ਚ ਨਾਗਰਿਕਾਂ ਲਈ ਸ਼ਰੀਰਕ ਕਿਰਤ 'ਤੇ ਰੋਕ ਸੀ। ਪਰ ਭਾਰਤ 'ਚ ਇਹ ਨਿਯਮ ਸਿਰਫ਼ ਬ੍ਰਾਹਮਣਾਂ ਅਤੇ ਖੱਤਰੀਆਂ 'ਤੇ ਲਾਗੂ ਹੋਇਆ। ਇਸ ਲਈ ਬ੍ਰਾਹਮਣ ਲਈ ਹਲ਼ ਚਲਾਉਣ ਅਤੇ ਹੱਥ ਨਾਲ਼ ਕੰਮ ਕਰਨ 'ਤੇ ਸੀ।

## ਕਿਰਤ ਪ੍ਰਤੀ ਨਫ਼ਰਤ

ਹੌਲ਼ੀ-ਹੌਲ਼ੀ ਸ਼ਰੀਰਕ ਕਿਰਤ ਪ੍ਰਤੀ ਸਭ ਤੋਂ ਉੱਚੇ ਵਰਣਾਂ ਦੀ ਨਫ਼ਰਤ ਇੰਨੀ ਵੱਧ ਗਈ ਕਿ ਉਹ ਦਸਤਕਾਰੀ ਨਾਲ਼ ਨਫ਼ਰਤ ਕਰਨ ਲੱਗੇ ਅਤੇ ਕੁਝ ਦਸਤਕਾਰਾਂ ਨੂੰ ਅਛੂਤ ਸਮਝਣ ਲੱਗੇ। ਵੈਸ਼ ਦਵਿਜ ਕੁਲੀਨ ਸਮੁਦਾਇ ਦੇ ਮੈਂਬਰ ਹੁੰਦੇ ਹੋਏ ਵੀ ਕਿਸਾਨ, ਚਰਵਾਹੇ ਅਤੇ ਕਾਰੀਗਰ ਅਤੇ ਮਗਰੋਂ ਉਹ ਵਪਾਰੀ ਦੇ ਰੂਪ 'ਚ ਕੰਮ ਕਰਦੇ ਸਨ। ਵੱਧ ਮਹੱਤਵਪੂਰਣ ਇਹ ਹੈ ਕਿ ਉਹ ਪ੍ਰਮੁੱਖ ਕਰਦਾਤਾ ਸਨ। ਉਹਨਾਂ ਦੇ ਹੀ ਲਗਾਨਾਂ ਅਤੇ ਤੋਹਫਿਆਂ ਨਾਲ਼ ਬ੍ਰਾਹਮਣਾਂ ਅਤੇ ਖੱਤਰੀਆਂ ਦਾ ਤੋਰੀ-ਫੁਲਕਾ ਚੱਲਦਾ ਸੀ। ਵਰਣਵਿਵਸਥਾ ਰਾਹੀਂ ਖੱਤਰੀਆਂ ਨੂੰ ਕਿਸਾਨਾਂ ਤੋਂ ਲਗਾਨ ਅਤੇ ਵਪਾਰੀਆਂ ਅਤੇ ਕਾਰੀਗਰਾਂ ਤੋਂ ਮਹਿਸੂਲ ਵਸੂਲਣ ਦਾ ਹੱਕ ਮਿਲ਼ਿਆ। ਇਸ ਨਾਲ਼ ਉਹ ਆਪਣੇ ਪੁਰੋਹਿਤਾਂ ਅਤੇ ਮੁਲਾਜਮਾਂ ਨੂੰ ਨਕਦ ਭੁਗਤਾਨ ਕਰਨ 'ਚ ਸਮਰੱਥ ਹੋਏ। ਈਸਾ ਪੂਰਵ ਪੰਜਵੀ ਸਦੀ ਤੋਂ ਧਾਤੂ ਦੇ ਸਿੱਕੇ ਵਰਤੋਂ 'ਚ ਆ ਚੁੱਕੇ ਸਨ ਅਤੇ ਖਾਸ ਕਰਕੇ ਈਸਾ ਪੂਰਵ 200 ਤੋਂ ਈਸਾ ਸੰਨ 300 ਦੇ ਵਕਫ਼ੇ 'ਚ ਇਹਨਾਂ ਦੀ ਵਰਤੋਂ ਆਮ ਹੋ ਗਈ।

ਧਰਮਸ਼ਾਸਤਰਾਂ 'ਚ ਭੁਗਤਾਨ ਦੀ ਦਰ ਅਤੇ ਆਰਥਿਕ ਸੁਵਿਧਾਵਾਂ ਵਿਅਕਤੀ ਦੇ ਵਰਣ ਅਨੁਸਾਰ ਵੱਖ-ਵੱਖ ਨਿਸ਼ਚਿਤ ਕੀਤੀਆਂ ਗਈਆਂ। ਇਸ ਲਈ ਕਰਜਿਆਂ 'ਤੇ ਬ੍ਰਾਹਮਣਾਂ ਨੂੰ ਦੋ ਫੀਸਦੀ, ਖੱਤਰੀ ਨੂੰ ਤਿੰਨ ਫੀਸਦੀ, ਵੈਸ਼ ਨੂੰ ਚਾਰ ਫੀਸਦੀ ਅਤੇ ਸ਼ੂਦਰ ਨੂੰ ਪੰਜ ਫੀਸਦੀ ਵਿਆਜ ਦੇਣ ਦਾ ਪ੍ਰਬੰਧ ਬਣਿਆ। ਮੇਜਬਾਨ ਦੇ ਘਰ 'ਚ ਕੰਮ ਕਰਨ 'ਤੇ ਹੀ ਸ਼ੂਦਰ ਮਹਿਮਾਨਾਂ ਨੂੰ ਭੋਜਨ ਦਿੱਤਾ ਜਾ ਸਕਦਾ ਸੀ। ਇਹ ਧਰਮਸ਼ਾਸਤਰੀ ਨਿਯਮ ਸਖ਼ਤੀ ਨਾਲ਼ ਲਾਗੂ ਭਾਵੇਂ ਹੀ ਨਾ ਕੀਤੇ ਜਾਂਦੇ ਹੋਣ ਪਰ ਇਹਨਾਂ ਨਾਲ਼ ਸਮਾਜ ਦੁਆਰਾ ਨਿਰਧਾਰਿਤ ਮਾਪਦੰਡ ਦਾ ਸਪੱਸ਼ਟ ਸੰਕੇਤ ਮਿਲਦਾ ਹੈ।

ਬ੍ਰਾਹਮਣ ਅਤੇ ਖੱਤਰੀ ਕਿਸਾਨਾਂ ਅਤੇ ਕਾਰੀਗਰਾਂ ਰਾਹੀਂ ਦਿੱਤੇ ਗਏ ਕਰਾਂ, ਤੋਹਫ਼ਿਆਂ ਅਤੇ ਕਿਰਤ 'ਤੇ ਜੀਵਨ ਬਿਤਾਉਂਦੇ ਸਨ। ਇਸ ਲਈ ਕਦੇ-ਕਦੇ ਇਹਨਾਂ ਦੋਨਾਂ ਦਰਮਿਆਨ ਹਿੱਸਾ ਪਾਉਣ ਲਈ ਝਗੜੇ ਹੋ ਜਾਂਦੇ ਸਨ। ਪਰ ਇਹ ਝਗੜੇ ਵੈਸ਼ਾਂ ਅਤੇ ਸ਼ੂਦਰਾਂ ਦੇ ਵਿਰੋਧ ਦਾ ਟਾਕਰਾ ਕਰਨ ਲਈ ਨਿਬੇੜ ਲਏ ਜਾਂਦੇ ਸਨ। ਮਨੂ ਨੇ ਨਿਯਮ ਬਣਾਇਆ ਹੈ ਕਿ ਵੈਸ਼ ਅਤੇ ਸ਼ੂਦਰ ਆਪਣੇ ਤੈਅ ਕਰੱਤਵ (ਧਰਮ) ਤੋਂ ਵੱਖ ਨਾ ਹੋਣ, ਨਹੀਂ ਤਾਂ ਸੰਸਾਰ 'ਚ ਬੁਰਾ ਪ੍ਰਬੰਧ ਕਾਇਮ ਹੋ ਜਾਵੇਗਾ। ਇਸ ਕਾਰਨ ਧਰਮਸ਼ਾਸਤਰਾਂ 'ਚ ਵਾਰ-ਵਾਰ ਜ਼ੋਰ ਦੇ ਕੇ ਕਿਹਾ ਗਿਆ ਹੈ ਕਿ ਬ੍ਰਾਹਮਣਾਂ ਦੇ ਸਮਰਥਨ ਤੋਂ ਬਿਨਾਂ ਖੱਤਰੀ ਉੱਨਤੀ ਨਹੀਂ ਕਰ ਸਕਦੇ ਹਨ। ਇਹ ਆਪਸੀ ਸਹਿਯੋਗ ਨਾਲ਼ ਹੀ ਫਲਫੁੱਲ ਸਕਦੇ ਹਨ ਅਤੇ ਸੰਸਾਰ 'ਚ ਹਕੂਮਤ ਕਰ ਸਕਦੇ ਹਨ।

ਵੈਸ਼ਾਂ ਅਤੇ ਸ਼ੂਦਰਾਂ ਦੀ ਕਿਰਤ 'ਤੇ ਅਧਾਰਿਤ ਸਮਾਜਿਕ ਸਰੰਚਨਾ ਤੀਜੀ ਸਦੀ ਦੇ ਲੱਗਭੱਗ ਡੂੰਘੇ ਸੰਕਟ 'ਚ ਪੈ ਗਈ। ਇਸ ਸੰਕਟ ਦਾ ਪ੍ਰਤਿਬਿੰਬ ਤੀਜੀ ਅਤੇ ਚੌਥੀ ਸਦੀਆਂ 'ਚ ਪੁਰਾਣਾਂ 'ਚ ਦਿੱਤੇ ਗਏ ਕਲ਼ਯੁੱਗ ਦੇ ਵਰਣਨ 'ਚ ਸਪੱਸ਼ਟ ਰੂਪ 'ਚ ਮਿਲਦਾ ਹੈ। ਸ਼ਾਂਤੀ ਦੇ ਤਿਉਹਾਰ 'ਚ ਦੰਡ ਦੇ ਮਹੱਤਵ 'ਤੇ ਜ਼ੋਰ ਅਤੇ ਰਮਾਇਣ 'ਚ ਅਵਿਵਸਥਾ (ਅਰਾਜਕਤਾ) ਦਾ ਵਰਣਨ ਸੰਭਵ ਤੌਰ 'ਤੇ ਇਸੇ ਦੌਰ ਦੇ ਹਨ ਅਤੇ ਇਸੇ ਸੰਕਟ ਵੱਲ ਇਸ਼ਾਰਾ ਕਰਦੇ ਹਨ। ਵਰਣਸੰਕਰ ਯਾਣੀ ਵਰਣਾਂ ਜਾਂ ਸਮਾਜਿਕ ਵਰਣਾਂ ਦਾ ਅੰਤਰਮਿਸ਼ਰਣ ਕਲਯੁੱਗ ਦੀ ਵਿਸ਼ੇਸ਼ਤਾ ਹੈ। ਇਸਦਾ ਅਰਥ ਸਿਰਫ਼ ਇਹ ਨਹੀਂ ਹੁੰਦਾ ਹੈ ਕਿ ਵਰਣਾਂ ਦਰਮਿਆਨ ਵਿਆਹ ਹੁੰਦਾ ਹੈ ਸਗੋਂ ਇਹ ਵੀ ਹੁੰਦਾ ਹੈ ਕਿ ਲੋਕ ਵਰਣ ਅਨੁਸਾਰ ਨਿਰਧਾਰਿਤ ਕਰਤੱਵਾਂ ਦਾ ਪਾਲਣ ਨਹੀਂ ਕਰਦੇ ਹਨ। ਵੈਸ਼ ਅਤੇ ਸ਼ੂਦਰ ਯਾਣੀ ਕਿਸਾਨ, ਕਾਰੀਗਰ ਅਤੇ ਮਜ਼ਦੂਰ ਆਪਣੀ ਤੈਅ ਕੀਤੀ ਪੈਦਾਵਾਰ ਸਬੰਧੀ ਕਰਤੱਵ ਦੀ ਉਲੰਘਣਾ ਕਰਦੇ ਹਨ। ਵੈਸ਼ ਕਿਸਾਨ ਲਗਾਨ ਨਹੀਂ ਦਿੰਦੇ ਹਨ ਅਤੇ ਸ਼ੂਦਰ ਸੇਵਾ ਕਰਨ ਤੋਂ ਇਨਕਾਰ ਕਰਦੇ ਹਨ। ਅਜਿਹੀ ਹਾਲਤ 'ਚ ਰਾਜਸੱਤਾ ਅਤੇ ਵਰਣਾਂ 'ਚ ਵੰਡੇ ਸਮਾਜ ਦਾ ਸੰਚਾਲਨ ਮੁਸ਼ਕਲ ਹੋ ਜਾਂਦਾ ਹੈ।

ਇਸ ਹਾਲਤ ਨਾਲ਼ ਨਿਬੜਨ ਲਈ ਰਾਜਸੱਤਾ ਪ੍ਰਤੀ ਕੀਤੀਆਂ ਗਈਆਂ ਸੇਵਾਵਾਂ ਬਦਲੇ ਕਰਾਂ ਰਾਹੀਂ ਆਮਦਨ ਜਾਂ ਭੂਮੀ ਅਨੁਦਾਨ ਦੇ ਰਿਵਾਜ ਨੂੰ ਰਾਜਿਆਂ ਨੇ ਵੱਡੇ ਪੈਮਾਨੇ 'ਤੇ ਅਪਣਾਇਆ। ਬ੍ਰਾਹਮਣਾਂ ਅਤੇ ਰਾਜ ਦੇ ਅਹੁਦੇਦਾਰਾਂ ਨੂੰ ਭੂਮੀ ਕਰਾਂ ਦਾ ਅਨੁਦਾਨ ਦਿੱਤਾ ਗਿਆ। ਇਸ ਅਨੁਸਾਰ ਅਨੁਦਾਨ ਇਲਾਕਿਆਂ 'ਚ ਉਹਨਾਂ ਨੂੰ ਕਨੂੰਨ ਵਿਵਸਥਾ ਦੀ ਜਿੰਮੇਵਾਰੀ ਸੌਂਪੀ ਗਈ। ਲਗਾਨ ਵਸੂਲੀ ਅਤੇ ਅੰਤਮ ਤੌਰ 'ਤੇ ਰਾਜ ਦੇ ਅੱਛੇ-ਖਾਸੇ ਹਿੱਸੇ 'ਚ ਕਨੂੰਨ

ਵਿਵਸਥਾ ਕਾਇਮ ਰੱਖਣ ਦੀ ਪਰੇਸ਼ਾਨੀ ਤੋਂ ਰਾਜਸੱਤਾ ਨੂੰ ਛੁਟਕਾਰਾ ਮਿਲ਼ਿਆ। ਇਸ ਪ੍ਰਥਾ ਦੀ ਸ਼ੁਰੂਆਤ ਵੱਡੇ ਪੈਮਾਨੇ 'ਤੇ ਦੱਖਣ ਅਤੇ ਮੱਧ ਭਾਰਤ 'ਚ ਹੋਈ ਲੱਗਦੀ ਹੈ ਕਿਉਂਕਿ ਇਹਨਾਂ ਇਲਾਕਿਆਂ 'ਚ ਵਰਣਵਿਵਸਥਾ ਤੀਜੀ ਸਦੀ ਤੱਕ ਵੀ ਕਾਇਮ ਨਹੀਂ ਹੋ ਸਕੀ ਸੀ। ਇਸ ਲਈ ਵਰਣਸੰਕਰ ਦਾ ਇੱਥੇ ਜ਼ੋਰ ਵਧਿਆ। ਇਹਨਾਂ ਇਲਾਕਿਆਂ 'ਚ ਤੀਜੀ ਪੰਜਵੀ ਸਦੀ 'ਚ ਅਨੇਕ ਭੂਮੀ ਅਨੁਦਾਨ ਦਿੱਤੇ ਗਏ। ਅਨੁਦਾਨ ਦੀ ਪ੍ਰਥਾ ਹੌਲ਼ੀ ਹੌਲ਼ੀ ਸਾਰੇ ਮੁਲਕ 'ਚ ਫ਼ੈਲ ਗਈ। ਪਿਛੜੇ ਇਲਾਕਿਆਂ 'ਚ ਬ੍ਰਾਹਮਣਾਂ, ਮੰਦਿਰਾਂ ਨੂੰ ਦਿੱਤੇ ਗਏ ਅਨੁਦਾਨਾਂ ਕਰਕੇ ਲੋਹੇ ਦੇ ਫਾਲ਼ੇ ਨਾਲ਼ ਖੇਤੀ ਦਾ ਫ਼ੈਲਾਅ ਹੋਇਆ। ਪਸ਼ੂਆਂ (ਗਾਵਾਂ) ਦੇ ਸੁਰੱਖਿਅਣ ਦੀ ਭਾਵਨਾ ਫੈਲੀ। ਖੇਤੀ ਪੰਚਾਗ ਦਾ ਪ੍ਰਸਾਰ ਹੋਇਆ। ਆਯੁਰਵੈਦਿਕ ਦਵਾ ਦੇ ਗਿਆਨ ਦਾ ਵਿਸਥਾਰ ਹੋਇਆ ਅਤੇ ਇਸ ਤਰ੍ਹਾਂ ਖੇਤੀ ਪੈਦਾਵਾਰ 'ਚ ਵਿਆਪਕ ਵਾਧਾ ਹੋਇਆ। ਇਸ ਪ੍ਰਕਿਰਿਆ ਦੌਰਾਨ ਅਨੁਦਾਨਾਂ ਰਾਹੀਂ ਬਹੁਗਿਣਤੀ ਆਦਿਵਾਸੀ ਕਿਸਾਨਾਂ ਨੂੰ ਸ਼ੂਦਰਾਂ ਦੇ ਰੂਪ 'ਚ ਬ੍ਰਾਹਮਣ ਸਮਾਜ 'ਚ ਲਿਆ ਗਿਆ। ਇਸ ਲਈ ਸ਼ੁਰੂਆਤੀ ਮੱਧਯੁੱਗੀ ਗ੍ਰੰਥਾਂ 'ਚ ਸ਼ੂਦਰ ਕਿਸਾਨ ਅਤੇ ਖੇਤ-ਮਜ਼ਦੂਰ ਕਹਾਉਣ ਲੱਗੇ। ਇਸਦੇ ਉਲ਼ਟ ਭੂਮੀ ਅਨੁਦਾਨਾਂ ਕਰਕੇ ਵੈਸ਼ ਕਿਸਾਨਾਂ ਦੀ ਅਜ਼ਾਦੀ ਜਾਂਦੀ ਰਹੀ। ਉਹਨਾਂ ਉੱਪਰ ਅਨੁਦਾਨ ਭੋਗੀਆਂ ਦੀ ਸਰਦਾਰੀ ਕਾਬਜ਼ ਹੋਣ ਲੱਗੀ। ਇਸ ਲਈ ਗੁਪਤ ਯੁੱਗ ਮਗਰੋਂ ਵੈਸ਼ ਅਤੇ ਸ਼ੂਦਰ ਆਰਥਿਕ ਅਤੇ ਸਮਾਜਿਕ ਦ੍ਰਿਸ਼ਟੀ ਨਾਲ਼ ਇੱਕ ਦੂਜੇ ਦੇ ਵੱਧ ਤੋਂ ਵੱਧ ਨਜ਼ਦੀਕ ਆਉਣ ਲੱਗੇ।

ਵੈਸ਼ ਅਤੇ ਸ਼ੂਦਰ ਕਿਸਾਨ ਕਹਾਉਂਦੇ ਸਨ। ਇਸ ਲਈ ਇਹਨਾਂ ਦਰਮਿਆਨ ਬਹੁਤ ਅੰਤਰ ਨਹੀਂ ਸੀ। ਸ਼ੂਦਰਾਂ ਲਈ ਅਨੇਕ ਘਰੇਲੂ ਰਸਮਾਂ ਜਾਂ ਸੰਸਕਾਰ, ਧਾਰਮਿਕ ਵਰਤ ਅਤੇ ਤੀਰਥ ਯਾਤਰਾਵਾਂ ਤੈਅ ਕੀਤੀਆਂ ਗਈਆਂ। ਇਸ ਨਾਲ਼ ਸਧਾਰਣ ਬ੍ਰਾਹਮਣਾਂ ਅਤੇ ਨਿਚਲੀ ਕੋਟੀ ਦੇ ਪੁਰੋਹਿਤਾਂ ਨੂੰ ਦਾਨ ਦੱਖਣਾ ਦਾ ਪ੍ਰਬੰਧ ਹੋਇਆ। ਸ਼ੂਦਰ ਵੀ ਰਮਾਇਣ, ਮਹਾਂਭਾਰਤ ਅਤੇ ਪੁਰਾਣਾਂ ਦਾ ਪਾਠ ਸੁਣ ਸਕਦੇ ਸਨ।

## ਨਵੀਂ ਸਰੰਚਨਾ

ਗੁਪਤ ਅਤੇ ਗੁਪਤ ਤੋਂ ਮਗਰੋਂ ਦੇ ਦੌਰਾਂ 'ਚ ਬਹੁਤ ਤੇਜ਼ੀ ਨਾਲ਼ ਜਾਤਾਂ ਦੀ ਗਿਣਤੀ ਵੱਧੀ। ਬਹੁਤ ਹੱਦ ਤੱਕ ਜਨਜਾਤੀ ਇਲਾਕਿਆਂ 'ਚ ਭੂਮੀ ਅਨੁਦਾਨਾਂ ਕਰਕੇ ਅਜਿਹਾ ਹੋਇਆ। ਜਿਆਦਾਤਰ ਕਬੀਲਿਆਂ ਨੂੰ ਸ਼ੂਦਰਾਂ ਦੇ ਰੂਪ 'ਚ ਹਿੰਦੂ ਪ੍ਰਣਾਲੀ 'ਚ ਮਿਲ਼ਾ ਲਿਆ ਗਿਆ। *ਮੰਨੁਸਮਰਿਤੀ* ਦਾ ਪੰਜਵਾਂ ਪਾਠ ਈਸਾ ਸਦੀ ਦੇ ਆਸਪਾਸ ਦਾ ਲੱਗਦਾ ਹੈ। ਇਸ 'ਚ ਇਕਾਹਠ ਜਾਤਾਂ ਦਾ ਜ਼ਿਕਰ ਹੈ ਅਤੇ *ਬ੍ਰਹਮਾਵੈਵਰਤ ਪੁਰਾਣ* 'ਚ ਇੱਕ ਸੌ ਤੋਂ ਵੱਧ ਜਾਤਾਂ ਦਾ ਵਰਨਣ ਹੈ। ਇਸ 'ਚੋਂ ਵੀ ਜ਼ਿਆਦਾਤਰ ਕਬੀਲਾਈ ਲੋਕ ਜਾਤਾਂ 'ਚ ਤਬਦੀਲ ਹੋ ਗਏ ਸਨ। ਬਹੁਤਿਆਂ ਦੇ ਅਜਿਹੇ ਨਾਂ ਹਨ ਜਿਹਨਾਂ ਦੀ ਉਤਪਤੀ ਸੰਸਕ੍ਰਿਤ ਭਾਸ਼ਾ 'ਚ ਨਹੀਂ ਮਿਲਦੀ ਹੈ। ਬ੍ਰਾਹਮਣ ਧਰਮ ਦੇ ਪੈਰੋਕਾਰ ਸਮਰਿਤੀਕਾਰਾਂ ਨੇ ਇਹਨਾਂ ਜਾਤਾਂ ਦੇ ਪੈਦਾ ਹੋਣ ਨੂੰ ਵਰਣਾਂ ਦਾ ਮਿਸ਼ਰਣ ਦੱਸ ਕੇ ਉਹਨਾਂ ਨੂੰ ਵਰਣਸੰਕਰ ਠਹਿਰਾਇਆ ਹੈ। ਇਸ ਤਰ੍ਹਾਂ ਕਬੀਲਾਈ ਸਰਦਾਰਾਂ ਅਤੇ ਕੁਝ ਵਿਦੇਸ਼ੀ ਹਾਕਮਾਂ ਨੂੰ ਬ੍ਰਾਹਮਣ ਧਰਮ ਅਧਾਰਤ ਸਮਾਜ 'ਚ ਦੂਜੇ ਦਰਜੇ ਦੇ ਖੱਤਰੀਆਂ ਦੇ ਰੂਪ 'ਚ ਸ਼ਾਮਲ ਕੀਤਾ ਗਿਆ। ਉਹ ਗੁਪਤ ਕਾਲ ਮਗਰੋਂ ਰਾਜਪੂਤ ਕਹਾਏ। ਵੱਖ-ਵੱਖ ਭਾਰਤੀ ਅਤੇ ਬਾਹਰ ਤੋਂ ਆਏ ਕਬੀਲਿਆਂ ਤੋਂ ਵੱਖ-ਵੱਖ ਪ੍ਰਕਾਰ ਦੇ ਰਾਜਪੂਤ ਬਣੇ।

ਗੁਪਤ ਅਤੇ ਗੁਪਤ ਮਗਰੋਂ ਦੇ ਕਾਲਾਂ 'ਚ ਭੂਮੀ ਦੇ ਅਨੁਦਾਨਾਂ ਦਾ ਸਬੰਧ ਵਪਾਰ, ਵਣਜ ਅਤੇ ਸ਼ਹਿਰਾਂ ਦੀ ਗਿਰਾਵਟ ਨਾਲ਼ ਸੀ। ਇਸ ਨਾਲ਼ ਨਵੇਂ ਅਰਥਚਾਰਿਆਂ ਦਾ ਉਦੈ ਹੋਇਆ। ਇਸ 'ਚ ਸਥਾਨਕ ਲੋੜਾਂ ਦੀ ਪੂਰਤੀ ਲੋਕ ਆਪਣੇ ਇਲਾਕਿਆਂ ਦੇ ਸਰੋਤਾਂ ਨਾਲ਼ ਕਰਦੇ ਸਨ। ਕਾਰੀਗਰਾਂ ਅਤੇ ਵਪਾਰੀਆਂ ਦੀ ਗਤੀਸ਼ੀਲਤਾ ਬਹੁਤ ਘਟ ਗਈ। ਕਾਰੋਬਾਰਾਂ ਦੀ ਅਨੁਵੰਸ਼ਿਕਤਾ ਵਧ ਗਈ ਅਤੇ ਤਰ੍ਹਾਂ ਤਰ੍ਹਾਂ ਦੇ ਸ਼ਿਲਪਾਂ ਦੇ ਨਾਂ 'ਤੇ ਤਰ੍ਹਾਂ ਤਰ੍ਹਾਂ ਦੀਆਂ ਜਾਤਾਂ ਦਾ ਨਾਂ ਪਿਆ। ਸਥਾਨਕ ਕਾਨੂੰਨਾਂ ਅਤੇ ਰਿਵਾਜਾਂ ਦਾ ਮਹੱਤਵ ਵਧਿਆ ਅਤੇ ਗਤੀਸ਼ੀਲਤਾ ਘਟੀ। ਇਸ ਨਾਲ਼ ਜਾਤ ਪ੍ਰਥਾ 'ਚ ਭੋਜਨ ਅਤੇ ਵਿਆਹ ਦੇ ਮਾਮਲੇ ਵੱਧ ਤੋਂ ਵੱਧ ਗੁੰਝਲਦਾਰ ਹੋ ਗਏ। ਵੱਧਦੇ ਜਾਤ ਵਖਰੇਵੇਂ ਨੇ ਵੱਧ ਤੋਂ ਵੱਧ ਸਮਾਜਿਕ ਦਰਜੇਬੰਦੀ ਦਾ ਰੂਪ ਧਾਰਣ ਕੀਤਾ।

ਭੂਮੀ ਅਨੁਦਾਨਾਂ ਕਾਰਨ ਕਿਸਾਨਾਂ ਦੀ ਉਪਜ 'ਤੇ ਜੀਵਨ ਬਿਤਾਉਣ ਵਾਲ਼ੀ ਜਗੀਰੂ ਜਮਾਤ ਦਾ ਜਨਮ ਹੋਇਆ। ਲਗਭਗ ਚੌਥੀ ਤੋਂ ਸੱਤਵੀਂ ਸਦੀ ਦਰਮਿਆਨ ਅਜਿਹਾ ਸਮਾਜਿਕ ਢਾਂਚਾ ਉੱਭਰਿਆ ਜਿਸਨੂੰ ਜਗੀਰੂ ਢਾਂਚਾ ਕਹਿਣਾ ਸਹੀ ਹੋਵੇਗਾ। ਲੱਗਭਗ ਤਿੰਨ ਸਦੀਆਂ ਤੋਂ ਵੱਧ ਸਮੇਂ ਤੱਕ ਵਪਾਰ ਅਤੇ ਪ੍ਰਾਚੀਨ ਸ਼ਹਿਰਾਂ ਦੀ ਗਿਰਾਵਟ ਕਰਕੇ ਸਮਾਜਿਕ ਅਤੇ ਸਥਾਨਕ ਗਤੀਸ਼ੀਲਤਾ ਦੀ ਕਮੀ ਬਣੀ ਰਹੀ। ਨਤੀਜਾ ਇਹ ਹੋਇਆ ਕਿ ਜਾਤ ਪ੍ਰਥਾ ਦੇ ਵਿਕਾਸ ਲਈ ਅਨੁਕੂਲ ਹਾਲਤਾਂ ਬਣ ਗਈਆਂ। ਅਨੁਵੰਸ਼ਿਕ ਕਾਰੋਬਾਰ, ਸਜਾਤੀ ਵਿਆਹ ਅਤੇ ਅੰਤਰਜਾਤੀ ਭੋਜ ਅਤੇ ਦੁਰੇਡੀਆਂ ਯਾਤਰਾਵਾਂ ਨਾਲ਼ ਸਬੰਧਿਤ ਪਾਬੰਦੀਆਂ ਕਰਕੇ ਇਹ ਪ੍ਰਥਾ ਮਜ਼ਬੂਤ ਹੁੰਦੀ ਚਲੀ ਗਈ।

ਨਵੀਂ ਸਮਾਜਿਕ ਆਰਥਿਕ ਸੰਰਚਨਾ 'ਚ ਕਿਸਾਨਾਂ ਅਤੇ ਜਗੀਰਦਾਰਾਂ ਦਰਮਿਆਨ ਸਪੱਸ਼ਟ ਵਿਭੇਦ ਦੇ ਕਾਰਨ ਇਸਨੂੰ ਜਗੀਰੂ ਮੰਨਿਆ ਜਾ ਸਕਦਾ ਹੈ। ਗੁਪਤ ਅਤੇ ਗੁਪਤ ਮਗਰੋਂ ਦੌਰਾਂ 'ਚ ਜਗੀਰੂ ਸੰਰਚਨਾ ਦੇ ਲੱਛਣ ਦੇ ਰੂਪ 'ਚ ਚਾਰ ਪ੍ਰਮੁੱਖ ਪ੍ਰਵਿਰਤੀਆਂ ਦਿਖਾਈ ਪੈਂਦੀਆਂ ਹਨ। ਪਹਿਲੀ ਹੈ ਕਿ ਜਗੀਰੂ ਸਮਾਜ 'ਚ ਭੋਂ-ਮਾਲਕਾਂ ਦੀ ਬੁਨਿਆਦੀ ਜਮਾਤ ਹੁੰਦੀ ਹੈ ਜਿਹੜੀ ਜਮੀਨ ਦੀ ਮਾਲਕ ਹੋਣ ਕਰਕੇ ਕਿਸਾਨਾਂ ਤੋਂ ਲਗਾਨ ਵਸੂਲੀ ਦਾ ਦਾਅਵਾ ਕਰਦੇ ਹਨ। ਭਾਰਤ 'ਚ ਭੂਮੀ ਸਬੰਧੀ ਪ੍ਰਮਾਣ-ਪੱਤਰ (ਹਕੂਮਤੀ-ਪੱਤਰ) ਕਰਕੇ ਇਸ ਜਮਾਤ ਦੀ ਉਸਾਰੀ ਹੋਈ। ਦੂਜਾ ਇਹ ਕਿ ਜਗੀਰੂ ਸਮਾਜ ਮੁੱਖ ਤੌਰ 'ਤੇ ਗੁਲਾਮ ਕਿਸਾਨ ਜਮਾਤ 'ਤੇ ਅਧਾਰਿਤ ਹੈ। ਜਮੀਨ ਅਸਲ 'ਚ ਇਸ ਕਿਸਾਨ ਜਮਾਤ ਦੇ ਦਖਲ 'ਚ ਰਹਿੰਦੀ ਹੈ। ਪਰ ਇਹਨਾਂ ਨੂੰ ਭੂ-ਮਾਲਕਾਂ ਨੂੰ ਨਕਦ, ਜਿਣਸ ਜਾਂ ਕਿਰਤ ਦੇ ਰੂਪ 'ਚ ਲਗਾਨ ਦੇਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਆਪਣੇ ਦੇਸ਼ 'ਚ ਇਹ ਹਾਲਤ ਕੁਝ ਤਾਂ ਭੂਮੀ ਅਨੁਦਾਨਾਂ ਕਰਕੇ ਅਤੇ ਕੁਝ ਸਥਾਨਕ ਅਹੁਦੇਦਾਰਾਂ ਦੀ ਵਧਦੀ ਹੋਈ ਤਾਕਤ ਕਰਕੇ ਵਿਕਸਿਤ

ਹੋਈ। ਤੀਜੀ ਇਹ ਕਿ ਲਗਾਨਾਂ ਅਤੇ ਕਿਰਤ ਸੇਵਾਵਾਂ ਦਾ ਸੰਗ੍ਰਹਿ ਭੂ-ਮਾਲਕ ਇਸ ਲਈ ਨਹੀਂ ਕਰਦੇ ਹਨ ਕਿ ਪੈਦਾਵਾਰ ਵਧੇ ਜਾਂ ਦੇਸ਼ ਦਾ ਆਰਥਿਕ ਵਿਕਾਸ ਹੋਵੇ ਸਗੋਂ ਇਸ ਲਈ ਕਿ ਉਹ ਠਾਠਬਾਠ ਅਤੇ ਸ਼ਾਨ-ਸ਼ੌਕਤ ਨਾਲ਼ ਆਪਣਾ ਜੀਵਨ ਬਿਤਾਉਂਦੇ ਰਹਿਣ। ਕਿਸਾਨਾਂ ਨੂੰ ਧਾਰਮਿਕ ਅਤੇ ਸਿਧਾਂਤਕ ਪ੍ਰਚਾਰ ਰਾਹੀਂ ਨੀਚ ਜਾਤ ਜਾਂ ਹੈਸੀਅਤ ਵਾਲ਼ਾ ਦੱਸਿਆ ਜਾਂਦਾ ਹੈ ਤਾਂ ਕਿ ਉਹਨਾਂ ਤੋਂ ਲਗਾਨ ਵਸੂਲ ਹੋ ਸਕੇ। ਧਰਮਸ਼ਾਸਤਰ ਦੇ ਲੇਖਾਂ 'ਚ ਇਸਦੇ ਉਦਾਹਰਣ ਮਿਲਦੇ ਹਨ। ਰਾਜਕੀ 'ਹਕੂਮਤ' ਜਾਂ ਭੂਮੀ ਅਨੁਦਾਨ ਦੀ ਲਿਖਤ ਦੇ ਅਧਾਰ 'ਤੇ ਭੂ-ਮਾਲਕ ਕਿਸਾਨਾਂ ਤੋਂ ਲਗਾਨਾਂ ਅਤੇ ਸੇਵਾਵਾਂ ਦਾ ਕਨੂੰਨੀ ਦਾਅਵਾ ਕਰਦੇ ਹਨ। ਕਿਸਾਨਾਂ ਤੋਂ ਵਾਫ਼ਰ ਸੰਗ੍ਰਹਿ ਲਈ ਕਨੂੰਨੀ ਅਤੇ ਧਾਰਮਿਕ ਤਰੀਕੇ ਨਾਕਾਫ਼ੀ ਸਾਬਤ ਹੁੰਦੇ ਹਨ ਤਾਂ ਭੂ-ਮਾਲਕ ਬਲਪ੍ਰਯੋਗ ਵੀ ਕਰਦੇ ਹਨ। ਸ਼ੁਰੂਆਤੀ ਮੱਧਕਾਲੀ ਭਾਰਤ 'ਚ ਲਗਾਨ ਵਸੂਲਣ ਲਈ ਅਜਿਹੇ ਤਰੀਕੇ ਅਪਣਾਏ ਜਾਂਦੇ ਹਨ ਜਿਹਨਾਂ ਦੀ ਵਰਤੋਂ ਆਰਥਿਕ ਦ੍ਰਿਸ਼ਟੀ ਤੋਂ ਜ਼ਰੂਰੀ ਨਹੀਂ ਹੈ। ਚੌਥਾ ਇਹ ਕਿ ਜਗੀਰੂ ਸਮਾਜਿਕ ਆਰਥਿਕ ਸੰਰਚਨਾ ਦਾ ਪੈਦਾ ਹੋਣਾ ਅਤੇ ਵਿਕਾਸ ਮੁੱਖ ਤੌਰ 'ਤੇ ਖੇਤੀ ਅਰਥਚਾਰੇ 'ਚ ਹੁੰਦਾ ਹੈ। ਇਸ 'ਚ ਸਥਾਨਕ ਲੋੜਾਂ ਦੀ ਪੂਰਤੀ ਉਸ ਸਥਾਨ ਦੇ ਸਾਧਨਾਂ ਤੋਂ ਹੀ ਹੋ ਜਾਂਦੀ ਹੈ ਅਤੇ ਮੰਡੀ ਪ੍ਰਣਾਲੀ ਦੇ ਪ੍ਰਚਲਨ ਦੀ ਗੁੰਜਾਇਸ਼ ਘੱਟ ਰਹਿੰਦੀ ਹੈ। ਲਾਜ਼ਿਮੀ ਹੈ ਕਿ ਅਜਿਹੇ ਅਰਥਚਾਰੇ 'ਚ ਤਨਖਾਹਾਂ ਦਾ ਭੁਗਤਾਨ ਨਕਦ ਨਹੀਂ ਸਗੋਂ ਜਿਣਸ 'ਚ ਕੀਤਾ ਜਾਂਦਾ ਹੈ। ਧਾਰਮਿਕ, ਫੌਜੀ, ਸਿਆਸੀ, ਪ੍ਰਸ਼ਾਸਨਿਕ ਆਦਿ ਸਾਰੀਆਂ ਤਰ੍ਹਾਂ ਦੀਆਂ ਸੇਵਾਵਾਂ ਵਾਸਤੇ ਹੇਠਲੇ ਮੁਲਾਜਮਾਂ ਨੂੰ ਖੇਤਾਂ ਦੇ ਅਨੁਦਾਨ ਅਤੇ ਉੱਚ ਅਧਿਕਾਰੀਆਂ ਨੂੰ ਪਿੰਡਾਂ ਤੋਂ ਹਾਸਲ ਕਰਾਂ ਰਾਹੀਂ ਆਮਦਨ ਦੇ ਅਨੁਦਾਨ ਰਾਹੀਂ ਮਿਹਤਾਨਾ ਦਿੱਤਾ ਜਾਂਦਾ ਹੈ। ਲਗਾਤਾਰ ਭੂਮੀ ਅਨੁਦਾਨਾਂ ਕਰਕੇ ਜਗੀਰਦਾਰੀ ਦੇ ਚਾਰੋਂ ਲੱਛਣ ਗੁਪਤ ਕਾਲ 'ਚ ਦਿਖਾਈ ਦਿੰਦੇ ਹਨ ਅਤੇ ਗੁਪਤ ਕਾਲ ਮਗਰੋਂ ਪ੍ਰਮੁੱਖ ਹੋ ਜਾਂਦੇ ਹਨ। ਜਗੀਰੂ ਸਮਾਜ ਦੇ ਵਿਕਾਸ ਕਰਕੇ ਜਾਤਾਂ ਦਾ ਬੇਹੱਦ ਵਾਧਾ ਹੋਇਆ ਅਤੇ ਉਹਨਾਂ ਨੂੰ ਊਚ-ਨੀਚ ਅਤੇ ਸਫ਼ਾਈ ਸ਼ੁੱਧਤਾ ਦੇ ਅਧਾਰ 'ਤੇ ਵਿਵਸਥਿਤ ਕੀਤਾ ਗਿਆ।

### ਸਾਰ ਸੰਖੇਪ

ਸ਼ੁਰੂਆਤੀ ਭਾਰਤੀ ਸਮਾਜ ਦੇ ਕ੍ਰਮਿਕ ਵਿਕਾਸ ਅਤੇ ਜਮਾਤੀ ਵਿਭੇਦੀਕਰਨ ਦੇ ਪ੍ਰਮੁੱਖ ਪੜਾਵਾਂ ਦਾ ਵਰਨਣ ਕੀਤਾ ਜਾ ਸਕਦਾ ਹੈ। ਰਿਗਵੇਦ ਦੇ ਸਾਰ ਅੰਸ਼ 'ਚ ਪ੍ਰਤਿਬਿੰਬਤ ਸਮਾਜਕ ਢਾਂਚਾ ਕਬੀਲਾਈ ਅਰਧ ਖਾਨਾਬਦੋਸ਼ ਅਤੇ ਪਸ਼ੂਚਾਰੀ ਸੀ ਜਿਹੜਾ ਮੁਸ਼ਕਿਲ ਨਾਲ਼ ਵਾਫ਼ਰ ਪੈਦਾ ਕਰਦਾ ਸੀ। ਕੁਝ ਕਬੀਲਾਈ ਸਰਦਾਰਾਂ ਅਤੇ ਉਹਨਾਂ ਦੇ ਨਜ਼ਦੀਕੀਆਂ ਕੋਲ਼ ਉਹਨਾਂ ਦੇ ਆਪਣੇ ਕਬੀਲੇ ਹੋਰ ਮੈਂਬਰਾਂ ਦੇ ਮੁਕਾਬਲੇ ਵੱਧ ਪਸ਼ੂ ਰਹਿੰਦੇ ਹੋਣਗੇ। ਪਰ ਉਹਨਾਂ ਲਈ ਕਿਸੇ ਸਮਾਜਿਕ ਸੁਵਿਧਾ ਦੀ ਖਪਤ ਸੰਭਵ ਨਹੀਂ ਸੀ। ਕਬੀਲਿਆਂ ਦਰਮਿਆਨ ਜਾਂ ਕਬੀਲੇ ਅੰਦਰ ਦੀਆਂ ਜੰਗਾਂ ਨਾਲ਼ ਜਬਤ ਕੀਤੇ ਗਏ ਲੁੱਟ ਦੇ ਮਾਲ਼ ਦੀ ਅਸਾਵੀਂ ਵੰਡ ਕਬੀਲਾਈ ਸਭਾਵਾਂ 'ਚ ਕੀਤੀ ਜਾਂਦੀ ਸੀ। ਖੇਤੀ ਦੇ ਫੈਲਾਅ ਕਰਕੇ ਮਗਰਲੇ ਵੈਦਿਕ ਕਾਲ 'ਚ ਜਮਾਤੀ ਸਮਾਜ ਅਤੇ ਰਾਜਕੀ ਸੰਰਚਨਾ ਵੱਲ ਸਮਾਜਿਕ ਸੰਕਰਮਣ ਦੀ ਸ਼ੁਰੂਆਤ ਹੋਈ। ਬ੍ਰਾਹਮਣਾਂ ਅਤੇ ਸਰਦਾਰਾਂ ਨੇ ਲੋਕਾਂ ਜਾਂ ਕਬੀਲਾਈ ਲੋਕਾਂ ਨੂੰ ਕੰਟਰੋਲ 'ਚ ਲਿਆਉਣ ਲਈ ਯਤਨ ਕੀਤਾ ਅਤੇ ਕੁਝ ਵਿਸ਼ੇਸ਼ ਹੱਕਾਂ ਦਾ ਦਾਅਵਾ ਕੀਤਾ। ਪਰ ਵੈਦਿਕ ਕਾਲ ਮਗਰੋਂ ਦੇ ਜਮਾਨੇ 'ਚ ਵਰਣ 'ਚ ਵੰਡੇ ਅਤੇ ਰਾਜ-ਅਧਾਰਿਤ ਸਮਾਜ ਨੂੰ ਲੋਹੇ ਦੇ ਫਾਲ਼ੇ ਨਾਲ਼ ਹੋ ਰਹੀ ਖੇਤੀ ਅਤੇ ਵਧਦੀ ਉਪਜ ਕਰਕੇ ਦ੍ਰਿੜਤਾ ਨਾਲ਼ ਇੱਜਤ ਮਿਲ ਸਕੀ। ਖੇਤੀ ਪੈਦਾਵਾਰ ਵਰਣ-ਵਿਵਸਥਾ ਰਾਹੀਂ ਨਿਯਮਿਤ ਕੀਤੀ ਗਈ। ਉਸੇ ਪ੍ਰਬੰਧ ਰਾਹੀਂ ਤੋਹਫ਼ਿਆਂ ਅਤੇ ਲਗਾਨਾਂ ਦੇ ਰੂਪ 'ਚ ਵਾਫਰਾਂ ਦਾ ਸੰਗ੍ਰਹਿ ਕਰ ਵੰਡਿਆ ਜਾਣ ਲੱਗਾ। ਅਹੁਦੇਦਾਰਾਂ ਨੂੰ ਨਕਦ ਭੁਗਤਾਨ ਲਈ ਕਾਰੀਗਰਾਂ ਰਾਹੀਂ ਛੋਟੀਆਂ-ਛੋਟੀਆਂ ਚੀਜਾਂ ਦੀ ਪੈਦਾਵਾਰ ਨਾਲ਼ ਅਤੇ ਵਪਾਰੀਆਂ ਤੋਂ ਰਾਜਾ ਨੂੰ ਮੁਦਰਾ (ਨਕਦੀ ਆਮਦਨ) ਹਾਸਲ ਹੁੰਦੀ ਸੀ।

ਵੈਸ਼ ਅਤੇ ਸ਼ੂਦਰਾਂ ਦੀ ਪੈਦਾਵਾਰੀ ਕਿਰਿਆ 'ਤੇ ਟਿਕਿਆ ਇਹ ਸਮਾਜਿਕ ਪ੍ਰਬੰਧ ਈਸਾ ਪੂਰਵ ਛੇਵੀਂ ਸਦੀ ਤੋਂ ਤੀਜੀ ਸਦੀ ਤੱਕ ਚੰਗੀ ਤਰ੍ਹਾਂ ਚੱਲਦਾ ਰਿਹਾ। ਇਸ ਮਗਰੋਂ ਸਮਾਜਿਕ ਸੰਕਟ ਦੇ ਕਾਰਨ ਇਸ 'ਚ ਗਿਰਾਵਟ ਆਈ। ਇਸ ਵਜ੍ਹਾ ਨਾਲ਼ ਰਾਜਿਆਂ ਨੇ ਪੁਰੋਹਿਤਾਂ ਅਤੇ ਅਹੁਦੇਦਾਰਾਂ ਨੂੰ ਭੂਮੀ ਅਨੁਦਾਨਾਂ ਦੇ ਮਾਧਿਅਮ ਨਾਲ਼ ਤਨਖਾਹ ਭੁਗਤਾਨ ਕਰਨ ਦੀ ਪ੍ਰਥਾ ਵੱਡੀ ਪੱਧਰ 'ਤੇ ਅਪਣਾਈ। ਇਸ ਪ੍ਰਕਿਰਿਆ ਨਾਲ਼ ਭੂ-ਮਾਲਕਾਂ ਦੀ ਜਮਾਤ ਬਣੀ। ਗੁਲਾਮਾਂ, ਭਾੜੇ ਦੇ ਮਜ਼ਦੂਰਾਂ, ਆਦਿਵਾਸੀ ਕਿਸਾਨਾਂ ਦੀ ਮੁੰਕਮਲ ਵਿਕਸਿਤ ਕਿਸਾਨਾਂ 'ਚ ਉੱਨਤੀ ਹੋਈ। ਇਹ ਮੁੱਖ ਤੌਰ 'ਤੇ ਸ਼ੂਦਰਾਂ ਦੇ ਦਰਜੇ 'ਚ ਰਹੇ। ਵਿੱਤੀ, ਫੌਜੀ, ਪ੍ਰਸ਼ਾਸਨਿਕ, ਕਰਾਂ ਰਾਹੀਂ ਆਮਦਨ ਸਬੰਧੀ ਅਤੇ ਧਾਰਮਿਕ ਸੇਵਾਵਾਂ ਭੂਮੀ ਅਨੁਦਾਨਾਂ ਨਾਲ਼ ਜੁੜ ਗਈਆਂ। ਇਸ ਨਾਲ਼ ਜਗੀਰੂ ਢਾਂਚੇ ਦਾ ਵਿਕਾਸ ਹੋਇਆ। ਇਸ ਢਾਂਚੇ 'ਚ ਭੂ-ਮਾਲਕਾਂ ਅਤੇ ਕਿਸਾਨਾਂ ਦਰਮਿਆਨ ਅੰਤਰ ਸਪੱਸ਼ਟ ਹੋ ਗਿਆ। ਭੂਮੀ ਸਣੇ ਪੈਦਾਵਾਰ ਦੇ ਹੋਰ ਅੰਗਾਂ 'ਤੇ ਰਾਜਿਆਂ ਅਤੇ ਪੁਰੋਹਿਤਾਂ ਦਾ ਕੰਟਰੋਲ ਕਾਇਮ ਹੋ ਗਿਆ। ਉਹਨਾਂ ਦੇ ਵਿਸ਼ੇਸ਼ ਹੱਕਾਂ 'ਚ ਹੋਰ ਵੀ ਵਾਧਾ ਹੋਇਆ। ਵਪਾਰ ਅਤੇ ਨਗਰੀਅਤਾ ਦੇ ਪ੍ਰਭਾਵ ਨਾਲ਼ ਜਾਤਵਾਦੀ ਬੰਧਨ ਮਜ਼ਬੂਤ ਹੋਏ। ਆਦਿਵਾਸੀ ਇਲਾਕਿਆਂ 'ਚ ਬ੍ਰਾਹਮਣਾਂ ਦੇ ਵੱਸਣ ਨਾਲ਼ ਸ਼ੂਦਰ ਜਾਤਾਂ ਦੀ ਗਿਣਤੀ ਵਧੀ। •


## ਦਸਤਕ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਨਵੀਆਂ ਕਿਤਾਬਾਂ ਦੀ ਸੂਚੀ

| | |
|---|---|
| 1. ਸਾਹਿਤ ਬਾਰੇ (ਮੈਕਸਿਮ ਗੋਰਕੀ) | 200 ਰੁ. |
| 2. ਪੀਲ਼ੇ ਦੈਂਤ ਦਾ ਸ਼ਹਿਰ (ਮੈਕਸਿਮ ਗੋਰਕੀ) | 80 ਰੁ. |
| 3. ਮਾਂ (ਮੈਕਸਿਮ ਗੋਰਕੀ) | 150 ਰੁ. |
| 4. ਅਸਲੀ ਇਨਸਾਨ ਦੀ ਕਹਾਣੀ (ਬੋਰਿਸ ਪੋਲੇਵੋਈ) | 200 ਰੁ. |
| 5. ਅੱਠੇ ਪਹਿਰ (ਕਹਾਣੀਆਂ) | 125 ਰੁ. |

# ਮੱਧ ਪੂਰਬ 'ਚ ਅਸਲੀ ਪਰਮਾਣੂ ਖ਼ਤਰਾ ਕੌਣ ਹੈ ?

**ਤਣਾਅ, ਧਮਕੀਆਂ, ਅਤੇ ਇਰਾਨ ਉੱਤੇ ਅਮਰੀਕੀ ਤੇ ਇਜ਼ਰਾਇਲੀ ਹਮਲੇ ਦਾ ਖਦਸ਼ਾ ਲਗਾਤਾਰ ਖਤਰਨਾਕ ਹੱਦ ਤੱਕ ਵਧਦਾ ਜਾ ਰਿਹਾ ਹੈ। ਅਮਰੀਕਾ ਤੇ ਇਜ਼ਰਾਇਲ ਦਾ ਕਹਿਣਾ ਹੈ ਕਿ ਇਰਾਨ ਇੱਕ ਗੰਭੀਰ ਖਤਰਾ ਹੈ ਕਿਉਂਕਿ ਉਹ ਯੂਰੇਨੀਅਮ ਦੀ ਸੰਘਣਤਾ ਵਧਾ ਰਿਹਾ ਹੈ ਅਤੇ - ਉਹਨਾਂ ਦੇ ਦਾਅਵੇ ਅਨੁਸਾਰ - ਪਰਮਾਣੂ ਹਥਿਆਰ ਬਣਾਉਣ ਦੀ ਤਕਨੀਕੀ ਯੋਗਤਾ ਵਿਕਸਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। "ਅਸੀਂ ਕਿਸੇ ਵੀ ਢੰਗ-ਤਰੀਕੇ ਨੂੰ ਪਾਸੇ ਨਹੀਂ ਰੱਖ ਰਹੇ," ਰਾਸ਼ਟਰਪਤੀ ਉਬਾਮਾ ਨੇ "ਸੁਪਰ ਬਾਉਲ" ਵਿੱਚ ਇੱਕ ਮੁਲਾਕਾਤ ਦੌਰਾਨ ਕਿਹਾ, "ਅਤੇ ਇਸ ਬਾਰੇ ਮੈਂ ਪੂਰੀ ਤਰ੍ਹਾਂ ਸਾਫ ਹਾਂ ਕਿ ਇਰਾਨ ਨੂੰ ਪਰਮਾਣੂ ਹਥਿਆਰ ਪ੍ਰਾਪਤ ਕਰਨ ਤੋਂ ਰੋਕਣ ਲਈ ਜੋ ਕੁਛ ਵੀ ਅਸੀਂ ਕਰ ਸਕਦੇ ਹੋਏ, ਕਰਾਂਗੇ।"**

ਪਰਮਾਣੂ ਹਥਿਆਰ ਕਿਸੇ ਦੇ ਵੀ ਹੱਥਾਂ 'ਚ ਖਤਰਨਾਕ ਹਨ। ਅਤੇ ਇਰਾਨ ਦਾ ਇਸਲਾਮਿਕ ਗਣਤੰਤਰ ਇੱਕ ਜ਼ਾਬਰ ਤੇ ਪਿਛਾਖੜੀ ਧਰਮ-ਅਧਾਰਤ ਰਾਜ ਹੈ ਜੋ ਆਪਣਾ ਪ੍ਰਭਾਵ ਤੇ ਕੱਦ ਵਧਾਉਣ ਦੇ ਆਪਣੇ ਹਿਤਾਂ ਅਨੁਸਾਰ ਚੱਲਦਾ ਹੈ (ਭਾਵੇਂ ਕਿ ਇਹ ਆਸ਼ਾਵਾਂ ਮੌਜੂਦਾ ਅੱਤਿਆਚਾਰੀ ਸੰਸਾਰ ਢਾਂਚੇ ਦੀਆਂ ਹੱਦਾਂ ਅੰਦਰ ਹੀ ਹਨ)। **ਪਰ ਕਿਉਂਕਿ ਅਮਰੀਕਾ ਤੇ ਇਜ਼ਰਾਇਲ ਨੇ ਪਰਮਾਣੂ ਹਥਿਆਰਾਂ ਦਾ ਮੁੱਦਾ ਉਠਾਇਆ ਹੈ, ਇਸ ਲਈ ਇਹ ਵਾਜਿਬ ਹੈ ਇਸ ਉੱਤੇ ਨਜਰ ਪਾਈ ਜਾਵੇ ਕਿ ਅਸਲੀਅਤ ਵਿੱਚ ਤੱਥਾਂ ਮੁਤਾਬਕ ਆਖਿਰ ਕੌਣ ਧਰਤੀ ਨੂੰ ਸਭ ਤੋਂ ਵੱਡਾ ਪਰਮਾਣੂ ਖਤਰਾ ਹੈ।**

**ਇਰਾਨ ਦਾ ਫੌਜੀ ਖਰਚਾ ਕਿੰਨਾ ਹੈ ?**

7,04,40,00,000 ਡਾਲਰ

**ਅਮਰੀਕਾ ਦਾ ਫੌਜੀ ਖਰਚਾ ਕਿੰਨਾ ਹੈ ?**

6,87,10,50,00,000 ਡਾਲਰ

**ਆਪਣੀਆਂ ਹੱਦਾਂ ਤੋਂ ਬਾਹਰ ਇਰਾਨ ਦੇ ਕਿੰਨੇ ਫੌਜੀ ਅੱਡੇ ਹਨ ?**

ਇੱਕ ਵੀ ਨਹੀਂ।

**ਸਰਹੱਦੋਂ ਪਾਰ ਅਮਰੀਕਾ ਦੇ ਕਿੰਨੇ ਫੌਜੀ ਅੱਡੇ ਹਨ ?**

ਸੰਯੁਕਤ ਰਾਜ ਸੰਘ ਦੇ 190 ਮੈਂਬਰ ਦੇਸ਼ਾਂ 'ਚੋਂ 132 ਦੇਸ਼ਾਂ 'ਚ ਸਰਕਾਰੀ ਤੌਰ 'ਤੇ 737 ਫੌਜੀ ਅੱਡੇ ਹਨ। ਅਸਲੀ ਗਿਣਤੀ ਇੱਕ ਹਜ਼ਾਰ ਤੋਂ ਉੱਪਰ ਹੋ ਸਕਦੀ ਹੈ।

**ਇਰਾਨ ਕੋਲ਼ ਕਿੰਨੇ ਪਰਮਾਣੂ ਹਥਿਆਰ ਹਨ ?**

ਇੱਕ ਵੀ ਨਹੀਂ।

**ਇਜ਼ਰਾਇਲ ਕੋਲ਼ ਕਿੰਨੇ ਪਰਮਾਣੂ ਹਥਿਆਰ ਹਨ ?**

75 ਤੋਂ ਲੈ ਕੇ 200 ਤੱਕ ਪਰਮਾਣੂ ਹਥਿਆਰ।

**ਅਮਰੀਕਾ ਕੋਲ਼ ਕਿੰਨੇ ਪਰਮਾਣੂ ਹਥਿਆਰ ਹਨ ?**

ਲਗਭਗ 5,113 ਵਰਤੋਂ ਲਈ ਤਿਆਰ ਅਤੇ ਵਰਤੋਂ ਲਈ ਤਿਆਰ ਕਰਨਯੋਗ ਪਰਮਾਣੂ ਹਥਿਆਰ ਅਤੇ ਲਗਭਗ 3,500 ਮਿਆਦ ਲੰਘਾ ਚੁੱਕੇ ਪਰਮਾਣੂ ਹਥਿਆਰ ਜਿੰਨ੍ਹਾਂ ਨੂੰ ਖਤਮ ਕੀਤਾ ਜਾਣਾ ਹੈ। 5,113 ਵਰਤੋਂ ਲਈ ਤਿਆਰ ਅਤੇ ਵਰਤੋਂ ਲਈ ਤਿਆਰ ਕਰਨਯੋਗ ਪਰਮਾਣੂ ਹਥਿਆਰਾਂ ਦੇ ਭੰਡਾਰ 'ਚ 1,790 ਯੁੱਧਨੀਤਕ ਥਾਵਾਂ 'ਤੇ ਤੈਨਾਤ ਹਨ, ਲਗਭਗ 500 ਦਾਅਪੇਚਕ ਵਰਤੋਂ ਲਈ ਹਨ ਅਤੇ 2,645 ਅਜਿਹੇ ਹਥਿਆਰ ਹਨ ਜਿੰਨਾਂ ਦੀ ਵਰਤੋਂ ਕਰਨ ਲਈ ਤਿਆਰ ਕੀਤਾ ਜਾ ਸਕਦਾ ਹੈ।

**ਇਹ ਦਾਅਵੇ ਕੀਤੇ ਜਾਂਦੇ ਹਨ ਕਿ ਇਰਾਨ ਨੇ "ਪਰਮਾਣੂ ਅਪਸਾਰ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ ਹੈ"** ਜਿਸ ਤੋਂ ਇਰਾਨ ਤੇ ਹੋਰ ਇਨਕਾਰ ਕਰਦੇ ਹਨ, **ਪਰ ਇਜ਼ਰਾਇਲ ਇਸ ਮਾਮਲੇ 'ਚ ਕਿੱਥੇ ਖੜਾ ਹੈ ?** ਇਜ਼ਰਾਇਲ ਪਰਮਾਣੂ ਅਪਸਾਰ ਸੰਧੀ 'ਤੇ ਦਸਤਖਤ ਕਰਨ ਤੋਂ ਜਾਂ ਆਪਣੇ ਪਰਮਾਣੂ ਟਿਕਾਣਿਆਂ ਦੀ ਕਿਸੇ ਵੀ ਜਾਂਚ-ਪੜਤਾਲ ਤੋਂ ਇਨਕਾਰੀ ਹੈ। ਸਤੰਬਰ 18, 2009 ਨੂੰ ਜਦੋਂ ਕੌਮਾਂਤਰੀ ਪਰਮਾਣੂ ਊਰਜਾ ਏਜੰਸੀ ਨੇ ਇਜ਼ਰਾਇਲ ਨੂੰ ਪਰਮਾਣੂ ਅਪਸਾਰ ਸੰਧੀ 'ਤੇ ਸਹੀ ਪਾਉਣ ਅਤੇ ਆਪਣੇ ਪਰਮਾਣੂ ਟਿਕਾਣਿਆਂ ਦੀ ਜਾਂਚ-ਪੜਤਾਲ ਕਰਵਾਉਣ ਲਈ ਸੱਦਾ ਦਿੱਤਾ ਤਾਂ ਅਮਰੀਕਾ ਦੀ ਸ਼ਹਿ 'ਤੇ ਇਜ਼ਰਾਇਲ ਨੇ ਇਸ ਤੋਂ ਸਾਫ ਇਨਕਾਰ ਕਰ ਦਿੱਤਾ।

**ਕਿਹੜਾ ਇੱਕੋ-ਇੱਕ ਦੇਸ਼ ਹੈ ਜਿਸਨੇ ਕਿਸੇ ਹੋਰ ਦੇਸ਼ 'ਤੇ ਪਰਮਾਣੂ ਬੰਬ ਸੁੱਟਿਆ ਹੈ ?**

ਅਮਰੀਕਾ। ਅਗਸਤ, 1945 ਇਸਨੇ ਜਪਾਨ ਦੇ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ ਪਰਮਾਣੂ ਬੰਬ ਸੁੱਟੇ ਜਿਸ ਨਾਲ਼ 1,50,000-2,40,000 ਲੋਕ ਮਾਰੇ ਗਏ (ਹੋਰ ਵੱਡੀ ਗਿਣਤੀ 'ਚ ਰੇਡੀਓਐਕਟਿਵ ਕਿਰਨਾਂ ਦੇ ਅਸਰਾਂ ਕਾਰਨ ਬਾਅਦ ਦੇ ਕਈ ਸਾਲਾਂ ਤੱਕ ਮਰਦੇ ਰਹੇ)।

**ਕੀ ਇਹ ਸੱਚ ਨਹੀਂ ਹੈ ਕਿ ਅਮਰੀਕਾ ਨੇ ਹੀਰੋਸ਼ੀਮਾ ਤੇ ਨਾਗਾਸਾਕੀ ਤੋਂ ਬਾਅਦ ਕਦੇ ਪਰਮਾਣੂ ਹਥਿਆਰਾਂ ਦੀ ਵਰਤੋਂ ਨਹੀਂ ਕੀਤੀ ?** ਸੱਚ ਕਿਹਾ ਜਾਵੇ ਤਾਂ ਨਹੀਂ। ਸਾਬਕਾ ਪੈਂਟਾਗਨ ਵਿਸ਼ਲੇਸ਼ਕ (ਬਾਅਦ 'ਚ ਜੰਗ-ਵਿਰੋਧੀ ਕਾਰਕੁੰਨ ਬਣ ਗਏ) ਡੈਨੀਅਲ ਐਲਸਬਰਗ ਨੇ ਲਿਖਿਆ ਹੈ ਕਿ ਉਦੋਂ ਤੋਂ "ਅਕਸਰ ਅਮਰੀਕੀ ਲੋਕਾਂ ਤੋਂ ਚੋਰੀ-ਛੁਪੇ ਵਾਰ ਵਾਰ ਅਮਰੀਕੀ ਪਰਮਾਣੂ ਹਥਿਆਰ ਵੱਖ-ਵੱਖ ਮਕਸਦਾਂ ਲਈ ਵਰਤੇ ਜਾਂਦੇ ਰਹੇ ਹਨ: ਬਿਲਕੁਲ ਉਸੇ ਤਰ੍ਹਾਂ ਜਿਵੇਂ ਸਿੱਧਮ-ਸਿੱਧੀ ਟੱਕਰ 'ਚ ਤੁਸੀਂ ਵਿਰੋਧੀ 'ਤੇ ਬੰਦੂਕ ਤਾਣ ਕੇ ਘੋੜਾ ਨਹੀਂ ਵੀ ਦਬਾਉਂਦੇ ਤਾਂ ਵੀ ਬੰਦੂਕ ਦੀ ਵਰਤੋਂ ਤਾਂ ਹੋ ਹੀ ਜਾਂਦੀ ਹੈ... 1981 ਵਿੱਚ ਮੈਂ ਅਜਿਹੀਆਂ ਗਿਆਰਾਂ ਘਟਨਾਵਾਂ ਦੀ ਸੂਚੀ ਬਣਾਈ ਜਿਹਨਾਂ ਬਾਰੇ ਕਾਫੀ ਪੱਕੇ ਸਬੂਤ ਹਨ ਕਿ ਅਮਰੀਕੀ ਪਰਮਾਣੂ ਬੰਦੂਕ ਵਿਰੋਧੀਆਂ 'ਤੇ ਤਾਣੀ ਗਈ" ਜਦੋਂ ਇੱਕ ਅਮਰੀਕੀ ਰਾਸ਼ਟਰਪਤੀ ਨੇ "ਇੱਕ ਤਿੱਖੀ ਗੈਰ-ਪਰਮਾਣੂ ਲੜਾਈ ਜਾਂ ਸੰਕਟ ਦੇ ਦੌਰਾਨ ਅਮਰੀਕਾ ਦੀ ਤਰਫੋਂ ਪਰਮਾਣੂ ਹਥਿਆਰਾਂ ਦੀ ਦਾਅਪੇਚਕ ਜਾਂ ਯੁੱਧਨੀਤਕ ਟੀਚਿਆਂ

ਲਈ ਫੌਰੀ ਸੰਭਾਵਿਤ ਵਰਤੋਂ ਲਈ ਤਿਆਰੀਆਂ ਕਰਨ ਲਈ ਸੋਚਣ ਜਾਂ ਨਿਰਦੇਸ਼ ਦੇਣ ਨੂੰ ਜ਼ਰੂਰੀ ਸਮਝਿਆ।"

**ਭਾਵੇਂ ਅਮਰੀਕਾ ਕੋਲ਼ ਪਰਮਾਣੂ ਹਥਿਆਰ ਹਨ, ਕੀ "ਸਾਡੇ" ਨੇਤਾ ਇੰਨੇ ਸਿਆਣੇ ਨਹੀਂ ਹਨ ਜਿਹੜੇ ਕਿਸੇ ਵੀ ਕਿਸਮ ਦੇ ਝਗੜੇ ਤੋਂ ਬਚਦੇ ਹਨ, ਜਦਕਿ ਇਰਾਨ ਦੇ ਨੇਤਾ ਬੇਇਤਬਾਰੇ ਪਾਗਲ ਆਦਮੀ ਹਨ ਜਿਹਨਾਂ 'ਤੇ ਪਰਮਾਣੂ ਹਥਿਆਰਾਂ ਦੇ ਮਾਮਲੇ 'ਚ ਕੋਈ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ ?** (ਜਾਂ ਜਿਵੇਂ ਕਿ ਉਬਾਮਾ ਨੇ 2009 'ਚ ਓਸਲੋ ਵਿਖੇ ਕਿਹਾ ਸੀ, "ਆਧੁਨਿਕ ਤਕਨੀਕ ਕਾਰਨ ਇਹ ਸੰਭਵ ਹੋ ਗਿਆ ਕਿ ਸਿਰਫ ਕੁਝ ਕੁ ਹੰਕਾਰ ਨਾਲ਼ ਭਰੇ ਲੋਕ ਡਰਾਉਣੀ ਹੱਦ ਤੱਕ ਬੇਕਸੂਰ ਲੋਕਾਂ ਨੂੰ ਕਤਲ ਕਰ ਸਕਦੇ ਹਨ।")

ਆਓ ਕੁਝ ਅਜਿਹੇ ਬੰਦਿਆਂ 'ਤੇ ਨਿਗ੍ਹਾ ਪਾਈਏ ਜਿਹੜੇ ਸੰਸਾਰ ਦੀ ਪਰਮਾਣੂ ਤਬਾਹੀ ਕਰ ਸਕਦੇ ਹਨ: ਡੈਨੀਅਲ ਐਲਸਬਰਗ ਨੇ ਇਸ ਤੱਥ ਨੂੰ ਨੰਗਾ ਕੀਤਾ ਕਿ 1950ਵਿਆਂ ਤੇ 1960ਵਿਆਂ ਦੌਰਾਨ ਅਮਰੀਕਾ ਨੇ ਅਜਿਹੀ ਪਰਮਾਣੂ ਜੰਗ ਸ਼ੁਰੂ ਕਰਨ ਦੀਆਂ ਤਿਆਰੀਆਂ ਕੀਤੀਆਂ ਸਨ ਜਿਸਨੇ "ਉੱਤਰੀ ਗੋਲਾਰਧ ਦੇ ਬਹੁਤੇ ਸ਼ਹਿਰ ਤੇ ਲੋਕਾਂ ਨੂੰ ਖਤਮ ਕਰ ਦੇਣਾ ਸੀ।" ਐਲਸਬਰਗ ਨੇ ਲਿਖਿਆ, "ਫੌਜਾਂ ਦੇ ਮੁਖੀਆਂ ਦੀ ਗਿਣਤੀ-ਮਿਣਤੀ ਅਨੁਸਾਰ ਸੋਵੀਅਤ ਯੂਨੀਅਨ ਅਤੇ ਚੀਨ ਉੱਤੇ ਅਮਰੀਕਾ ਦੁਆਰਾ ਕੀਤੇ ਗਏ ਕਿਸੇ ਵੀ ਪਹਿਲੇ ਪਰਮਾਣੂ ਹਮਲੇ 'ਚ ਮੌਤਾਂ ਦੀ ਗਿਣਤੀ 60 ਕਰੋੜ ਤੋਂ ਉੱਪਰ ਹੋਵੇਗੀ। ਯਹੂਦੀਆਂ ਦੇ ਕਤਲੇਆਮ (ਹਿਟਲਰ ਦੁਆਰਾ) ਤੋਂ ਸੌ ਗੁਣਾ ਜ਼ਿਆਦਾ ਗਿਣਤੀ।"

ਸਾਬਕਾ ਅਮਰੀਕੀ ਰਾਸ਼ਟਰਪਤੀ ਰਿਚਰਡ ਨਿਕਸਨ ਨੇ 1969 ਵਿੱਚ ਆਪਣਾ ਬ੍ਰਿੰਕਮੈਨਸ਼ਿਪ (ਕੌਮਾਂਤਰੀ ਸਿਆਸਤ ਵਿੱਚ ਤਬਾਹਕੁੰਨ ਸੰਕਟ ਪੈਦਾ ਕਰਨ ਦਾ ਹਊਆ ਖੜਾ ਕਰਕੇ ਵਿਰੋਧੀ ਨੂੰ ਥੱਲੇ ਲਾਉਣ ਦੀ ਨੀਤੀ - ਅਨੁ.) ਦਾ ਪਾਗਲਪਣ ਭਰਿਆ ਸਿਧਾਂਤ ਲਾਗੂ ਕਰਦੇ ਹੋਏ ਪਰਮਾਣੂ ਜੰਗ ਲਗਭਗ ਸ਼ੁਰੂ ਕਰ ਦਿੱਤੀ ਸੀ ਕਿਉਂਕਿ ਉਸਨੇ ਇਹ ਫੈਸਲਾ ਕਰ ਲਿਆ ਸੀ ਕਿ ਅਮਰੀਕਾ ਦੇ ਵਿਰੋਧੀਆਂ ਦੇ ਮਨਾਂ 'ਚ ਇਹ ਗੱਲ ਬੈਠ ਜਾਣਾ ਚੰਗਾ ਹੀ ਹੋਵੇਗਾ ਕਿ ਉਹ ਪਰਮਾਣੂ ਹਥਿਆਰਾਂ ਨਾਲ਼ ਲੁਕਣਮੀਚੀ ਖੇਡਣ ਦੀ ਥਾਂ ਇਹਨਾਂ ਦੀ ਵਰਤੋਂ ਕਰਨ ਦਾ ਸਨਕਪੁਣਾ ਵੀ ਕਰ ਸਕਦਾ ਹੈ।

1984 ਵਿੱਚ ਅਮਰੀਕੀ ਰਾਸ਼ਟਰਪਤੀ ਰੋਨਾਲਡ ਰੀਗਨ (ਜਿਸਨੂੰ ਰੀਪਬਲਿਕਨ ਤੇ ਡੈਮੋਕ੍ਰੈਟਿਕ ਪਾਰਟੀ ਦੋਵਾਂ ਦੇ ਨੇਤਾਵਾਂ ਵੱਲੋਂ ਇੱਕ ਅਮਰੀਕੀ ਰੋਲਮਾਡਲ ਦੇ ਤੌਰ 'ਤੇ ਪ੍ਰਚਾਰਿਆ ਜਾਂਦਾ ਹੈ) ਨੇ "ਮਜ਼ਾਕ 'ਚ" ਕਿਹਾ - "ਮੇਰੇ ਅਮਰੀਕੀ ਸਾਥੀਓ, ਅੱਜ ਤੁਹਾਨੂੰ ਇਹ ਦਸਦੇ ਹੋਏ ਮੈਨੂੰ ਖੁਸ਼ੀ ਹੋ ਰਹੀ ਹੈ ਕਿ ਮੈਂ ਉਸ ਕਨੂੰਨ 'ਤੇ ਦਸਤਖਤ ਕੀਤੇ ਹਨ ਜਿਸ ਨਾਲ਼ ਰੂਸ ਨੂੰ ਹਮੇਸ਼ਾਂ ਲਈ ਗੈਰ-ਕਨੂੰਨੀ ਐਲਾਨ ਦਿੱਤਾ ਜਾਵੇਗਾ। ਅਸੀਂ ਪੰਜ ਮਿੰਟਾਂ ਦੇ ਅੰਦਰ-ਅੰਦਰ ਬੰਬਾਰੀ ਸ਼ੁਰੂ ਕਰ ਸਕਾਂਗੇ।" ਉਸਨੇ ਆਰਮਾਗੇਡਾਨ ਭਾਵ ਦੁਨੀਆਂ ਦੇ ਅੰਤ ਦੇ ਸਵਾਗਤ ਕਰਨ ਬਾਰੇ ਵੀ ਬੋਲਿਆ ਸੀ। ਅਮਿਤਾਭ ਪਾਲ ਨੇ ਲਿਖਿਆ, "1971 'ਚ ਰਾਤ ਦੇ ਖਾਣੇ ਸਮੇਂ ਉਸਨੇ ਆਪਣੇ ਇੱਕ ਸਾਥੀ ਕੋਲ ਦਾਅਵਾ ਕੀਤਾ, 'ਦੁਨੀਆਂ 'ਚ ਪਹਿਲੀ ਵਾਰ ਆਰਮਾਗੇਡਾਨ ਦੀ ਲੜਾਈ ਲਈ ਅਤੇ ਈਸਾ ਦੇ ਦੂਸਰੀ ਵਾਰ ਆਉਣ ਲਈ ਹਰ ਚੀਜ਼ ਤਿਆਰ ਹੈ।" 1980 ਵਿੱਚ ਈਸਾਈ ਮਿਸ਼ਨਰੀ ਜਿਮ ਬਕਰ ਦੇ ਟੈਲੀਵਿਜਨ ਪ੍ਰੋਗਰਾਮ ਦੌਰਾਨ ਉਸਨੇ ਕਿਹਾ, "ਅਸੀਂ ਸ਼ਾਇਦ ਉਹ ਪੀੜ੍ਹੀ ਦੇ ਲੋਕ ਹੋਵਾਂਗੇ ਜਿਹੜੇ ਆਰਮਾਗੇਡਾਨ ਨੂੰ ਦੇਖ ਸਕਣਗੇ।"

**ਅੱਜ ਉਬਾਮਾ ਦੇ ਰਾਜ ਸਮੇਂ ਕੀ ਕਿਹਾ ਜਾ ਸਕਦਾ ਹੈ ? ਕੀ ਅਮਰੀਕੀ ਹਥਿਆਰ ਭੰਡਾਰ ਅਤੇ ਫੌਜੀ ਯੋਜਨਾਬੰਦੀ 'ਚੋਂ ਪਰਮਾਣੂ ਹਥਿਆਰਾਂ ਨੂੰ ਬਾਹਰ ਨਹੀਂ ਕੱਢਿਆ ਜਾ ਰਿਹਾ ?** ਨਹੀਂ। ਅਮਰੀਕਾ ਨੇ ਆਪਣੇ ਪਰਮਾਣੂ ਹਥਿਆਰਾਂ ਦੇ ਜ਼ਖੀਰੇ ਨੂੰ ਘੱਟ ਕੀਤਾ ਹੈ, ਪਰ ਅਜੇ ਵੀ ਬਹੁਤ ਜ਼ਿਆਦਾ ਤਬਾਹੀ ਮਚਾ ਸਕਣ ਦੀ ਸਮਰੱਥਾ ਰੱਖਦਾ ਹੈ ਤੇ ਅਜੇ ਵੀ ਅਮਰੀਕੀ ਫੌਜੀ ਯੁੱਧਨੀਤੀ ਦਾ ਕੇਂਦਰੀ ਨੁਕਤਾ ਹੈ। ਉਬਾਮਾ ਸਰਕਾਰ ਦੁਆਰਾ ਤਿਆਰ ਕੀਤੀ ਗਈ 2012 ਦੀ ਫੌਜੀ ਸੁਰੱਖਿਆ ਦੀ ਯੁੱਧਨੀਤਕ ਪਲਾਨ ਅਨੁਸਾਰ: "ਅਸੀਂ ਪਰਮਾਣੂ ਤਾਕਤ ਦੀ ਵਰਤੋਂ ਕਰਾਂਗੇ ਜਿਹੜੀ ਹਰ ਹਾਲ 'ਚ ਕਿਸੇ ਵੀ ਉਲਟ ਹਾਲਾਤ ਨਾਲ਼ ਨਿਬੜੇਗੀ ਭਾਵੇਂ ਇਸ ਕਾਰਨ ਕਿੰਨਾ ਵੀ ਜ਼ਿਆਦਾ ਨੁਕਸਾਨ ਕਿਉਂ ਨਾ ਹੁੰਦਾ ਹੋਵੇ।" ਉਬਾਮਾ ਦੀ ਸੁਰੱਖਿਆ ਯੁੱਧਨੀਤੀ ਜਿਸਨੂੰ "ਇੱਕੀਵੀਂ ਸਦੀ ਦੀਆਂ ਸੁਰੱਖਿਆ ਸਬੰਧੀ ਪ੍ਰਾਥਮਿਕਤਾਵਾਂ" ਦਾ ਨਾਂ ਦਿੱਤਾ ਗਿਆ ਹੈ, ਅਧੀਨ ਅਮਰੀਕਾ ਦੇ ਪਰਮਾਣੂ ਹਥਿਆਰਾਂ ਦੀਆਂ ਤਿੰਨੇ ਕਿਸਮਾਂ ਨੂੰ ਸ਼ਾਮਿਲ ਕੀਤਾ ਗਿਆ ਜਿਸ ਵਿੱਚ "ਬਲਿਸਟਕ ਮਿਜ਼ਾਇਲ ਪਣਡੁੱਬੀਆਂ, ਅੰਤਰ-ਮਹਾਂਦੀਪੀ ਬਲਿਸਟਕ ਮਿਜ਼ਾਈਲ ਨੂੰ ਸਟੋਰ ਕਰਨ ਵਾਲ਼ੇ ਹਵਾਬੰਦ ਭੂਮੀਗਤ ਟਿਕਾਣਿਆਂ ਅਤੇ ਬੀ-52 ਤੇ ਬੀ-2 ਬੰਬਾਰ ਹਵਾਈ ਜਹਾਜ਼ਾਂ" ਤੋਂ ਪਰਮਾਣੂ ਹਥਿਆਰ ਦਾਗ ਸਕਣ ਦੀ ਸਮਰਥਾ ਸ਼ਾਮਿਲ ਹੈ। ਉਬਾਮਾ ਦੇ 2013 ਦੇ ਪ੍ਰਸਤਾਵਿਤ ਬਜਟ ਵਿੱਚ ਪਰਮਾਣੂ ਹਥਿਆਰਾਂ ਉੱਤੇ ਅਮਰੀਕਾ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਖਰਚਾ ਕਰਨ ਦੀ ਤਜਵੀਜ ਹੈ।

ਪਿਛਾਖੜੀ ਇਸਲਾਮਿਕ ਕੱਟੜਪੰਥੀ ਤਰਕਵਿਹੂਣੇ ਅਤੇ ਮਨੁੱਖੀ ਜ਼ਿੰਦਗੀ ਪ੍ਰਤੀ ਅਸੰਵੇਦਨਸ਼ੀਲ ਹਨ। *ਪਰ ਅਮਰੀਕਾ 'ਤੇ ਰਾਜ ਕਰਨ ਵਾਲ਼ੇ ਉਹੀ ਕੁਝ ਹਨ*, ਬਸ ਇੱਕ ਫਰਕ ਹੈ ਕਿ ਅਮਰੀਕਾ ਦੇ ਹਾਕਮਾਂ ਕੋਲ਼ ਪਰਮਾਣੂ ਹਥਿਆਰਾਂ ਰਾਹੀਂ ਨੁਕਸਾਨ ਕਰਨ ਦੀ ਸਮਰੱਥਾ ਕਿਤੇ ਜ਼ਿਆਦਾ ਹੈ। **ਮਨੁੱਖਤਾ ਦੇ ਨਜ਼ਰੀਏ ਤੋਂ ਕੋਈ ਵੀ ਪਰਮਾਣੂ ਹਮਲਾ ਤਰਕਵਿਹੂਣਾ (ਅਤੇ ਅਨੈਤਿਕ) ਹੋਵੇਗਾ। ਪਰੰਤੂ ਅਮਰੀਕਾ ਦੇ ਹਾਕਮ ਆਪਣੇ ਸੰਸਾਰ ਨੂੰ ਲੁੱਟਣ ਤੇ ਦਬਾਉਣ ਦੇ ਢਾਂਚੇ ਦੇ ਤਰਕ ਅਤੇ ਗਿਣਤੀਆਂ-ਮਿਣਤੀਆਂ ਅਨੁਸਾਰ ਚਲਦੇ ਹਨ। ਇਹ ਸਰਮਾਏਦਾਰ-ਸਾਮਰਾਜੀ ਢਾਂਚਾ ਹਿੰਸਾ ਅਤੇ ਹਿੰਸਾ ਦੇ ਖਤਰੇ ਨਾਲ਼ ਅਟੁੱਟ ਧਾਗੇ ਨਾਲ਼ ਬੱਝਿਆ ਹੋਇਆ ਹੈ। ਇਸੇ ਲਈ ਅਮਰੀਕਾ ਦੇ ਹਾਕਮ ਪਰਮਾਣੂ ਤਬਾਹੀ ਮਚਾਉਣ ਦੇ ਹੱਕ ਉੱਤੇ ਆਪਣਾ ਏਕਾਧਿਕਾਰ ਚਾਹੁੰਦੇ ਹਨ।**

*(ਇਨਕਲਾਬੀ ਕਮਿਊਨਿਸਟ ਪਾਰਟੀ, ਅਮਰੀਕਾ ਦੇ ਅਖ਼ਬਾਰ ਰੈਵੋਲੂਸ਼ਨ 'ਚੋਂ ਧੰਨਵਾਦ ਸਹਿਤ)*

# 'ਕੌਣ ਬਣੇਗਾ ਕਰੋੜਪਤੀ' - ਗਿਆਨ ਦਾ ਮਹਾਂਕੁੰਭ ਜਾਂ **ਲਾਲਚ** ਤੇ **ਭਰਮ** ਫਲਾਉਣ ਵਾਲ਼ਾ ਮਹਾਂ-ਤਮਾਸ਼ਾ ?

**ਇੱਕ** ਵਾਰ ਫਿਰ 'ਕੌਣ ਬਣੇਗਾ ਕਰੋੜਪਤੀ' ਸ਼ੁਰੂ ਹੋ ਗਿਆ ਹੈ। ਅਮਿਤਾਭ ਬੱਚਨ ਨੇ ਇਹਨੂੰ 'ਗਿਆਨ' ਦੇ ਮਹਾਂਕੁੰਭ ਦਾ ਨਾਂ ਦਿੱਤਾ ਹੈ ਅਤੇ ਲੋਕਾਂ ਵਿੱਚ ਇਹਦਾ ਦੱਬਕੇ ਪ੍ਰਚਾਰ ਕੀਤਾ ਜਾ ਰਿਹਾ ਹੈ। ਅਮਿਤਾਭ ਬੱਚਨ ਉਪਦੇਸ਼ ਦੇ ਰਹੇ ਹਨ ਕਿ 'ਗਿਆਨ' ਨਾਲ਼ ਤੁਹਾਨੂੰ ਹੱਕ ਮਿਲੇਗਾ ਪਰ ਇਹ ਨਹੀਂ ਦੱਸਦੇ ਕਿ ਕਿਸ ਨੂੰ ਕਿਹੜਾ ਹੱਕ ਮਿਲੇਗਾ। ਕੀ ਇਸ 'ਗਿਆਨ' ਨਾਲ਼ ਉਹਨਾਂ ਕਰੋੜਾਂ ਨੌਜਵਾਨਾਂ ਨੂੰ ਹੱਕ ਮਿਲੇਗਾ ਜੋ ਰੁਜ਼ਗਾਰ ਦੀ ਭਾਲ਼ 'ਚ ਸੜਕਾਂ 'ਤੇ ਧੱਕੇ ਖਾ ਰਹੇ ਹਨ ਜਾਂ ਬਹੁਤ ਘੱਟ ਤਨਖਾਹ 'ਤੇ ਕੰਪਨੀਆਂ ਦੀ ਗੁਲਾਮੀ ਕਰ ਰਹੇ ਹਨ ? ਕੀ ਇਹ ਦੇ ਨਾਲ਼ ਉਨ੍ਹਾਂ ਕਰੋੜਾਂ ਮਜ਼ਦੂਰਾਂ ਨੂੰ ਹੱਕ ਮਿਲੇਗਾ ਜੋ ਘੱਟੋ-ਘੱਟ ਮਜ਼ਦੂਰੀ ਤੋਂ ਵੀ ਘੱਟ 'ਤੇ 12-12 ਘੰਟੇ ਕਾਰਖਾਨਿਆਂ 'ਚ ਹੱਡ ਗਲਾਉਂਦੇ ਹਨ ਅਤੇ ਕਿਸੇ ਵੀ ਵੇਲੇ ਕੱਢਕੇ ਸੜਕ 'ਤੇ ਸੁੱਟ ਦਿੱਤੇ ਜਾਂਦੇ ਹਨ ? ਕੀ ਇਸ ਅਖੌਤੀ ਗਿਆਨ ਨਾਲ਼ ਦੇਸ਼ ਦੇ ਆਮ ਲੋਕਾਂ ਨੂੰ ਹੱਕ ਮਿਲੇਗਾ ਜਿਹੜੇ ਪਿਛਲੇ 65 ਸਾਲਾਂ ਤੋਂ ਲੁੱਟ, ਦਾਬੇ, ਬੇਇਨਸਾਫ਼ੀ, ਜ਼ਬਰ ਅਤੇ ਭ੍ਰਿਸ਼ਟਾਚਾਰ ਦੀ ਮਾਰ ਝੱਲ ਰਹੇ ਹਨ ?


ਜ਼ਾਹਰ ਹੈ ਕਿ ਅਮਿਤਾਭ ਬੱਚਨ ਇਹਦੇ ਬਾਰੇ ਕੁਝ ਨਹੀਂ ਕਹਿੰਦੇ। ਉਹ ਤਾਂ ਇਹਦੇ ਬਾਰੇ ਵੀ ਚੁੱਪ ਹਨ ਕਿ ਆਖਰਕਾਰ ਉਹ ਹੈ ਕੌਣ ਜਿਹੜਾ ਲੋਕਾਂ ਦਾ ਹੱਕ ਮਾਰ ਰਿਹਾ ਹੈ ? ਕਹਿਣ ਵੀ ਤਾਂ ਕਿਵੇਂ ਕਹਿਣ ? ਸੱਚ ਤਾਂ ਇਹ ਹੈ ਕਿ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਲਾਂਭੇ ਕਰਨ ਵਾਲ਼ੇ ਵੀ ਉਸੇ ਜਮਾਤ ਦੇ ਲੋਕ ਹਨ ਜਿਹੜੇ ਇਹ ਦੇ ਪ੍ਰੋਗਰਾਮ ਦੇ ਨਿਰਮਾਤਾ, ਪ੍ਰਯੋਜਕ ਤੇ ਇਸ਼ਤਿਹਾਰ ਦੇਣ ਵਾਲ਼ੇ ਹਨ! ਕੇ.ਬੀ.ਸੀ. ਦਾ ਨਵਾਂ ਨਾਅਰਾ ਹੈ ਕਿ ਤੁਸੀਂ ਅੱਗੇ ਵਧਣਾ ਹੈ ਤਾਂ ਗਿਆਨ ਹਾਸਲ ਕਰਨ ਹੀ ਪਵੇਗਾ! ਇੱਥੇ ਅੱਗੇ ਵਧਣ ਦਾ ਮਤਲਬ ਹੈ 'ਅਮੀਰ ਬਣਨਾ'! ਇਹੀ ਅੱਜ ਦੇ ਸਰਮਾਇਦਾਰੀ ਢਾਂਚੇ ਦਾ ਮੂਲ ਮੰਤਰ ਹੈ — ਕਿਸੇ ਵੀ ਤਰੀਕੇ ਨਾਲ਼ ਅੱਗੇ ਵਧੋ, ਦੂਜਿਆਂ ਦੇ ਸਿਰ 'ਤੇ ਪੈਰ ਰੱਖਕੇ ਅੱਗੇ ਵਧੋ! ਕਿਸੇ ਵੀ ਢੰਗ ਨਾਲ਼ ਪੈਸਾ ਕਮਾਓ, ਸਫਲ ਬਣੋ, ਅਮੀਰ ਬਣੋ! ਜੇ ਹੁਣ ਗਿਆਨ ਦਾ ਇਸਤੇਮਾਲ ਵੀ ਅਮੀਰ ਬਣਨ 'ਚ ਹੋ ਸਕਦਾ ਹੈ ਤਾਂ ਪੈਸੇ ਪਿੱਛੇ ਭੱਜ ਕੇ ਲੋਕ ਇਸ 'ਗਿਆਨ' ਦਾ ਵੀ ਮੁੱਲ ਵੱਟਣ ਲੱਗ ਪੈਣਗੇ। ਇਸ ਚੱਕਰ ਵਿੱਚ ਉਹਨਾਂ ਨੂੰ 'ਹੱਕ' ਮਿਲ਼ੇ ਜਾਂ ਨਾ ਮਿਲ਼ੇ, ਪਰ ਅਮਿਤਾਭ ਟੀਵੀ ਚੈਨਲ ਅਤੇ ਵੱਖੋ-ਵੱਖਰੀਆਂ ਕੰਪਨੀਆਂ ਦੀਆਂ ਤਿਜੋਰੀਆਂ ਜ਼ਰੂਰ ਭਰ ਦੇਣਗੇ।

ਗਿਆਨ ਨਾਲ਼ ਹੀ ਹੱਕ ਮਿਲ਼ੇਗਾ, ਇਹ ਗੱਲ ਵੀ ਸੱਚ ਹੈ! ਪਰ ਸਵਾਲ ਹੈ ਕਿ ਕਿਹੜਾ ਗਿਆਨ ? ਕੀ ਜਨਰਲ ਨਾਲੇਜ ਦੀਆਂ ਕਿਤਾਬਾਂ ਰੱਟਣ ਨਾਲ਼ ਮਿਲਣ ਵਾਲ਼ਾ ਗਿਆਨ, ਜੋ ਸਮਾਜ ਦੇ ਕਿਸੇ ਕੰਮ ਨਹੀਂ ਆਉਂਦਾ ? ਜਾਂ ਉਹ ਗਿਆਨ ਜਿਹੜਾ ਇਸ ਦੁਨੀਆਂ ਤੇ ਸਮਾਜ ਦੀ ਸੱਚਾਈ ਨੂੰ ਸਾਡੇ ਸਾਹਮਣੇ ਪੇਸ਼ ਕਰਦਾ ਹੈ ? ਉਹ ਗਿਆਨ ਜਿਹੜਾ ਇਸ ਦੁਨੀਆਂ ਨੂੰ ਬਦਲਣ ਦਾ ਰਾਹ ਵਿਖਾਉਂਦਾ ਹੈ ? ਉਹ ਗਿਆਨ ਜਿਸ ਬਾਰੇ ਭਗਤ ਸਿੰਘ ਨੇ ਕਿਹਾ ਸੀ ਕਿ "ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤਿੱਖੀ ਹੁੰਦੀ ਹੈ!"

ਸਵਾਲ ਇਹ ਵੀ ਹੈ ਕਿ ਅੱਜ ਗਿਆਨ 'ਤੇ ਕਿਸ ਦਾ ਹੱਕ ਹੈ, ਅਤੇ ਗਿਆਨ ਕਿਸ ਵਾਸਤੇ ਹੈ ? ਗਿਆਨ ਮਨੁੱਖਤਾ ਦੀ ਸਮੂਹਿਕ ਸਮਾਜਿਕ ਸੰਪੱਤੀ ਹੈ। ਕਿਸੇ ਦੀ ਨਿੱਜੀ ਸੰਪੱਤੀ ਨਹੀਂ! ਜ਼ਿਆਦਾਤਰ ਪੜ੍ਹਿਆਂ-ਲਿਖਿਆਂ ਨੂੰ ਲੱਗਦਾ ਹੈ ਕਿ ਉਨ੍ਹਾਂ ਨੇ ਆਪਣੀ ਸਖ਼ਤ ਮਿਹਨਤ ਨਾਲ਼ ਗਿਆਨ ਪ੍ਰਾਪਤ ਕੀਤਾ ਹੈ ਪਰ ਉਹ ਭੁੱਲ ਜਾਂਦੇ ਹਨ ਕਿ ਕਰੋੜਾਂ ਕਿਰਤੀ ਲੋਕਾਂ ਦੀ ਸਖ਼ਤ ਮਿਹਨਤ ਤੋਂ ਬਿਨਾਂ ਉਨ੍ਹਾਂ ਦਾ ਗਿਆਨੀ ਬਣਨਾ ਸੰਭਵ ਹੀ ਨਹੀਂ ਹੋ ਸਕਦਾ ਸੀ। ਉਨ੍ਹਾਂ ਦੀ ਮਿਹਨਤ ਸਦਕਾ ਨਾ ਸਿਰਫ਼ ਸਾਨੂੰ ਅਰਾਮਦੇਹ ਜ਼ਿੰਦਗੀ, ਸਕੂਲ-ਕਾਲਜ-ਪ੍ਰੋਗਸ਼ਾਲਾ ਅਤੇ ਕਿਤਾਬਾਂ ਪ੍ਰਾਪਤ ਹੋਈਆਂ ਹਨ ਸਗੋਂ ਪੈਦਾਵਾਰੀ ਸਰਗਰਮੀਆਂ ਦੇ ਤਜ਼ਰਬਿਆਂ ਤੋਂ ਹੀ ਮਨੁੱਖਜਾਤੀ ਦਾ ਸਮੁੱਚਾ ਗਿਆਨ ਪੈਦਾ ਹੋਇਆ ਹੈ। ਪਰ ਇਹ ਜਮਾਤ ਜਿਹੜੀ ਸਮਾਜ 'ਚ ਖੁਦ ਕਿਰਤ ਕਰਦੀ ਹੈ ਅਤੇ ਖੁਦ ਅਗਿਆਨੀ ਰਹਿ ਜਾਂਦੀ ਹੈ ਅਤੇ ਗਿਆਨ ਕੁਝ ਲੋਕਾਂ ਦੀ ਨਿੱਜੀ ਸੰਪੱਤੀ ਬਣ ਜਾਂਦਾ ਹੈ!

ਲੋਕਾਂ ਨੂੰ ਉਨ੍ਹਾਂ ਦਾ ਹੱਕ ਮਿਲੇ ਇਸ ਵਾਸਤੇ ਗਿਆਨ ਦੀ ਮਸ਼ਾਲ ਲੈ ਕੇ ਲੋਕਾਂ ਵਿੱਚ ਜਾਣਾ ਪਵੇਗਾ। ਰਾਹੁਲ ਸੰਕਰਾਤਾਇਯਨ, ਰਾਧਾਮੋਹਨ ਗੋਕੁਲਜੀ, ਗਣੇਸ਼ਸ਼ੰਕਰ ਵਿਦਿਆਰਥੀ ਵਰਗੇ ਬੁੱਧੀਜੀਵੀਆਂ ਦੀ ਵਿਰਾਸਤ ਨੂੰ ਅੱਗੇ ਵਧਾਉਣਾ ਹੋਵੇਗਾ ਜਿਨ੍ਹਾਂ ਨੇ ਆਪਣੇ ਗਿਆਨ ਦੀ ਵਰਤੋਂ ਦੌਲਤ-ਸ਼ੌਹਰਤ ਹਾਸਲ ਕਰਨ ਵਾਸਤੇ ਨਹੀਂ, ਸਗੋਂ ਗੁਲਾਮੀ, ਲੁੱਟ-ਦਾਬੇ ਅਤੇ ਜ਼ਬਰ ਤੋਂ ਛੁਟਕਾਰਾ ਦਵਾਉਣ ਲਈ ਲੋਕਾਂ ਨੂੰ ਜਗਾਉਣ ਅਤੇ ਸੰਘਰਸ਼ 'ਚ ਉਨ੍ਹਾਂ ਦਾ ਰਾਹ ਰੁਸ਼ਨਾਉਣ ਲਈ ਕੀਤਾ।

ਗਿਆਨ ਸਭ ਲੋਕਾਂ ਦਾ ਸਾਂਝਾ ਹੈ ਅਤੇ ਸਭ ਨੂੰ ਆਪਣੇ ਸਾਰੇ ਹੱਕ ਮਿਲਣ ਇਸ ਵਾਸਤੇ ਲੋਭ-ਲਾਲਚ ਅਤੇ ਮੁਨਾਫ਼ੇ 'ਤੇ ਟਿਕੇ ਸਮਾਜ ਦੇ ਢਾਂਚੇ ਨੂੰ ਬਦਲਕੇ ਇੱਕ ਅਜਿਹਾ ਸਮਾਜ ਬਣਾਉਣਾ ਹੋਵੇਗਾ ਜੋ ਲੁਟੇਰਿਆਂ ਅਤੇ ਲੁੱਟੇ ਜਾਣ ਵਾਲ਼ਿਆਂ ਵਿਚਕਾਰ ਨਾ ਵੰਡਿਆ ਹੋਵੇ, ਜਿਸ ਵਿੱਚ ਆਮ ਲੋਕਾਂ ਦੇ ਦੁੱਖਾਂ ਦੇ ਸਮੁੰਦਰਾਂ 'ਚ ਆਲੀਸ਼ਾਨਤਾ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ ਨਾ ਖੜੀਆਂ ਹੋਣ, ਜਿਸ ਵਿੱਚ ਬਰਾਬਰੀ, ਸਮੂਹਿਕਤਾ ਅਤੇ ਭਾਈਚਾਰਾ ਹੋਵੇ। ਪਰ ਅਜਿਹਾ ਸਮਾਜ ਕੇ.ਬੀ.ਸੀ. ਦੀ 'ਹਾਟਸੀਟ' 'ਤੇ ਬੈਠਕੇ ਬੇਲੋੜੇ ਸਵਾਲਾਂ ਦੇ ਜਵਾਬ ਦੇਣ ਨਾਲ਼ ਨਹੀਂ ਬਣੇਗਾ, ਸਗੋਂ ਇਸ ਲਈ ਸਾਨੂੰ ਸਮਾਜ ਵਿਚਲੇ ਅਸਲ ਸਵਾਲਾਂ ਦੇ ਅਸਲ ਜਵਾਬ ਭਾਲ਼ਣੇ ਪੈਣਗੇ।●



# ਪੋਲ-ਖੋਲ੍ਹ

(ਕਹਾਣੀ)

• ਮੈਕਸਿਮ ਗੋਰਕੀ

**ਪਿੰਡ** ਦੀ ਸੜ੍ਹਕ ’ਤੇ, ਚਿੱਟੀ ਕਲੀ ਨਾਲ਼ ਲਿੱਪੇ ਕੱਚੇ ਘਰਾਂ ਨੂੰ ਪਾਰ ਕਰਦੀ, ਉੱਚੀ-ਉੱਚੀ ਖਰੂਦ ਮਚਾਉਂਦੀ ਲੋਕਾਂ ਦੀ ਇੱਕ ਭੀੜ ਲੰਘੀ ਜਾ ਰਹੀ ਸੀ। ਜਲੂਸ, ਇੱਕ ਵੱਡੀ ਸਾਰੀ ਲਹਿਰ ਵਾਂਗੂੰ, ਹੌਲ਼ੀ ਰਫ਼ਤਾਰ ਨਾਲ਼ ਅੱਗੇ ਵਧ ਰਿਹਾ ਸੀ। ਅਤੇ ਉਸਦੇ ਅੱਗੇ-ਅੱਗੇ ਇੱਕ ਮਰੀਅਲ ਜਿਹਾ ਘੋੜਾ ਸਿਰ ਝੁਕਾ ਕੇ ਚੱਲ ਰਿਹਾ ਸੀ। ਜਿਵੇਂ ਹੀ ਉਹ ਆਪਣਾ ਪੈਰ ਚੁੱਕਦਾ ਤਾਂ ਉਸਦਾ ਸਿਰ ਕੁਝ ਇਸ ਢੰਗ ਨਾਲ਼ ਗੋਤਾ ਖਾਂਦਾ ਜਿਵੇਂ ਉਹ ਹੁਣੇ ਮੂਧੇ-ਮੂੰਹ ਡਿੱਗ ਪਵੇਗਾ ਅਤੇ ਉਸਦੀ ਬੂਥੀ ਸੜ੍ਹਕ ਦੀ ਧੂੜ ਚੱਟਦੀ ਨਜ਼ਰ ਆਵੇਗੀ। ਅਤੇ ਜਦੋਂ ਉਹ ਆਪਣੇ ਪਿਛਲੇ ਪੈਰ ਹਿਲਾਉਂਦਾ ਤਾਂ ਉਸਦਾ ਪਿੱਛਾ ਇੰਝ ਡਗਮਗਾਉਂਦਾ ਕਿ ਜਾਪਦਾ ਉਹ ਹੁਣੇ ਢੇਰੀ ਹੋ ਜਾਵੇਗਾ।

ਇੱਕ ਜਵਾਨ ਔਰਤ, ਜਿਸਨੇ ਆਪਣੇ ਵੀਹ ਸਾਲ ਅਜੇ ਮਸਾਂ ਹੀ ਪੂਰੇ ਕੀਤੇ ਹੋਣਗੇ, ਬਹੁਤ ਛੋਟੀ ਅਤੇ ਮਾਦਰਜ਼ਾਤ ਨੰਗੇ ਗੁੱਟ ਗੱਡੀ ਦੇ ਡੈਸ਼ਬੋਰਡ ਨਾਲ਼—ਕੋਚਵਾਨ ਦੇ ਸਾਹਮਣੇ ਤਖਤੇ ਨਾਲ਼—ਬੰਨ੍ਹੇ ਹੋਏ। ਉਹ ਇੱਕ ਪਾਸੇ ਹੋ ਕੇ ਚੱਲ ਰਹੀ ਸੀ, ਉਸਦੇ ਗੋਡੇ ਕੰਬ ਰਹੇ ਸਨ ਜਿਵੇਂ ਹੁਣੇ ਹੀ ਜਵਾਬ ਦੇ ਜਾਣਗੇ, ਕਾਲ਼ੇ ਅਤੇ ਖਿੰਡੇ-ਪੁੰਡੇ ਵਾਲ਼ਾਂ ਵਿੱਚ ਉਲਝਿਆ ਉਸਦਾ ਸਿਰ ਉੱਪਰ ਵੱਲ ਉੱਠਿਆ ਹੋਇਆ ਸੀ ਅਤੇ ਉਸਦੀਆਂ ਟੱਡੀਆਂ ਹੋਈਆਂ ਅੱਖਾਂ ਅਣਮਨੁੱਖੀ ਨਜ਼ਰ ਨਾਲ਼ ਖਲਾਅ ਵਿੱਚ ਝਾਕ ਰਹੀਆਂ ਸਨ। ਉਸਦਾ ਜਿਸਮ ਕਾਲ਼ੀਆਂ-ਨੀਲੀਆਂ ਧਾਰੀਆਂ ਅਤੇ ਨਿਸ਼ਾਨਾਂ ਨਾਲ਼ ਭਰਿਆ ਪਿਆ ਸੀ। ਕੁਆਰੀਆਂ ਜਿਹੀ ਦ੍ਰਿੜ ਉਸਦੀ ਖੱਬੀ ਛਾਤੀ ਵਿੱਚ ਡੂੰਘਾ ਜ਼ਖ਼ਮ ਸੀ ਅਤੇ ਉਸ ਵਿੱਚੋਂ ਲਹੂ ਦੀ ਧਾਰ ਵਹਿ ਰਹੀ ਸੀ। ਲਹੂ ਦੀ ਇੱਕ ਲਾਲ ਲਕੀਰ ਉਸਦੇ ਢਿੱਡ ਉੱਤੋਂ ਦੀ ਹੋ ਕੇ ਹੇਠਾਂ ਖੱਬੀ ਲੱਤ ਦੇ ਗੋਡੇ ਤੱਕ ਜਾ ਪਹੁੰਚੀ ਸੀ ਅਤੇ ਉਸਦੀਆਂ ਨਾਜ਼ੁਕ ਲੱਤਾਂ ਦੀਆਂ ਪਿੰਜਣੀਆਂ ’ਤੇ ਧੂੜ ਦੇ ਬੱਟਣ ਚੜ੍ਹੇ ਹੋਏ ਸਨ। ਇੰਜ ਲਗਦਾ ਸੀ ਜਿਵੇਂ ਔਰਤ ਦੇ ਸਰੀਰ ਤੋਂ ਚਮੜੀ ਦੀ ਇੱਕ ਲੰਮੀ ਪੱਟੀ ਲਾਹ ਲਈ ਗਈ ਹੋਵੇ। ਅਤੇ ਉਸਦੇ ਢਿੱਡ ਨੂੰ, ਇਸ ਵਿੱਚ ਕੋਈ ਸ਼ੱਕ ਨਹੀਂ, ਥਾਪੀ ਨਾਲ਼ ਕੁੱਟਿਆ ਗਿਆ ਸੀ ਜਾਂ ਬੂਟਦਾਰ ਅੱਡੀਆਂ ਨਾਲ਼ ਕੁਚਲਿਆ ਗਿਆ ਸੀ,— ਉਹ ਐਨੀ ਬੁਰੀ ਤਰ੍ਹਾਂ ਸੁੱਜਿਆ ਹੋਇਆ ਅਤੇ ਬਦਰੰਗ ਹੋਇਆ ਪਿਆ ਸੀ।

ਔਰਤ ਲਈ ਭੂਰੀ ਮਿੱਟੀ ਵਿੱਚ ਇੱਕ ਤੋਂ ਬਾਅਦ ਦੂਜਾ ਪੈਰ ਘਸੀਟਣਾ ਔਖਾ ਹੋ ਰਿਹਾ ਸੀ। ਉਸਦਾ ਪੂਰਾ ਸਰੀਰ ਆਕੜ ਰਿਹਾ ਸੀ ਅਤੇ ਇਹ ਦੇਖ ਕੇ ਹੈਰਾਨੀ ਹੋ ਰਹੀ ਸੀ ਕਿ ਉਸਦੀਆਂ ਲੱਤਾਂ, ਜਿਹੜੀਆਂ ਉਸਦੇ ਸਰੀਰ ਵਾਂਗ ਹੀ, ਸੱਟਾਂ ਦੇ ਨਿਸ਼ਾਨਾਂ ਨਾਲ਼ ਤੇ ਝਰੀਟਾਂ ਨਾਲ਼ ਭਰੀਆਂ ਹੋਈਆਂ ਸਨ, ਕਿਵੇਂ ਉਸਦਾ ਭਾਰ ਸੰਭਾਲ ਰਹੀਆਂ ਸਨ, ਕਿਵੇਂ ਉਸਨੇ ਆਪਣੇ ਆਪ ਨੂੰ ਡਿੱਗਣ ਤੋਂ ਅਤੇ ਕੂਹਣੀਆਂ ਭਾਰ ਰੀਂਘਣ ਤੋਂ ਰੋਕ ਰੱਖਿਆ ਸੀ।

ਲੰਮੇ ਕੱਦ ਦਾ ਇੱਕ ਪੇਂਡੂ ਆਦਮੀ ਗੱਡੀ ਵਿੱਚ ਖੜ੍ਹਾ ਸੀ। ਉਸਨੇ ਚਿੱਟੇ ਰੰਗ ਦਾ ਰੂਸੀ ਬਲਾਊਜ਼ ਅਤੇ ਕਾਲ਼ੇ ਰੰਗ ਦੀ ਅਸਤਰਾਖਾਨੀ ਟੋਪੀ ਪਾਈ ਹੋਈ ਸੀ, ਜਿਸਦੇ ਹੇਠੋਂ ਚਟਖ ਰੰਗ ਦੇ ਲਾਲ ਵਾਲ਼ਾਂ ਦਾ ਇੱਕ ਗੁੱਛਾ ਨਿਕਲ਼ ਕੇ ਉਸਦੇ ਮੱਥੇ ’ਤੇ ਝੂਲ ਰਿਹਾ ਸੀ। ਇੱਕ ਹੱਥ ਵਿੱਚ ਉਸਨੇ ਲਗਾਮ ਫੜੀ ਹੋਈ ਸੀ ਤੇ ਦੂਜੇ ਵਿੱਚ ਛਾਂਟਾ, ਜਿਸਨੂੰ ਉਹ ਬਕਾਇਦਾ ਪਹਿਲਾਂ ਘੋੜੇ ਦੇ ਅਤੇ ਫਿਰ ਛੋਟੇ ਕੱਦ ਦੀ ਉਸ ਔਰਤ ਦੇ ਜਿਸਮ ’ਤੇ ਵਰ੍ਹਾ ਰਿਹਾ ਸੀ, ਜਿਹੜੀ ਪਹਿਲਾਂ ਹੀ ਐਨੀ ਕੁੱਟ ਖਾ ਚੁੱਕੀ ਸੀ ਕਿ ਪਛਾਣੀ ਨਹੀਂ ਸੀ ਜਾਂਦੀ। ਆਦਮੀ ਦੀਆਂ ਅੱਖਾਂ ਲਾਲ ਅੰਗਾਰੇ ਵਾਂਗ ਮੱਚ ਰਹੀਆਂ ਸਨ, ਬਦਲੇ ਦੀ ਜੇਤੂ ਭਾਵਨਾ ਉਹਨਾਂ ਵਿੱਚ ਚਮਕ ਰਹੀ ਸੀ ਅਤੇ ਉਸਦੇ ਵਾਲ਼ ਉਹਨਾਂ ਵਿੱਚ ਹਰਾ ਪਰਛਾਵਾਂ ਸੁੱਟ ਰਹੇ ਸਨ। ਉਸਦੇ ਬਲਾਊਜ਼ ਦੇ ਕਫ਼ ਉੱਪਰ ਤੱਕ ਚੜ੍ਹੇ ਹੋਏ ਸਨ ਅਤੇ ਉਸਦੀਆਂ ਵਾਲ਼ਾਂ ਨਾਲ਼ ਭਰੀਆਂ ਹੱਟੀਆਂ ਕੱਟੀਆਂ ਲਾਲ ਬਾਹਾਂ ਸਾਫ਼ ਨਜ਼ਰ ਆ ਰਹੀਆਂ ਸਨ। ਉਸਦਾ ਮੂੰਹ ਖੁੱਲਾ ਸੀ ਜਿਸ ਵਿੱਚੋਂ ਸਫੈਦ ਟੇਢੇ ਦੰਦਾਂ ਦੀਆਂ ਦੋ ਕਤਾਰਾਂ ਚਮਕ ਰਹੀਆਂ ਸਨ ਅਤੇ ਵਾਰ-ਵਾਰ ਬੈਠੀ ਹੋਈ ਆਵਾਜ਼ ਵਿੱਚ, ਉਹ ਚੀਖ ਉੱਠਦਾ ਸੀ—

“ਲੈ, ਆਹ ਲੈ, ਕੁੱਤੀਏ! ਹਾ-ਹਾ-ਹਾ! ਹੋਰ ਲੈ, ਆਹ ਲੈ ਹੋਰ!”

ਔਰਤ ਅਤੇ ਗੱਡੀ ਪਿੱਛੇ ਲੋਕਾਂ ਦੀ ਭੀੜ ਚੱਲ ਰਹੀ ਸੀ — ਚੀਕਾਂ ਮਾਰਦੀ, ਖਰੂਦ ਮਚਾਉਂਦੀ, ਹੱਸਦੀ, ਟਿੱਚਰਾਂ ਕਰਦੀ, ਸੀਟੀਆਂ ਵਜਾਉਂਦੀ, ਭੜਕਾਉਂਦੀ-ਉਕਸਾਉਂਦੀ, ਖਿੱਲੀਆਂ ਉਡਾਉਂਦੀ। ਬੱਚੇ ਇੱਧਰ ਉੱਧਰ ਛਾਲਾਂ ਮਾਰਦੇ ਫਿਰਦੇ ਸਨ। ਕਦੇ ਕਦੇ ਉਹਨਾਂ ਵਿੱਚੋਂ ਕੋਈ ਇੱਕ ਜਣਾ ਭੱਜ ਕੇ ਅਗਾਂਹ ਨਿਕਲ਼ ਜਾਂਦਾ ਅਤੇ ਔਰਤ ਦੇ ਮੂੰਹ ’ਤੇ ਗੰਦੇ ਸ਼ਬਦਾਂ ਦਾ ਮੀਂਹ ਵਰ੍ਹਾ ਦਿੰਦਾ। ਉਦੋਂ ਭੀੜ ਠਾਹਕਾ ਮਾਰ ਕੇ ਹੱਸ ਪੈਂਦੀ ਅਤੇ ਉਸਦੇ ਹਾਸੇ ਦੀ ਆਵਾਜ਼ ਵਿੱਚ ਛਾਂਟੇ ਦੇ ਹਵਾ ਵਿੱਚ ਸਰਸਰਾਉਣ ਦੀ ਪਤਲੀ ਜਿਹੀ ਆਵਾਜ਼ ਗੁਆਚ ਕੇ ਰਹਿ ਜਾਂਦੀ। ਭੀੜ ਵਿੱਚ ਔਰਤਾਂ ਦੇ ਚਿਹਰੇ ਆਸਾਧਾਰਣ ਉਤਸ਼ਾਹ ਨਾਲ਼ ਲਹਿਰਾ ਰਹੇ ਸਨ ਅਤੇ ਉਹਨਾਂ ਦੀਆਂ ਅੱਖਾਂ ਖੁਸ਼ੀ ਨਾਲ਼ ਚਮਕ ਰਹੀਆਂ ਸਨ। ਮਰਦ ਗੱਡੀ ਵਿੱਚ ਖੜ੍ਹੇ ਪੇਂਡੂ ਨੂੰ ਆਪਣੇ ਨਿਸ਼ਾਨੇ ’ਤੇ ਬੇਸ਼ਰਮੀ ਨਾਲ਼ ਵਾਰ ਕਰਨ ਲਈ ਉਂਗਲਾਂ ਲਾ ਰਹੇ ਸਨ ਅਤੇ ਉਹ ਭੱਠੇ ਵਰਗਾ ਮੂੰਹ ਖੋਲ੍ਹੀ, ਉਹਨਾਂ ਵੱਲ ਮੁੜ-ਮੁੜ ਕੇ ਦੇਖਦਾ ਹੋਇਆ ਹੱਸ ਰਿਹਾ ਸੀ। ਅਚਾਨਕ ਛਾਂਟਾ ਸਰਸਰਾ ਕੇ ਔਰਤ ਦੇ ਸਰੀਰ ਨਾਲ਼ ਟਕਰਾਇਆ। ਲੰਮਾ ਤੇ ਪਤਲਾ ਉਹ ਛਾਂਟਾ ਉਸਦੇ ਮੋਢਿਆਂ ਉੱਤੋਂ ਗੇੜਾ ਕੱਢਦਾ ਅਤੇ ਬਾਹਾਂ ਹੇਠਾਂ ਉਸਦੀ ਚਮੜੀ ਵਿੱਚ ਧਸ ਜਾਂਦਾ। ਫਿਰ ਪੇਂਡੂ ਅਚਾਨਕ ਉਸਨੂੰ ਇੱਕ ਝਟਕਾ ਮਾਰਦਾ ਅਤੇ ਔਰਤ ਇੱਕ ਉੱਚੀ ਚੀਕ ਮਾਰਕੇ, ਪਿੱਠ ਦੇ ਭਾਰ ਧਰਤੀ ’ਤੇ ਡਿੱਗ ਪੈਂਦੀ।

ਭੀੜ ਦੇ ਲੋਕ ਛਾਲਾਂ ਮਾਰ ਕੇ ਅੱਗੇ ਵਧਦੇ, ਝੁਕ ਕੇ ਉਸਦੇ ਆਲ਼ੇ-ਦੁਆਲ਼ੇ ਇੱਕ ਕੰਧ ਜਿਹੀ ਉਸਾਰ ਦਿੰਦੇ ਅਤੇ ਉਹ ਨਜ਼ਰਾਂ ਤੋਂ ਓਹਲੇ ਹੋ ਜਾਂਦੀ।

ਘੋੜਾ ਠਿਠਕ ਕੇ ਖੜਾ ਹੋ ਗਿਆ, ਪਰ ਇੱਕ ਪਲ ਬਾਅਦ ਹੀ ਉਹ ਫਿਰ ਡਗਮਗਾਉਂਦਾ ਜਿਹਾ ਤੁਰਦਾ ਅਤੇ ਦਾਗ਼ੀ ਔਰਤ ਉਸਦੇ ਪਿੱਛੇ-ਪਿੱਛੇ ਘਿਸੜਨ ਲੱਗ ਪੈਂਦੀ। ਘੋੜਾ ਵਾਰ-ਵਾਰ ਆਪਣਾ ਸਿਰ ਇਸ ਢੰਗ ਨਾਲ਼ ਹਿਲਾਉਂਦਾ ਜਿਵੇਂ ਕਹਿ ਰਿਹਾ ਹੋਵੇ—

"ਕਿੰਨੀ ਮਾੜੀ ਬੀਤਦੀ ਹੈ ਉਸ ਘੋੜੇ ਨਾਲ਼, ਜਿਸਨੂੰ ਲੋਕ ਆਪਣੀ ਮਰਜ਼ੀ ਦੇ ਕਿਸੇ ਵੀ ਘਿਨਾਉਣੇ ਕੰਮ ਵਿੱਚ ਜੋਤ ਲੈਂਦੇ ਹਨ।"


ਅਤੇ ਆਸਮਾਨ—ਦੱਖਣੀ ਆਸਮਾਨ— ਬਿਲਕੁਲ ਸਾਫ਼ ਸੁਥਰਾ ਸੀ। ਬੱਦਲ਼ਾਂ ਦਾ ਕਿਤੇ ਵੀ ਕੋਈ ਨਿਸ਼ਾਨ ਨਜ਼ਰ ਨਹੀਂ ਆ ਰਿਹਾ ਸੀ ਅਤੇ ਸੂਰਜ ਦਿਲ ਖੋਲ੍ਹ ਕੇ ਧਰਤੀ 'ਤੇ ਆਪਣੀਆਂ ਨਿੱਘੀਆਂ ਕਿਰਨਾਂ ਦਾ ਬਰਸਾ ਰਿਹਾ ਸੀ।

ਬਦਲੇ ਭਰੇ ਇਨਸਾਫ਼ ਦਾ ਇਹ ਚਿੱਤਰ, ਜਿਹੜਾ ਮੈਂ ਇੱਥੇ ਖਿੱਚਿਆ ਹੈ, ਮੇਰੀ ਕਲਪਨਾ ਦੀ ਦੇਣ ਨਹੀਂ ਹੈ। ਨਹੀਂ, ਮਾੜੀ ਕਿਸਮਤ ਨੂੰ ਇਹ ਕੋਈ ਮਨਘੜ੍ਹਤ ਚੀਜ਼ ਨਹੀਂ ਹੈ। ਇਸਨੂੰ 'ਪੋਲ-ਖੋਲ੍ਹ' ਕਿਹਾ ਜਾਂਦਾ ਹੈ ਅਤੇ ਇਸ ਤਰ੍ਹਾਂ ਪਤੀ ਵਿਸ਼ਵਾਸਘਾਤ ਕਰਨ ਵਾਲ਼ੀਆਂ ਆਪਣੀਆਂ ਬਦਚਲਣ ਔਰਤਾਂ ਨੂੰ ਸਜ਼ਾ ਦਿੰਦੇ ਹਨ। ਇਹ ਜੀਵਨ ਤੋਂ ਲਿਆ ਗਿਆ ਚਿੱਤਰ ਹੈ। ਇਹ ਉਹਨਾਂ ਰਸਮਾਂ ਵਿੱਚੋਂ ਇੱਕ ਹੈ ਜਿਹੜੀਆਂ ਸਾਡੇ ਇੱਥੇ ਪ੍ਰਚੱਲਿਤ ਹਨ ਅਤੇ ਇਸਨੂੰ 15 ਜੁਲਾਈ 1891 ਨੂੰ ਨਿਕੋਲਾਯੇਵਸਕੀ ਵਿਲਾ ਵਿੱਚ ਖੇਰਸੋਨ ਗੁਬੇਰਨਿਆ ਦੇ ਕਾਂਦੀਬੋਵਕਾ ਪਿੰਡ ਵਿੱਚ ਮੈਂ ਖੁਦ ਆਪਣੀ ਅੱਖੀਂ ਵੇਖਿਆ ਸੀ।

ਵੋਲਕਾ ਸੂਬੇ ਵਿੱਚ, ਜਿੱਥੋਂ ਦਾ ਮੈਂ ਰਹਿਣ ਵਾਲਾ ਹਾਂ, ਇਹ ਮੈਂ ਸੁਣਿਆ ਸੀ ਕਿ ਆਪਣੇ ਪਤੀਆਂ ਨਾਲ਼ ਵਿਸ਼ਵਾਸਘਾਤ ਕਰਨ ਵਾਲ਼ੀਆਂ ਪਤਨੀਆਂ ਨੂੰ ਕੋਲਤਾਰ ਨਾਲ਼ ਗੜੁੱਚ ਕਰ ਦਿੱਤਾ ਜਾਂਦਾ ਸੀ ਅਤੇ ਉੱਤੋਂ ਖੰਭ ਚਿਪਕਾ ਦਿੱਤੇ ਜਾਂਦੇ ਸਨ। ਇਹ ਵੀ ਮੈਂ ਜਾਣਦਾ ਸੀ ਕਿ ਕੁਝ ਜ਼ਿਆਦਾ ਸੂਝ-ਬੂਝ ਵਾਲ਼ੇ ਪਤੀ ਅਤੇ ਸਹੁਰੇ ਹੋਰ ਵੀ ਦੋ ਕਦਮ ਅੱਗੇ ਵਧਕੇ ਵਿਸ਼ਵਾਸਘਾਤ ਕਰਨ ਵਾਲ਼ੀਆਂ ਆਪਣੀਆਂ ਪਤਨੀਆਂ ਨੂੰ ਗਰਮੀਆਂ ਦੇ ਦਿਨਾਂ ਵਿੱਚ ਸ਼ੀਰੇ ਵਿੱਚ ਡੁਬੋ ਕੇ ਦਰਖ਼ਤਾਂ ਨਾਲ਼ ਬੰਨ ਦਿੰਦੇ ਸਨ ਅਤੇ ਕੀੜੇ-ਮਕੌੜੇ ਦੰਦ ਮਾਰ-ਮਾਰ ਕੇ ਉਹਨਾਂ ਦੇ ਜਿਸਮ ਵਿੱਚ ਜ਼ਖ਼ਮ ਕਰ ਦਿੰਦੇ ਸਨ। ਕਦੇ-ਕਦੇ ਅਜਿਹੀਆਂ ਔਰਤਾਂ ਦੇ ਹੱਥ-ਪੈਰ ਬੰਨ੍ਹ ਕੇ ਉਹਨਾਂ ਨੂੰ ਕੀੜੀਆਂ ਤੇ ਸਿਉਂਕਾਂ ਦੇ ਭੌਣ ਉੱਤੇ ਸੁੱਟ ਦਿੱਤਾ ਜਾਂਦਾ ਸੀ।

ਇਹ ਸਭ ਮੈਂ ਸੁਣਿਆ ਹੀ ਸੀ। ਹੁਣ ਇਸਨੂੰ ਖੁਦ ਆਪਣੀਆਂ ਅੱਖਾਂ ਨਾਲ਼ ਦੇਖਕੇ ਸਾਬਿਤ ਹੋ ਗਿਆ ਕਿ ਜਾਹਿਲ ਅਤੇ ਬੇਦਿਲੇ ਲੋਕਾਂ ਵਿੱਚ—ਉਹਨਾਂ ਲੋਕਾਂ ਵਿਚਕਾਰ, ਜਿਹਨਾਂ ਨੂੰ 'ਕੁੱਤਾ ਕੁੱਤੇ ਨੂੰ ਖਾਏ' ਵਾਲ਼ੀ ਜੀਵਨ ਪ੍ਰਣਾਲੀ ਨੇ ਲਾਲਚ ਅਤੇ ਈਰਖਾ ਨਾਲ਼ ਦਹਿਕਦੇ ਜੰਗਲ਼ੀ ਜਾਨਵਰਾਂ ਵਿੱਚ ਬਦਲ ਦਿੱਤਾ ਸੀ— ਅਜਿਹੀਆਂ ਗੱਲਾਂ ਦਾ ਹੋਣਾ ਸਚਮੁੱਚ ਮੁਮਕਿਨ ਹੈ! (1895)

**ਅਨੁਵਾਦ : ਸਵਜੀਤ**



# 'ਲਲਕਾਰ' ਇੱਥੋਂ ਪ੍ਰਾਪਤ ਕਰੋ ਜੀ

**ਚੰਡੀਗੜ੍ਹ**

• ਪੰਜਾਬ ਬੁੱਕ ਸੈਂਟਰ, 1126-27, ਸੈਕਟਰ 22 ਬੀ। • ਲਾਇਲ ਬੁੱਕ ਡਿਪੂ, ਸੈਕਟਰ 14, ਪੰਜਾਬ ਯੂਨੀਵਰਸਿਟੀ ਮਾਰਕਿਟ। • ਸੁਰਿੰਦਰਾ ਸਟੇਸਨਰਜ਼, ਦੁ. ਨੰ. 35, ਸੈਕਟਰ 14, ਪੰਜਾਬ ਯੂਨੀਵਰਸਿਟੀ ਮਾਰਕਿਟ। • ਸਟੈਂਡਰਡ ਬੁੱਕ ਡਿਪੂ, ਦੁ. ਨੰ. 78, ਸੈਕਟਰ 15ਡੀ। • ਏਲਾਈਡ ਬੁੱਕ ਸੈਂਟਰ, ਦੁ. ਨੰ.-50, ਸੈਕਟਰ 15ਡੀ।

**ਮੋਹਾਲੀ**

• ਬਾਂਸਲ ਬੁੱਕ ਸ਼ਾਪ, ਫੇਜ਼-3ਬੀ2, ਮਾਰਕਿਟ। • ਕਲਾਸਿਕ ਬੁੱਕ ਸ਼ਾਪ, ਫੇਜ਼-3ਬੀ2, ਮਾਰਕਿਟ।

**ਪਟਿਆਲਾ**

• ਮਦਾਨ ਬੁੱਕ ਡਿਪੂ, ਪੰਜਾਬੀ ਯੂਨੀਵਰਸਿਟੀ। • ਜੇ. ਕੇ. ਨਿਊਜ਼ ਏਜੰਸੀ, ਬੱਸ ਅੱਡੇ ਦੇ ਪਿੱਛੇ। • ਬੱਸ ਅੱਡੇ ਵਿੱਚ ਲੁਧਿਆਣਾ ਕਾਊਂਟਰ ਦੇ ਸਾਹਮਣੇ।

**ਲੁਧਿਆਣਾ**

• ਮਹਿੰਦਰਾ ਨਿਊਜ ਏਜੰਸੀ, ਘੰਟਾ ਘਰ। • ਬੁੱਕ ਸਟਾਲ, ਬੱਸ ਅੱਡਾ। • ਅਜ਼ਾਦ ਨਿਊਜ਼ ਏਜੰਸੀ, ਭਾਰਤ ਨਗਰ ਚੌਂਕ। • ਬੁੱਕ ਸਟਾਲ, ਸਮਰਾਲਾ ਚੌਂਕ।

**ਮਾਨਸਾ**

• ਪੰਜਾਬ ਨਿਊਜ ਏਜੰਸੀ, ਨੇੜੇ ਬਸ ਸਟੈਂਡ, ਮਾਨਸਾ।

**ਅੰਮ੍ਰਿਤਸਰ**

• ਸੋਰਭ ਨਿਊਜ ਏਜੰਸੀ, ਦੁਕਾਨ ਨੰ.-05, ਹਾਲ ਗੇਟ ਦੇ ਬਾਹਰ, ਅੰਮ੍ਰਿਤਸਰ।

**ਮਾਲੇਰਕੋਟਲਾ**

• ਨਰਿੰਦਰ ਬੁੱਕ ਸਟਾਲ, ਬੱਸ ਅੱਡਾ, ਮਾਲੇਰਕੋਟਲਾ।

**ਨਵਾਂ ਸ਼ਹਿਰ**

• ਰਮਨ ਬੁੱਕ ਹਾਊਸ, ਨੇੜੇ ਕਮੇਟੀ ਹਾਊਸ।

# ਸ਼ਹੀਦ ਭਗਤ ਸਿੰਘ ਨੂੰ ਸਮਰਪਿਤ 7ਵਾਂ 'ਬਾਲ ਮੇਲਾ' ਕਰਵਾਇਆ ਗਿਆ

**ਨੌਜਵਾਨ ਭਾਰਤ ਸਭਾ** ਦੀ ਇਕਾਈ ਪੱਖੋਵਾਲ ਵੱਲੋਂ ਹਰ ਸਾਲ ਦੀ ਤਰ੍ਹਾਂ ਸ਼ਹੀਦ ਭਗਤ ਸਿੰਘ ਦੇ 105ਵੇਂ ਜਨਮ ਦਿਹਾੜੇ ਨੂੰ ਸਮਰਪਿਤ 7ਵੇਂ ਬਾਲ ਮੇਲੇ ਦਾ ਆਯੋਜਨ 19 ਤੇ 20 ਅਕਤੂਬਰ 2012 ਨੂੰ ਕੀਤਾ ਗਿਆ। ਅੱਜ ਦੇ ਸਮੇਂ 'ਚ ਚੱਲ ਰਹੀ ਗੰਦਲੇ ਸੱਭਿਆਚਾਰ ਦੀ ਹਨੇਰੀ ਤੋਂ ਬੱਚਿਆਂ ਨੂੰ ਬਚਾਉਣ ਦਾ ਇਹ ਉਪਰਾਲਾ ਨੌਭਾਸ ਪਿਛਲੇ 7 ਸਾਲਾਂ ਤੋਂ ਕਰ ਰਹੀ ਹੈ। ਬਾਲ ਮੇਲੇ ਵਿੱਚ ਸਕੂਲੀ ਬੱਚਿਆਂ ਦੇ ਭਾਸ਼ਣ ਮੁਕਾਬਲੇ, ਲੇਖ ਮੁਕਾਬਲੇ, ਚਿੱਤਰਕਲਾ ਮੁਕਾਬਲੇ ਅਤੇ ਕਵਿਤਾ ਉਚਾਰਣ ਮੁਕਾਬਲਿਆਂ ਰਾਹੀਂ ਉਨ੍ਹਾਂ ਨੂੰ ਸਾਡੀ ਇਨਕਲਾਬੀ ਵਿਰਾਸਤ, ਮਨੁੱਖਤਾ ਲਈ ਜੂਝਣ ਵਾਲ਼ੇ ਲੋਕਾਂ ਨਾਲ਼ ਜਾਣੂ ਕਰਵਾਉਣ ਅਤੇ ਬੱਚਿਆਂ ਦੀਆਂ ਸਿਰਜਣਾਤਮਕ ਸਰਗਰਮੀਆਂ ਨੂੰ ਪ੍ਰਫੁੱਲਤ ਕਰਨ ਦਾ ਉੱਦਮ ਕੀਤਾ ਜੰਦਾ ਹੈ। ਇਸ ਸਾਲ ਬੱਚਿਆਂ ਦੀ ਸ਼ਮੂਲੀਅਤ ਪਿਛਲੇ ਸਾਲਾਂ ਤੋਂ ਵੀ ਵੱਧ ਰਹੀ, 100 ਤੋਂ ਵਧੇਰੇ ਸਕੂਲਾਂ ਦੇ 400 ਤੋਂ ਉੱਪਰ ਵਿਦਿਆਰਥੀਆਂ ਨੇ ਇਸ ਵਾਰ ਬਾਲ ਮੇਲੇ 'ਚ ਹਿੱਸਾ ਲਿਆ। ਬਾਲ ਮੇਲੇ ਦੇ ਪਹਿਲੇ ਦਿਨ ਵਿਦਿਆਰਥੀਆਂ ਦੇ ਭਾਸ਼ਣ ਅਤੇ ਲੇਖ ਲਿਖਣ ਦੇ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਨੇ ਪੂਰੇ ਜੋਸ਼ ਤੇ ਆਪਣੀ ਪੂਰੀ ਸਿਰਜਣਾਤਮਕਤਾ ਤੇ ਮਸੂਮੀਅਤ ਨਾਲ਼ ਮੁਕਾਬਲਿਆਂ 'ਚ ਹਿੱਸਾ ਲਿਆ। ਮੁਕਾਬਲਿਆਂ ਦੇ ਵਿਸ਼ਿਆਂ ਵਿੱਚ ਬੱਚਿਆਂ ਦੇ ਪੱਧਰ ਨੂੰ ਵੇਖਦੇ ਹੋਏ ਸਾਡੇ ਇਨਕਲਾਬੀਆਂ ਦਾ ਜੀਵਨ ਤੇ ਵਿਚਾਰਧਾਰਾ, ਆਲੇ-ਦੁਆਲੇ ਦੀਆਂ ਸਮੱਸਿਆਵਾਂ, ਸਾਡੇ ਸਮਾਜਿਕ ਸਰੋਕਾਰ ਅਤੇ ਬੱਚਿਆਂ ਦੀ ਖਿੱਚ ਵਾਲੇ ਵਿਸ਼ੇ ਜਿਵੇਂ ਮੇਰੀ ਮਨਪਸੰਦ ਕਿਤਾਬ ਆਦਿ ਸ਼ਾਮਲ ਕੀਤਾ ਗਏ।

ਪਹਿਲੇ ਦਿਨ ਦਾ ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਨੌਭਾਸ ਦੇ ਇਕਾਈ ਕਨਵੀਨਰ ਨੇ ਬਾਲ ਮੇਲੇ ਜ਼ਰੀਏ ਨੌਭਾਸ ਦੇ ਮਕਸਦ ਬਾਰੇ ਦੱਸਿਆ ਅਤੇ ਮੇਲੇ ਵਿੱਚ ਪਹੁੰਚੇ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਮੁਕਾਬਲਿਆਂ ਤੋਂ ਬਾਅਦ ਭਾਸ਼ਣ ਮੁਕਾਬਲੇ ਦੇ ਜੱਜ ਅਤੇ ਨੌਭਾਸ ਦੇ ਸੂਬਾ ਕਨਵੀਨਰ ਅਜੇਪਾਲ ਨੇ ਸੰਬੋਧਨ ਕਰਦਿਆਂ ਭਾਸ਼ਣ ਸਬੰਧੀ ਕੁਝ ਸੁਝਾਅ ਅਤੇ ਟਿੱਪਣੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਬੱਚਿਆਂ ਵੱਲੋਂ ਇਸਤੇਮਾਲ ਕੀਤੇ ਜਾਂਦੇ ਬਹੁਤੇ ਸ਼ਬਦ ਉਨ੍ਹਾਂ ਦੀ ਆਪਣੀ ਸਮਝ ਤੋਂ ਉਪਰੇ ਸਨ ਅਤੇ ਅਧਿਆਪਕ ਦੇ ਕਹਿਣ 'ਤੇ ਉਨ੍ਹਾਂ ਬੱਚਿਆਂ ਨੇ ਭਾਸ਼ਣ ਸਿਰਫ਼ ਰੱਟ ਲਿਆ, ਪਰ ਅਸਲ ਹੋਣਾ ਇਹ ਚਾਹੀਦਾ ਹੈ ਕਿ ਬੱਚੇ ਭਾਸ਼ਣ ਦੇ ਵਿਸ਼ਿਆਂ ਨੂੰ ਆਪ ਤਿਆਰ ਕਰਨ ਅਤੇ ਉਹਦੇ ਮਕਸਦ ਨੂੰ ਸਮਝਣ। ਪਹਿਲੇ ਦਿਨ ਦੇ ਸਾਰੇ ਪ੍ਰਤੀਯੋਗੀਆਂ ਨੂੰ ਨਾਲ਼ ਦੀ ਨਾਲ਼ ਕਿਤਾਬਾਂ ਵੀ ਦਿੱਤੀਆਂ ਗਈਆਂ। ਤਾਂ ਕਿ ਉਨ੍ਹਾਂ ਅੰਦਰ ਪੜ੍ਹਣ ਦੀ ਰੁਚੀ, ਜੋ ਲਗਾਤਾਰ ਖ਼ਤਮ ਹੁੰਦੀ ਜਾ ਰਹੀ ਹੈ, ਪੈਦਾ ਕੀਤਾ ਜਾ ਸਕੇ। ਪਹਿਲੇ ਦਿਨ ਦੇ ਅਖੀਰ ਭਾਸ਼ਣ ਮੁਕਾਬਲੇ ਦੇ ਨਤੀਜੇ ਜੱਜ ਗੁਰਪ੍ਰੀਤ ਸਿੰਘ ਵੱਲੋਂ ਘੋਸ਼ਿਤ ਕੀਤੇ ਗਏ।

ਦੂਜਾ ਦਿਨ ਕਵਿਤਾ ਉਚਾਰਣ ਮੁਕਾਬਲਾ ਅਤੇ ਚਿੱਤਰਕਲਾ ਮੁਕਾਬਲੇ ਨਾਲ਼ ਸ਼ੁਰੂ ਹੋਇਆ। ਕਵਿਤਾ ਉਚਾਰਣ ਮੁਕਾਬਲੇ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਹਿੱਸਾ ਲਿਆ। ਸਟੇਜ ਉੱਤੇ ਕਵਿਤਾ ਉਚਾਰਣ ਮੁਕਾਬਲਿਆਂ ਵਿੱਚ ਵਿਦਿਆਰਥੀ ਪੂਰੀ ਤਿਆਰੀ ਸਮੇਤ ਇੱਕ ਤੋਂ ਵੱਧ ਇੱਕ ਵੇਖਣ 'ਚ ਆਏ। ਚਿੱਤਰਕਲਾ ਮੁਕਾਬਲੇ ਉਸੇ ਵੇਲੇ ਸਰਕਾਰੀ ਕੰਨਿਆ ਹਾਈ ਸਕੂਲ ਵਿਖੇ ਹੋਏ। ਮੁਕਾਬਲਿਆਂ ਦੌਰਾਨ ਬੱਚਿਆਂ ਦੀ ਮਸੂਮੀਅਤ ਅਤੇ ਉਨ੍ਹਾਂ ਦੇ ਬੋਲਾਂ ਨੇ ਸ੍ਰੋਤਿਆਂ ਨੂੰ ਬੈਠਣ ਲਈ ਮਜ਼ਬੂਰ ਕਰੀ ਰੱਖਿਆ। ਤਕਰੀਬਨ 500 ਸ੍ਰੋਤੇ ਸਾਰੇ ਮੁਕਾਬਲਿਆਂ ਨੂੰ ਵੇਖ ਰਹੇ ਸਨ। ਕਵਿਤਾ ਉਚਾਰਣ ਮੁਕਾਬਲੇ ਤੋਂ ਮਗਰੋਂ ਸ਼ਾਮੀਂ ਸਾਰੇ ਮੁਕਾਬਲਿਆਂ ਦੇ ਨਤੀਜੇ ਘੋਸ਼ਿਤ ਕੀਤੇ ਗਏ। ਅਤੇ ਸਾਰੇ ਜੇਤੂਆਂ ਅਤੇ ਪ੍ਰਤੀਯੋਗੀਆਂ ਨੂੰ ਕਿਤਾਬਾਂ ਅਗਾਂਹਵਧੂ ਕਵਿਤਾਵਾਂ ਅਤੇ ਸ਼ਹੀਦਾਂ ਦੇ ਪੋਰਟਰੇਟ ਦੇ ਕੇ ਸਨਮਾਨਿਤ ਕੀਤਾ ਗਿਆ। ਅਖੀਰ ਵਿੱਚ ਕਵਿਤਾ ਮੁਕਾਬਲਿਆਂ ਦੇ ਜੱਜ ਡਾ. ਅੰਮ੍ਰਿਤਪਾਲ ਨੇ ਸੁਝਾਅ ਅਤੇ ਟਿੱਪਣੀਆਂ ਦਿੰਦੇ ਹੋਏ ਕਿਹਾ ਕਿ ਅਧਿਆਪਕ ਬੱਚਿਆਂ ਦੀ ਤਿਆਰੀ ਕਰਵਾਉਣ ਵੇਲੇ ਖਿਆਲ ਰੱਖਣ ਕਿ ਬੱਚਿਆਂ ਦੀ ਮੌਲਿਕਤਾ ਨਾ ਕਿੱਧਰੇ ਰੁਲ ਜਾਵੇ ਤੇ ਉਮਰ ਦੇ ਪੱਧਰ ਦੇ ਹਿਸਾਬ ਨਾਲ਼ ਉਨ੍ਹਾਂ ਦੀ ਤਿਆਰੀ ਕਰਵਾਉਣ। ਉਨ੍ਹਾਂ ਕਿਹਾ ਕਿ ਕਵਿਤਾ ਕੋਈ ਨਾਅਰਾ ਨਹੀਂ ਹੁੰਦਾ। ਕਵਿਤਾ ਤਾਂ ਵਿਚਾਰਾਂ ਨੂੰ ਪ੍ਰਗਟ ਕਰਨ ਦਾ ਬਹੁਤ ਹੀ ਸੂਖਮ ਤੇ ਸੰਵੇਦਨਸ਼ੀਲ ਰੂਪ ਹੈ। ਅਤੇ ਕਿਹਾ ਕਿ ਬਾਲ ਮੇਲੇ ਨੂੰ ਸਿਰਫ਼ ਏਥੋਂ ਤੱਕ ਹੀ ਸੀਮਤ ਨਾ ਕਰ ਦਿੱਤਾ ਜਾਵੇ ਸਗੋਂ ਸਮਾਜ ਬਦਲਣ ਦੀ ਇੱਕ ਸੱਭਿਆਚਾਰਕ ਮੁਹਿੰਮ ਦਾ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ। ਦੂਸਰੇ ਜੱਜ ਮੈਡਮ ਜਸਲੀਨ ਬੱਚਿਆਂ ਦੇ ਤੱਤ ਅਨੁਸਾਰ ਰੂਪ ਦੇ ਹੋਣ ਦੀ ਗੱਲ ਕਰਦੇ ਕਿਹਾ ਕਿ ਬੱਚਿਆਂ ਵਿੱਚ ਕਵਿਤਾ ਬੋਲਣ ਵਿੱਚ ਕੋਈ ਨਕਲੀਪੁਣਾ ਨਹੀਂ ਹੋਣਾ ਚਾਹੀਦਾ — ਸੁਭਾਵਿਕ ਤਰੀਕਾ ਚੰਗਾ ਹੁੰਦਾ ਹੈ। ਅਖੀਰ ਨੌਭਾਸ ਦੇ ਇਕਾਈ ਕਨਵੀਨਰ ਛਿੰਦਰਪਾਲ ਨੇ ਸਾਰੇ ਪ੍ਰਬੰਧਕਾਂ, ਸਹਿਯੋਗੀਆਂ, ਪਿੰਡ ਵਾਸੀਆਂ ਅਤੇ ਹਿੱਸਾ ਲੈਣ ਵਾਲ਼ੇ ਸਕੂਲਾਂ ਦਾ ਧੰਨਵਾਦ ਕੀਤਾ ਅਤੇ ਬੱਚਿਆਂ ਦੀ ਗਿਣਤੀ ਨੂੰ ਦੇਖਦੇ ਹੋਏ ਅਗਲੇ ਸਾਲ ਤੋਂ ਬਾਲ ਮੇਲਾ ਤਿੰਨ ਦਿਨਾਂ ਦਾ ਕਰਨ ਅਤੇ ਕੁਝ ਨਵੇਂ ਮੁਕਾਬਲੇ ਜੋੜਨ ਦਾ ਵਾਅਦਾ ਕੀਤਾ।

•••

# ਰਿਹਾਇਸ਼ੀ ਸਹੂਲਤਾਂ ਤੋਂ ਸੱਖਣੇ ਲੋਕ ਸ਼ੰਘਰਸ ਦੇ ਰਾਹ

**ਲੰਘੀ** 15 ਅਕਤੂਬਰ ਨੂੰ ਕਾਰਖਾਨਾ ਮਜ਼ਦੂਰ ਯੂਨੀਅਨ ਦੀ ਅਗਵਾਈ ਹੇਠ ਲੁਧਿਆਣੇ ਦੀ ਮਜ਼ਦੂਰ ਬਸਤੀ ਰਾਜੀਵ ਗਾਂਧੀ ਕਲੋਨੀ ਦੇ ਲੋਕਾਂ ਨੇ ਡੀ.ਸੀ. ਦਫਤਰ 'ਤੇ ਨਿਯਮਿਤ ਅਤੇ ਸਾਫ਼ ਪਾਣੀ ਦੇ ਪ੍ਰਬੰਧ, ਸਾਫ਼-ਸਫਾਈ, ਸੀਵਰੇਜ ਨਿਕਾਸੀ ਦੇ ਢੁਕਵੇਂ ਪ੍ਰਬੰਧਾਂ, ਪੱਕੀਆਂ ਗਲੀਆਂ, ਬਿਮਾਰੀਆਂ ਦੀ ਰੋਕਥਾਮ, ਬਿਜਲੀ ਸਪਲਾਈ ਸਬੰਧੀ ਸ਼ਿਕਾਇਤਾਂ ਦੇ ਸਮੇਂ ਸਿਰ ਨਿਪਟਾਰੇ, ਹਾਈਵੋਲਟੇਜ ਤਾਰਾਂ ਘਰਾਂ ਦੀਆਂ ਛੱਤਾਂ ਤੋਂ ਉੱਪਰ ਚੁੱਕਣ ਆਦਿ ਮੁੱਦਿਆਂ 'ਤੇ ਲੁਧਿਆਣਾ ਪ੍ਰਸ਼ਾਸਨ ਦੁਆਰਾ ਉਹਨਾਂ ਦੀ ਕੀਤੀ ਜਾ ਰਹੀ ਅਣਦੇਖੀ ਖਿਲਾਫ ਰੋਹ ਭਰਪੂਰ ਧਰਨਾ-ਮੁਜਾਹਰਾ ਕੀਤਾ। ਲੋਕ ਉਦੋਂ ਤੱਕ ਡੀ.ਸੀ. ਦਫਤਰ ਅੱਗੇ ਧਰਨੇ 'ਤੇ ਬੈਠੇ ਰਹੇ ਜਦੋਂ ਤੱਕ ਕਿ ਡੀ.ਸੀ. ਨੇ ਦਫਤਰੋਂ ਬਾਹਰ ਆ ਕੇ ਉਹਨਾਂ ਦੀਆਂ ਸ਼ਿਕਾਇਤਾਂ ਨਹੀਂ ਸੁਣੀਆਂ ਅਤੇ ਮੰਗ ਪੱਤਰ ਪ੍ਰਾਪਤ ਨਹੀਂ ਕੀਤਾ। ਮੰਗ ਪੱਤਰ 'ਤੇ 4509 ਲੋਕਾਂ ਦੇ ਹਸਤਾਖਰ ਸਨ ਜੋ ਕਾਰਖਾਨਾ ਮਜ਼ਦੂਰ ਯੂਨੀਅਨ ਦੇ ਕਾਰਕੁੰਨਾਂ ਨੇ ਲੋਕਾਂ ਦੇ ਘਰ ਘਰ ਜਾ ਕੇ ਕਰਵਾਏ ਸਨ। ਡੀ. ਸੀ. ਲੁਧਿਆਣਾ ਨੂੰ ਇੱਕ ਹੋਰ ਮੰਗ ਪੱਤਰ ਸੌਂਪਿਆ ਗਿਆ ਜਿਸ ਵਿੱਚ ਇਹ ਮੰਗ ਕੀਤੀ ਗਈ ਕਿ ਪੰਜਾਬ ਵਿੱਚ ਨਵੇਂ ਵੋਟਰ ਕਾਰਡ ਬਣਾਉਣ ਦੇ ਚੱਲ ਰਹੇ ਅਮਲ ਵਿੱਚ ਮਜ਼ਦੂਰਾਂ ਦੇ ਵੋਟਰ ਕਾਰਡ ਬਣਨ ਵਿੱਚ ਜਾਣ-ਬੁੱਝ ਕੇ ਪੈਦਾ ਕੀਤੀਆਂ ਜਾ ਰਹੀਆਂ ਸਰਕਾਰੀ ਰੁਕਾਵਟਾਂ ਦੂਰ ਕੀਤੀਆਂ ਜਾਣ।

ਦਿੱਲੀ ਵਾਲ਼ੇ ਪਾਸਿਓਂ ਲੁਧਿਆਣੇ ਸ਼ਹਿਰ 'ਚ ਦਾਖਲ ਹੁੰਦੇ ਹੀ ਢੰਡਾਰੀ ਰੇਲਵੇ ਸ਼ਟੇਸ਼ਨ ਦੇ ਪੁਲ ਤੋਂ ਪੂਰਬ ਵੱਲ ਫੋਕਲ ਪੁਆਂਇਟ 'ਚ ਨਿਗ੍ਹਾ ਮਾਰਦੇ ਹੋਏ ਤੁਹਾਡੀ ਨਜ਼ਰੀਂ ਇੱਕ ਬਦਹਾਲ ਜਿਹਾ ਰਿਹਾਇਸ਼ੀ ਇਲਾਕਾ ਪੈਂਦਾ ਹੋਵੇਗਾ। ਇਹੋ ਰਾਜੀਵ ਗਾਂਧੀ ਕਲੋਨੀ ਹੈ ਅਤੇ ਇਸ ਇਲਾਕੇ ਵਿੱਚ ਘੱਟੋ-ਘੱਟ ਪੰਜਾਹ ਹਜ਼ਾਰ ਗਰੀਬ ਲੋਕਾਂ ਦੀ ਅਬਾਦੀ ਹੈ। ਇਥੋਂ ਦੇ ਜ਼ਿਆਦਾਤਰ ਲੋਕ ਲੁਧਿਆਣੇ ਦੇ ਕਾਰਖਾਨਿਆਂ ਵਿੱਚ ਕੰਮ ਕਰਦੇ ਹਨ। ਬਾਕੀ ਅਬਾਦੀ ਸਫਾਈ ਕਾਮਿਆਂ, ਛੋਟੀ-ਮੋਟੀ ਦੁਕਾਨਦਾਰੀ, ਰੇਹੜੀ ਫੜੀ ਲਾਉਣ ਵਾਲ਼ਿਆਂ, ਦਿਹਾੜੀ ਕਰਨ ਵਾਲ਼ਿਆਂ ਆਦਿ ਦੀ ਹੈ। ਇਹਨਾਂ ਗਰੀਬ ਲੋਕਾਂ ਨੂੰ ਆਪਣਾ ਗੁਜ਼ਾਰਾ ਚਲਾਉਣ ਲਈ ਕਿੰਨੀ ਸਖਤ ਮਿਹਨਤ ਕਰਨੀ ਪੈਂਦੀ ਹੈ, ਕਿਸ ਕਦਰ ਆਪਣੇ ਹੱਡ ਭੰਨਣੇ ਪੈਂਦੇ ਹਨ, ਇਹ ਇੱਕ ਵੱਖ ਦਰਦ ਕਹਾਣੀ ਹੈ ਪਰ ਇਹਨਾਂ ਮਿਹਨਤੀ ਲੋਕਾਂ ਦੀਆਂ ਰਿਹਾਇਸ਼ੀ ਲੋੜਾਂ ਦੀ ਲੁਧਿਆਣੇ ਦੇ ਪ੍ਰਸ਼ਾਸਕਾਂ ਦੁਆਰਾ ਕਿੰਨੀ ਭਿਅੰਕਰ ਅਣਦੇਖੀ ਵੀ ਕੀਤੀ ਜਾ ਰਹੀ ਹੈ। ਇੱਕ ਵੀ ਪੱਕੀ ਗਲੀ ਨਹੀਂ, ਸਾਫ਼-ਸਫਾਈ ਦੇ ਪ੍ਰਬੰਧਾਂ ਦੀ ਤਾਂ ਗੱਲ ਹੀ ਛੱਡੋ। ਉੱਬੜ-ਖਾਬੜ ਗਲੀਆਂ ਵਿੱਚ ਕੂੜਾ ਹੀ ਕੂੜਾ, ਚਾਰੇ ਪਾਸੇ ਬਦਬੂ-ਮੱਖੀ-ਮੱਛਰਾਂ ਦਾ ਰਾਜ, ਬਦਹਾਲ ਸੀਵਰੇਜ ਨਿਕਾਸੀ, ਬਿਮਾਰੀਆਂ ਦੀ ਭਰਮਾਰ ਇਹੋ ਇੱਥੋਂ ਦੇ ਲੋਕਾਂ ਨੂੰ ਭਾਰਤ ਦੇ ਮੈਨਚੈਸਟਰ ਕਹਿਲਾਉਣ ਵਾਲ਼ੇ ਸ਼ਹਿਰ ਦੇ ਇਹਨਾਂ ਵਾਸੀਆਂ ਨੂੰ ਹਾਸਲ ਹੋ ਰਿਹਾ ਹੈ। ਨਿਯਮਿਤ ਪਾਣੀ ਦਾ ਪ੍ਰਬੰਧ ਨਹੀਂ। ਗਰਮੀਆਂ ਵਿੱਚ ਤਾਂ ਇਸ ਸਬੰਧੀ ਬਹੁਤ ਹੀ ਭਿਅੰਕਰ ਹਾਲਾਤ ਹੁੰਦੇ ਹਨ। ਆਪ ਨਲਕੇ ਲਵਾਉਣ ਲਈ ਬਹੁਤ ਹੀ ਜਿਆਦਾ ਖਰਚ ਆਉਂਦਾ ਹੈ ਕਿਉਂ ਕਿ ਪਾਣੀ ਦੀਆਂ ਉੱਪਰਲੀਆਂ ਤੈਹਾਂ ਕਾਰਖਾਨਿਆਂ ਨੇ ਪ੍ਰਦੂਸ਼ਿਤ ਕਰ ਦਿੱਤੀਆਂ ਹਨ ਇਸ ਲਈ ਬਹੁਤ ਡੂੰਘੇ ਬੋਰ ਰਾਹੀਂ ਹੀ ਸਾਫ ਪਾਣੀ ਜਮੀਨ ਚੋਂ ਕੱਢਿਆ ਜਾ ਸਕਦਾ ਹੈ। ਬਹੁਤ ਘੱਟ ਮਜ਼ਦੂਰ ਹੀ ਇਸਦਾ ਖਰਚ ਚੁੱਕਣ ਦਾ ਹੌਂਸਲਾ ਕਰ ਪਾਉਂਦੇ ਹਨ। ਬਿਜਲੀ ਮਹਿਕਮੇ ਵਾਲ਼ੇ ਮਜ਼ਦੂਰਾਂ ਨੂੰ ਵੱਖ ਤੋਂ ਤੰਗ ਕਰਦੇ ਹਨ। ਬਿਜਲੀ ਦੇ ਬਿਲ ਅਸਲ ਖਪਤ ਤੋਂ ਜਿਆਦਾ ਆ ਜਾਣ, ਬਿਜਲੀ ਦੀ ਖਰਾਬੀ ਠੀਕ ਕਰਾਉਣੀ ਹੋਵੇ, ਨਵਾਂ ਮੀਟਰ ਲਗਵਾਉਣਾ ਹੋਵੇ ਆਦਿ ਸਮੱਸਿਆਵਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ। ਚੌਦਾਂ ਹਜ਼ਾਰ ਵੋਲਟ ਦੀਆਂ ਬਿਜਲੀ ਦੀਆਂ ਤਾਰਾਂ ਘਰਾਂ ਦੀਆਂ ਛੱਤਾਂ ਦੇ ਬਿਲਕੁਲ ਉੱਪਰੋਂ ਗੁਜਰਦੀਆਂ ਹਨ ਜਿਸ ਕਾਰਨ ਹਾਦਸੇ ਹੁੰਦੇ ਰਹਿੰਦੇ ਹਨ। ਲੁਧਿਆਣੇ ਦੇ ਪ੍ਰਸ਼ਾਸਕ ਜੋ ਲੁਧਿਆਣੇ ਦੇ ਅਮੀਰ ਅਬਾਦੀ ਵਾਲ਼ੇ ਇਲਾਕਿਆਂ ਲਈ ਹਰ ਤਰ੍ਹਾਂ ਦੀਆਂ ਸਹੂਲਤਾਂ ਦਾ ਪ੍ਰਬੰਧ ਕਰਦੇ ਹਨ ਉਹ ਰਾਜੀਵ ਗਾਂਧੀ ਕਲੋਨੀ ਸਮੇਤ ਹੋਰ ਇਲਾਕਿਆਂ, ਜਿੱਥੇ ਗਰੀਬ ਮਜ਼ਦੂਰ-ਕਿਰਤੀ ਰਹਿੰਦੇ ਹਨ, ਲਈ ਸਹੂਲਤਾਂ ਪ੍ਰਦਾਨ ਕਰਨ ਵੱਲ ਕੋਈ ਧਿਆਨ ਨਹੀਂ ਦਿੰਦੇ। ਵਰਣਨਯੋਗ ਹੈ ਕਿ ਕੁਝ ਸਮੇਂ ਪਹਿਲਾਂ ਹੀ ਪੰਜਾਬ ਸਰਕਾਰ ਨੇ ਲੁਧਿਆਣਾ ਖੇਤਰ ਦੇ ਵਿਕਾਸ ਲਈ 3561 ਕਰੋੜ ਰੁਪਏ ਦਾ ਪ੍ਰੋਜੈਕਟ ਐਲਾਨਿਆ ਹੈ। ਪਰ ਇਸ ਪ੍ਰੋਜੈਕਟ ਵਿੱਚ ਗਰੀਬ ਅਬਾਦੀ ਰਿਹਾਇਸ਼ੀ ਖੇਤਰਾਂ ਦੇ ਵਿਕਾਸ ਵਾਸਤੇ ਕੁਝ ਨਹੀਂ ਹੈ। ਇਹਨਾਂ ਸਾਰੇ ਮੁੱਦਿਆਂ 'ਤੇ ਪਹਿਲਾਂ ਤਾਂ 30 ਸਤੰਬਰ ਨੂੰ ਰਾਜੀਵ ਗਾਂਧੀ ਕਲੋਨੀ ਦੇ ਨਿਵਾਸੀਆਂ ਦੀ ਲੋਕ ਪੰਚਾਇਤ ਬੁਲਾਈ ਗਈ ਜਿਸ ਵਿੱਚ ਲਗਭਗ 100 ਮਰਦ-ਔਰਤਾਂ ਨੇ ਭਾਗ ਲਿਆ। ਲੋਕ ਪੰਚਾਇਤ ਵਿੱਚ ਇਹ ਤੈਅ ਕੀਤਾ ਗਿਆ ਕਿ ਇਹਨਾਂ ਸਾਰੀਆਂ ਸਮੱਸਿਆਵਾਂ ਸਬੰਧੀ ਇੱਕ ਮੰਗ ਪੱਤਰ ਕਲੋਨੀ ਨਿਵਾਸੀਆਂ ਦੇ ਹਸਤਾਖਰਾਂ ਸਹਿਤ ਡੀ.ਸੀ. ਲੁਧਿਆਣਾ ਨੂੰ ਸੌਂਪਿਆ ਜਾਵੇ। ਇਸ ਤੋਂ ਬਾਅਦ ਕਾਰਖਾਨਾ ਮਜ਼ਦੂਰ ਯੂਨੀਅਨ ਨੇ ਇੱਕ ਪਰਚਾ ਛਾਪ ਕੇ ਕਲੋਨੀ ਦੇ ਲੋਕਾਂ ਵਿੱਚ ਵੰਡਿਆ ਜਿਸ ਵਿੱਚ ਲੋਕਾਂ ਨੂੰ ਮੰਗ ਪੱਤਰ 'ਤੇ ਹਸਤਾਖਰ ਕਰਨ ਅਤੇ ਇਹ ਮੰਗ ਪੱਤਰ ਡੀ.ਸੀ. ਨੂੰ ਸੌਂਪਣ ਲਈ 15 ਅਕਤੂਬਰ ਨੂੰ ਧਰਨੇ-ਮੁਜਾਹਰੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ। 15 ਅਕਤੂਬਰ ਨੂੰ ਹੋਏ ਧਰਨੇ ਵਿੱਚ ਭਾਵੇਂ ਕਿ ਥੋੜੀ ਗਿਣਤੀ ( ਸਵਾ ਕੁ ਸੋ ਲੋਕ ਜਿਹਨਾਂ ਚੋਂ 30-35 ਔਰਤਾਂ ਸਨ) ਲੋਕ ਸ਼ਾਮਲ ਹੋਏ ਪਰ ਇਹ ਵੀ ਇੱਕ ਗਿਣਨਯੋਗ ਪ੍ਰਾਪਤੀ ਹੈ। ਇਹ ਕਲੋਨੀ ਇੱਕ ਅਜਿਹੀ ਕਲੋਨੀ ਹੈ ਜਿਹੜੀ ਕਿ ਰੇਲਵੇ ਦੀ ਜਮੀਨ 'ਤੇ ਬਣੀ ਹੋਈ ਹੈ ਅਤੇ ਸਰਕਾਰ ਦੁਆਰਾ ਅਧਿਕਾਰਤ ਨਹੀਂ ਹੈ। ਇੱਥੋਂ ਦੇ ਲੋਕ 25-30 ਸਾਲਾਂ ਤੋਂ ਬੁਰੀਆਂ ਹਾਲਤਾਂ ਵਿੱਚ ਰਹਿੰਦੇ ਆਏ ਹਨ ਪਰ ਵੱਖ-ਵੱਖ ਤਰ੍ਹਾਂ ਦੀਆਂ ਵੋਟ-ਵਟੋਰੂ ਪਾਰਟੀਆਂ ਨਾਲ਼ ਜੁੜੇ ਲੀਡਰਾਂ, ਪ੍ਰਧਾਨਾਂ ਆਦਿ

ਨੇ ਲੋਕਾਂ ਨੂੰ ਕਦੇ ਵੀ ਸੰਘਰਸ਼ ਦੇ ਰਾਹ ਨਹੀਂ ਪੈਣ ਦਿੱਤਾ। ਲੋਕਾਂ ਨੂੰ ਹਮੇਸ਼ਾ ਇਸ ਗੱਲ ਦਾ ਡਰ ਦਿੱਤਾ ਜਾਂਦਾ ਰਿਹਾ ਕਿ ਜੇਕਰ ਸਰਕਾਰ ਜਾਂ ਪ੍ਰਸ਼ਾਸਨ ਤੋਂ ਕਿਸੇ ਕਿਸਮ ਦੀ ਕੋਈ ਮੰਗ ਕੀਤੀ ਤਾਂ ਕਲੋਨੀ ਢਾਹ ਦਿੱਤੀ ਜਾਵੇਗੀ। ਇਸ ਲਈ ਜਿਵੇਂ ਦੇ ਹਾਲਾਤ ਹਨ ਉਹਨਾਂ ਵਿੱਚ ਹੀ ਸਬਰ ਦਾ ਘੁੱਟ ਭਰ ਕੇ ਜਿਓ। ਪਰ ਕਾਰਖਾਨਾ ਮਜ਼ਦੂਰ ਯੂਨੀਅਨ ਨੇ ਕਲੋਨੀ ਦੇ ਲੋਕਾਂ ਨੂੰ ਜਗਾਉਣ ਦਾ ਬੀੜਾ ਚੁੱਕਿਆ ਹੈ। ਉਪਰੋਕਤ ਸਮੱਸਿਆਵਾਂ ਦੇ ਹੱਲ ਲਈ ਲੋਕਾਂ ਨੂੰ ਲਾਮਬੰਦ ਕਰਨਾ ਸ਼ੁਰੂ ਕੀਤਾ ਹੈ। ਇਹਨਾਂ ਹੀ ਕੋਸ਼ਿਸ਼ਾਂ ਦੀ ਲਗਾਤਾਰਤਾ ਵਿੱਚ 15 ਅਕਤੂਬਰ ਦਾ ਇਹ ਧਰਨਾ-ਮੁਜਾਹਰਾ ਵੀ ਆਯੋਜਿਤ ਕੀਤਾ ਗਿਆ। ਵੋਟ ਵਟੋਰੂ ਪਾਰਟੀਆਂ ਅਤੇ ਇੱਥੋਂ ਤੱਕ ਕਿ ਇੱਕ ਨਕਲੀ ਲਾਲ ਝੰਡੇ ਵਾਲ਼ੀ ਪਾਰਟੀ ਦੇ ਤੁੱਛ ਕਿਸਮ ਦੇ ਲੀਡਰਾਂ ਨੇ ਲੋਕਾਂ ਨੂੰ ਧਰਨੇ 'ਚ ਸ਼ਾਮਲ ਹੋਣ ਤੋਂ ਰੋਕਣ ਲਈ ਪੂਰਾ ਟਿੱਲ ਲਾਇਆ। ਉਹ ਕੁਝ ਹੱਦ ਤੱਕ ਕਾਮਯਾਬ ਵੀ ਹੋਏ ਪਰ ਧਰਨੇ ਨੂੰ ਸਾਬੋਤਾਜ ਕਰਨ 'ਚ ਇਹ ਲਾਣਾ ਕਾਬਯਾਬ ਨਾ ਹੋ ਸਕਿਆ। ਜਿਸ ਤਰ੍ਹਾਂ ਡੀ.ਸੀ. ਨੂੰ ਕੁਰਸੀ ਤੋਂ ਉੱਠ ਕੇ ਦਫਤਰੋਂ ਬਾਹਰ ਆ ਕੇ ਲੋਕਾਂ ਤੋਂ ਮੰਗ ਪੱਤਰ ਲੈਣਾ ਪਿਆ ਅਤੇ ਹਫਤੇ ਭਰ ਤੋਂ ਕਲੋਨੀ ਦੇ ਇੱਕ ਵੱਡੇ ਹਿੱਸੇ ਵਿੱਚ ਪਾਣੀ ਦੀ ਸਪਲਾਈ ਬੰਦ ਰਹਿਣ ਦੀ ਸਮੱਸਿਆ ਹੱਲ ਹੋਈ ਉਸ ਤੋਂ ਲੋਕਾਂ ਵਿੱਚ ਏਕੇ ਦੀ ਤਾਕਤ ਵਿੱਚ ਵਿਸ਼ਵਾਸ਼ ਜਾਗਿਆ ਹੈ। ਉਹਨਾਂ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਹੈ ਕਿ ਹੱਕਾਂ ਲਈ ਸੂਝ ਹਾਸਲ ਕਰਕੇ ਅਤੇ ਇੱਕ ਹੋ ਕੇ ਸੰਘਰਸ਼ ਕਰਨ ਦੇ ਰਾਹ 'ਤੇ ਚੱਲ ਕੇ ਹੀ ਬਿਹਤਰ ਜਿੰਦਗੀ ਹਾਸਲ ਕੀਤੀ ਜਾ ਸਕਦੀ ਹੈ। •

# 'ਸਿੱਖਿਆ ਦੇ ਸਮਾਜਿਕ ਸਰੋਕਾਰ' ਵਿਸ਼ੇ 'ਤੇ ਵਿਚਾਰ ਗੋਸ਼ਠੀ ਹੋਈ


**ਸ਼ਹੀਦ** ਭਗਤ ਸਿੰਘ ਸਕੂਲ ਆਫ਼ ਸੋਸ਼ਲ ਸਾਇੰਸਜ਼, ਸੰਤਨਗਰ (ਹਰਿਆਣਾ) ਵੱਲੋਂ ਬੀਤੀ 23 ਸਤੰਬਰ ਨੂੰ 'ਸਿੱਖਿਆ ਦੇ ਸਮਾਜਿਕ ਸਰੋਕਾਰ' ਵਿਸ਼ੇ 'ਤੇ ਇੱਕ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਗੋਸ਼ਟੀ 'ਚ ਲੱਗਭੱਗ 150 ਦੇ ਕਰੀਬ ਅਧਿਆਪਕਾਂ, ਨੌਜਵਾਨਾਂ ਅਤੇ ਇਲਾਕੇ ਦੇ ਹੋਰ ਸਮਾਜਕ ਸਰੋਕਾਰ ਰੱਖਣ ਵਾਲੇ ਲੋਕਾਂ ਨੇ ਹਿੱਸਾ ਲਿਆ। ਗੋਸ਼ਟੀ ਵਿੱਚ ਕਾਮਰੇਡ ਕਸ਼ਮੀਰ ਅਤੇ ਡਾ. ਅੰਮ੍ਰਿਤ ਮੁੱਖ ਬੁਲਾਰਿਆਂ ਵਜੋਂ ਹਾਜ਼ਿਰ ਹੋਏ ਅਤੇ ਮੰਚ ਸੰਚਾਲਨ ਦੀ ਭੂਮਿਕਾ ਸਾਥੀ ਦਵਿੰਦਰ ਨੇ ਨਿਭਾਈ। ਗੋਸ਼ਟੀ ਦੀ ਸ਼ੁਰੂਆਤ ਕਰਦੇ ਹੋਏ ਆਯੋਜਨ ਕਰਤਾ ਟੀਮ ਵੱਲੋਂ ਬੋਲਦੇ ਹੋਏ ਸਾਥੀ ਬਲਰਾਜ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਸਕੂਲ ਆਫ਼ ਸੋਸ਼ਲ ਸਾਇੰਸਜ਼, ਸੰਤਨਗਰ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਇਲਾਕੇ ਦੇ ਲੋਕਾਂ ਵਿੱਚ ਖਾਸ ਤੌਰ 'ਤੇ ਨੌਜਵਾਨਾਂ 'ਚ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਦਾ ਪ੍ਰਚਾਰ ਅਤੇ ਮੁਨਾਫ਼ੇ 'ਤੇ ਅਧਾਰਤ ਮੌਜੂਦਾ ਸਰਮਾਏਦਾਰਾ ਪ੍ਰਬੰਧ ਨੂੰ ਬਦਲ ਕੇ ਇੱਕ ਬਿਹਤਰ ਮਨੁੱਖਤਾ-ਪੱਖੀ ਸਮਾਜ ਬਣਾਉਣ ਖਾਤਰ ਉਹਨਾਂ ਨੂੰ ਸਮਾਜ ਬਦਲਣ ਦੇ ਵਿਗਿਆਨ ਨਾਲ ਲੈੱਸ ਕਰਨ ਲਈ ਲਗਾਤਾਰ ਸਟੱਡੀ ਸਰਕਲ, ਵਿਚਾਰ ਚਰਚਾਵਾਂ ਤੇ ਸਾਹਿਤਕ ਮਿਲਣੀਆਂ ਆਦਿ ਦਾ ਸਿਲਸਿਲਾ ਚਲਾ ਰਿਹਾ ਹੈ। ਸਕੂਲ ਦੀਆਂ ਇਹਨਾਂ ਕੋਸ਼ਿਸ਼ਾਂ ਦੀ ਲੜੀ ਵਜੋਂ ਹੀ ਇਸ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ ਹੈ।

ਵਿਚਾਰ ਗੋਸ਼ਠੀ ਦੀ ਸ਼ੁਰੂਆਤ ਕਰਦੇ ਹੋਏ ਕਾਮਰੇਡ ਕਸ਼ਮੀਰ ਨੇ ਆਪਣੀ ਗੱਲ ਰੱਖਦੇ ਹੋਏ ਕਿਹਾ ਕਿ ਸਰਮਾਏਦਾਰੀ ਪ੍ਰਬੰਧ ਦੇ ਆਉਣ ਨਾਲ ਹੀ ਸਰਵਜਨਕ ਸਿੱਖਿਆ ਦੀ ਸ਼ੁਰੂਆਤ ਹੋਈ। ਇਸ ਤਰ੍ਹਾਂ ਦੀ ਸਿੱਖਿਆ ਨੇ ਪੂਰਵ-ਸਰਮਾਏਦਾਰੀ ਢੰਗ-ਤਰੀਕੇ ਦੀ ਸਿੱਖਿਆ ਜਿਸ ਵਿੱਚ ਧਾਰਮਿਕ ਸਿੱਖਿਆ ਤੇ ਪਰਿਵਾਰਕ ਸਿੱਖਿਆ ਦਾ ਦਬਦਬਾ ਸੀ, ਨੂੰ ਖਤਮ ਕਰ ਦਿੱਤਾ ਪਰ ਜਿਸ ਤਰ੍ਹਾਂ ਦੀ ਆਸ ਇਸ ਸਿੱਖਿਆ ਪ੍ਰਬੰਧ ਦੇ ਹੋਂਦ 'ਚ ਆਉਣ ਸਮੇਂ ਮਨੁੱਖਤਾ ਵੱਲੋਂ ਕੀਤੀ ਜਾ ਰਹੀ ਸੀ ਕਿ ਸਰਵਜਨਕ ਸਿੱਖਿਆ ਨਾਲ ਆਮ ਲੋਕਾਂ 'ਚ ਗਿਆਨ ਦਾ ਚਾਨਣ ਫੈਲੇਗਾ, ਸਮੁੱਚੀ ਲੋਕਾਈ ਦੀ ਆਰਥਿਕ-ਸੱਭਿਆਚਾਰਕ ਪੱਧਰ 'ਚ ਗੁਣਾਤਮਕ ਛਲਾਂਗ ਲੱਗੇਗੀ ਅਤੇ ਔਰਤਾਂ ਦੀ ਸਥਿਤੀ 'ਚ ਸੁਧਾਰ ਹੋਵੇਗਾ, ਉਸ ਆਸ ਨੂੰ ਪੂਰਾ ਕਰਨ ਵਿੱਚ ਸਰਮਾਏਦਾਰੀ ਪ੍ਰਬੰਧ ਅਧੀਨ ਸਥਾਪਤ ਹੋਇਆ ਸਿੱਖਿਆ ਢਾਂਚਾ ਬੁਰੀ ਤਰ੍ਹਾਂ ਨਾਕਾਮ ਸਿੱਧ ਹੋਇਆ ਹੈ। ਸਿੱਖਿਆ ਅੱਜ ਵੀ ਰਾਜਸੱਤ੍ਹਾ ਦੇ ਕਬਜ਼ੇ 'ਚ ਹੈ ਅਤੇ ਇਹ ਹਾਕਮ ਜਮਾਤਾਂ ਦਾ ਚੌਂਹਤਰਫਾ ਗਲਬਾ ਬਣਾਈ ਰੱਖਣ ਦਾ ਇੱਕ ਜ਼ਰੀਆ ਬਣੀ ਹੋਈ ਹੈ। ਇਸ ਲਈ ਆਮ ਲੋਕਾਂ ਤੇ ਸਮਾਜ ਦੀ ਬਿਹਤਰੀ ਲਈ ਕੰਮ ਰਹੇ ਲੋਕਾਂ ਨੂੰ ਆਪਣੇ ਮਨਾਂ 'ਚ ਇਸ ਪ੍ਰਬੰਧ ਤੋਂ ਕਿਸੇ ਕਿਸਮ ਦੀਆਂ ਝੂਠੀਆਂ ਆਸ਼ਾਵਾਂ ਤੇ ਉਮੀਦਾਂ ਨੂੰ ਨਹੀਂ ਪਾਲਣਾ ਚਾਹੀਦਾ। ਇਸ ਤੋਂ ਬਾਅਦ ਵਿਚਾਰ ਚਰਚਾ ਨੂੰ ਅੱਗੇ ਵਧਾਉਂਦੇ ਹੋਏ ਡਾ. ਅੰਮ੍ਰਿਤ ਨੇ ਕਿਹਾ ਕਿ ਸਿੱਖਿਆ ਆਪਣੇ ਬੁਨਿਆਦੀ ਰੂਪ 'ਚ ਮਨੁੱਖਤਾ ਦੀ ਇੱਕ ਪੀੜ੍ਹੀ ਵੱਲੋਂ ਆਪਣੇ ਨਿੱਜੀ ਤਜ਼ਰਬਿਆਂ ਦੁਆਰਾ ਤੇ ਆਪਣੇ ਤੋਂ ਪਹਿਲਾਂ ਦੀਆਂ ਪੀੜ੍ਹੀਆਂ ਦੁਆਰਾ ਸੰਗ੍ਰਹਿਤ ਕੀਤੇ ਗਿਆਨ ਨੂੰ ਨਵੀਂ ਪੀੜ੍ਹੀ ਨੂੰ ਮੌਖਿਕ ਜਾਂ ਲਿਖਤੀ ਰੂਪ 'ਚ ਸਪੁਰਦ ਕਰਨਾ ਹੈ ਪਰ ਇੱਕ ਖਾਸ ਨਜ਼ਰੀਏ ਤੋਂ। ਜਮਾਤੀ ਸਮਾਜ ਵਿੱਚ ਇਹ ਖਾਸ ਨਜ਼ਰੀਆ ਹਾਕਮ ਜਮਾਤ ਦਾ ਨਜ਼ਰੀਆ ਬਣ ਜਾਂਦਾ ਹੈ। ਹਾਕਮ ਜਮਾਤ ਸਿੱਖਿਆ ਨੂੰ ਸਮਾਜ ਵਿੱਚ ਆਪਣੀ ਵਿਚਾਰਧਾਰਕ ਹੇਜੇਮਨੀ ਸਥਾਪਤ ਕਰਨ ਤੇ ਫਿਰ ਲਗਾਤਾਰ ਪੱਕਿਆਂ ਕਰਨ ਲਈ ਇੱਕ ਹਥਿਆਰ ਦੇ ਤੌਰ 'ਤੇ ਵਰਤਦੀ ਹੈ। ਸਰਮਾਏਦਾਰੀ ਢਾਂਚਾ ਵੀ ਕੋਈ ਛੋਟ ਨਹੀਂ ਹੈ, ਸਗੋਂ ਇਸ ਢਾਂਚੇ ਅੰਦਰ ਸਿੱਖਿਆ ਦਾ ਇਸ ਰੂਪ 'ਚ ਇਸਤੇਮਾਲ ਸਭ ਤੋਂ ਵੱਧ ਵਿਕਸਤ ਤੇ ਭੁਲੇਖਾਪਾਊ ਰੂਪ 'ਚ ਹੋ ਰਿਹਾ ਹੈ। ਸਰਮਾਏਦਾਰੀ ਨੇ ਸਰਵਜਨਕ ਸਿੱਖਿਆ ਦਾ ਸੰਕਲਪ ਲਿਆਂਦਾ ਪਰ ਇਸਦਾ ਹਸ਼ਰ ਵੀ ਸਰਮਾਏਦਾਰੀ ਦੇ ਅਜ਼ਾਦੀ, ਬਰਾਬਰੀ ਤੇ ਭਾਈਚਾਰੇ ਦੇ ਨਾਹਰੇ ਜਿਹਾ ਹੀ ਹੋਇਆ, ਵਿਚਾਰਧਾਰਕ ਗਲਬਾ ਸਥਾਪਤ ਕਰਨਾ ਸਰਮਾਏਦਾਰੀ ਜਮਾਤ ਲਈ ਸਿੱਖਿਆ ਦਾ ਮੁੱਖ ਉਦੇਸ਼ ਬਣ ਗਿਆ।

ਡਾ. ਅੰਮ੍ਰਿਤ ਨੇ ਆਪਣੀ ਗੱਲ ਜ਼ਾਰੀ ਰੱਖਦੇ ਹੋਏ ਕਿਹਾ ਕਿ

ਮੌਜੂਦਾ ਸਿੱਖਿਆ ਢਾਂਚਾ ਪੂਰੀ ਤਰ੍ਹਾਂ ਗੈਰ ਜਮਹੂਰੀ ਹੈ, ਇਸ ਨੂੰ ਚਲਾਉਣ ਦੇ ਢੰਗ-ਤਰੀਕਿਆਂ ਤੇ ਸਿਲੇਬਸ ਤੈਅ ਕਰਨ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਭੂਮਿਕਾ ਉਕਾ ਹੀ ਜ਼ੀਰੋ ਹੈ ਅਤੇ ਬਹੁਤੇ ਅਧਿਆਪਕ ਵੀ ਵਿਦਿਆਰਥੀਆਂ ਨਾਲ ਜਮਹੂਰੀ ਢੰਗ ਨਾਲ ਪੇਸ਼ ਆਉਣ ਦੀ ਇੱਕ ਸਰਕਾਰੀ ਅਹੁਦੇਦਾਰ ਨੌਕਰਸ਼ਾਹ ਦੀ ਤਰ੍ਹਾਂ ਪੇਸ਼ ਆਉਂਦੇ ਹਨ। ਸਕੂਲੀ ਸਿੱਖਿਆ 'ਤੇ ਵਿਦੇਸ਼ੀ ਭਾਸ਼ਾਵਾਂ ਦਾ ਗਲਬਾ ਹੈ ਅਤੇ ਵਿਦਿਆਰਥੀਆਂ 'ਚ ਛੋਟੀ ਉਮਰ ਤੋਂ ਹੀ ਆਪਣੀ ਭਾਸ਼ਾ ਪ੍ਰਤੀ ਨਫ਼ਰਤ ਪੈਦਾ ਕੀਤੀ ਜਾਂਦੀ ਹੈ, ਜੋ ਬਾਅਦ 'ਚ ਆਪਣੇ ਖਿੱਤੇ ਦੇ ਆਮ ਲੋਕਾਂ ਪ੍ਰਤੀ ਨਫ਼ਰਤ 'ਚ ਬਦਲ ਜਾਂਦੀ ਹੈ। ਇਸ ਤਰ੍ਹਾਂ ਗੈਰ-ਜਮਹੂਰੀ ਕਦਰਾਂ-ਕੀਮਤਾਂ ਨਾਲ ਪਰੁੰਨੀਆਂ ਹੋਈਆਂ, ਆਪਣੀ ਜ਼ਮੀਨ ਤੇ ਆਪਣੇ ਲੋਕਾਂ ਤੋਂ ਟੁੱਟੀਆਂ ਕਲਪਨਾਸ਼ੀਲਤਾ, ਰਚਨਾਤਮਕਤਾ ਤੇ ਸੰਵੇਦਨਸ਼ੀਲਤਾ ਤੋਂ ਕੋਰੀਆਂ ਪੀੜ੍ਹੀਆਂ ਪੈਦਾ ਹੋ ਰਹੀਆਂ ਹਨ ਜਿਹੜੀਆਂ ਕਲਰਕੀ ਤੇ ਅਫਸਰੀ ਦਾ ਕੰਮ ਕਰਨ 'ਚ ਨਿਪੁੰਨ ਨੌਕਰਾਂ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹਨ। ਸਿੱਖਿਆ ਕਿਉਂਕਿ ਪੈਦਾਵਾਰ ਤੇ ਕਿਰਤ ਤੋਂ ਟੁੱਟੀ ਹੋਈ ਹੈ, ਇਸ ਲਈ ਵਿਦਿਆਰਥੀਆਂ ਦੇ ਮਨਾਂ 'ਚ ਇਹ ਗੱਲ ਭਰ ਦਿੱਤੀ ਜਾਂਦੀ ਹੈ ਕਿ ਸਿੱਖਿਆ ਹਾਸਲ ਕਰਨ ਦਾ ਮਤਲਬ ਕਿਰਤ ਕਰਨ ਦੀ ਥਾਂ ਕੁਰਸੀ 'ਤੇ ਬੈਠ ਰੋਜ਼ੀ-ਰੋਟੀ ਕਮਾਉਣਾ ਹੈ। ਸਿਰਫ਼ ਬੌਧਿਕ ਲੁੱਟ ਹੀ ਨਹੀਂ, ਮੌਜੂਦਾ ਸਿੱਖਿਆ ਪ੍ਰਬੰਧ ਆਮ ਲੋਕਾਂ ਦੀ ਆਰਥਕ ਲੁੱਟ ਵੀ ਕਰ ਰਿਹਾ ਹੈ, ਪਬਲਿਕ, ਮਾਡਲ, ਕਾਨਵੈਂਟ ਕਿਸਮ ਦੇ ਨਿੱਜੀ ਸਕੂਲਾਂ ਦੀ ਬਹੁਤਾਤ ਨੇ ਸਿੱਖਿਆ ਨੂੰ ਮੁਨਾਫ਼ਾਖੋਰੀ ਦੇ ਇੱਕ ਹੋਰ ਢੰਗ ਤੱਕ ਸੀਮਤ ਕਰ ਦਿੱਤਾ ਹੈ। ਹੁਣ ਤਾਂ ਸਰਕਾਰਾਂ ਸਕੂਲਾਂ ਤੇ ਹੋਰ ਵਿਦਿਅਕ ਸੰਸਥਾਵਾਂ ਨੂੰ ਨਿੱਜੀ ਕੰਪਨੀਆਂ ਨੂੰ ਸਪੁਰਦ ਕਰਨ ਲਈ ਤਰਲੋ-ਮੱਛੀ ਹੋ ਰਹੀਆਂ ਹਨ। ਸਕੂਲ ਇੱਕ ਅਜਿਹੀ ਚੀਜ਼ ਬਣ ਗਿਆ ਹੈ ਜਿੱਥੇ ਆਮ ਲੋਕਾਂ ਦੀ ਜੇਬ੍ਹ ਸਾਫ਼ ਕਰਨ ਦੇ ਨਾਲ਼ ਨਾਲ਼ ਉਹਨਾਂ ਦੇ ਦਿਮਾਗ ਵੀ ਉਕਾ ਹੀ ਸਾਫ਼ ਕਰ ਦਿੱਤੇ ਜਾਂਦੇ ਹਨ। ਅਤੇ ਹੁਣ ਸਿੱਖਿਆ ਫਿਰਕਾਪ੍ਰਸਤੀ ਜਿਹੀਆਂ ਗੈਰ-ਮਨੁੱਖੀ ਲਾਹਨਤਾਂ ਨੂੰ ਪ੍ਰਚਾਰਨ ਦਾ ਸਾਧਨ ਵੀ ਬਣ ਗਈ ਹੈ। ਭਾਰਤ ਦਾ ਸੰਘੀ ਲਾਣਾ ਸਕੂਲਾਂ ਦੀ ਆਪਣੀ ਇੱਕ ਵੱਡੀ ਚੇਨ ਰਾਹੀਂ ਮਾਸੂਮ ਬੱਚਿਆਂ ਤੇ ਵਿਦਿਆਰਥੀਆਂ ਦੇ ਮਨਾਂ 'ਚ ਵੀ ਫਿਰਕੂ ਜ਼ਹਿਰ ਭਰ ਰਿਹਾ ਹੈ। ਬਾਕੀ ਧਰਮਾਂ ਵਾਲੇ ਵੀ ਪਿੱਛੇ ਨਹੀਂ ਹਨ, ਉਹ ਵੀ ਆਪਣੇ 'ਘੱਟਗਿਣਤੀ' ਸਕੂਲ ਤੇ ਮਦਰੱਸੇ ਖੋਲ੍ਹ ਕੇ ਇਸ ਭਰਾਮਾਰੂ ਜੰਗ 'ਚ ਘਿਉ ਪਾਉਣ ਦਾ ਕੰਮ ਕਰਦੇ ਹੋਏ ਸੰਘੀ ਲਾਣੇ ਦਾ ਪੂਰਾ ਸਾਥ ਦੇ ਰਹੇ ਹਨ। ਅਜਿਹੇ ਸਮੇਂ ਸਮਾਜਕ ਸਰੋਕਾਰ ਰੱਖਣ ਵਾਲੇ ਲੋਕਾਂ ਲਈ ਇੱਕ ਪਾਸੇ ਤਾਂ ਸਿੱਖਿਆ ਦੇ ਅਸਲੀ ਮਾਅਨੇ ਆਮ ਲੋਕਾਂ 'ਚ ਪ੍ਰਚਾਰਨ ਦੀ ਜ਼ਿੰਮੇਵਾਰੀ ਲਗਾ ਰਹੇ ਹਨ ਉਥੇ ਉਹਨਾਂ 'ਤੇ ਸਿੱਖਿਆ ਨੂੰ ਲੋਕ-ਪੱਖੀ ਤਰੀਕੇ ਨਾਲ ਵਰਤਣ ਦੇ ਢੰਗ ਤਰੀਕੇ ਬਾਰੇ ਸੋਚਣ ਤੇ ਅਪਣਾਉਣ ਦੀ ਜ਼ਿੰਮੇਵਾਰੀ ਵੀ ਪਾ ਰਹੇ ਹਨ। ਸਕੂਲਾਂ 'ਚ ਅਧਿਆਪਕ ਇਸ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਪਹਿਲਾਂ ਤਾਂ ਉਹਨਾਂ ਨੂੰ ਅਧਿਆਪਕ ਦੇ ਪੇਸ਼ੇ ਨੂੰ ਨੌਕਰੀ ਭਾਵ ਪਰਿਵਾਰ ਦਾ ਪੇਟ ਪਾਲਣ ਤੇ ਚੰਗਾ ਜੀਵਨ ਜਿਉਣ ਦਾ ਢੰਗ ਸਮਝਣ ਦੀ ਮਾਨਸਿਕਤਾ 'ਚੋਂ ਬਾਹਰ ਆਉਣਾ ਹੋਵੇਗਾ ਤੇ ਇਸ ਪੇਸ਼ੇ ਨੂੰ ਮਨੁੱਖਤਾ ਦੀਆਂ ਨਵੀਆਂ ਪੀੜ੍ਹੀਆਂ ਨੂੰ ਇੱਕ ਚੰਗੇ ਸ਼ਹਿਰੀ ਬਣਾਉਣ, ਅਤੇ ਲੁੱਟ ਜ਼ਬਰ ਨੂੰ ਨਫ਼ਰਤ ਤੇ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਰਚਨਾਤਮਕ, ਤਰਕਸ਼ੀਲ, ਜ਼ਿੰਦਾਦਿਲ ਇਨਸਾਨ ਪੈਦਾ ਕਰਨ ਦੀ ਜ਼ਿੰਮੇਵਾਰੀ ਦਾ ਕੰਮ ਸਮਝਣ ਦਾ ਅਹਿਸਾਸ ਕਰਨਾ ਹੋਵੇਗਾ। ਵਿਦਿਆਰਥੀਆਂ ਨੂੰ ਸਿਰਫ਼ ਸਿਲੇਬਸ ਤੱਕ ਸੀਮਤ ਕਾਠ ਦੇ ਉੱਲੂ ਬਣਾਉਣ ਦੀ ਥਾਂ ਉਹਨਾਂ 'ਚ ਦੁਨੀਆਂ ਭਰ ਦਾ ਗਿਆਨ ਤੇ ਸਾਹਿਤ ਪੜ੍ਹਨ ਤੇ ਪਿਆਰਨ ਦੀ ਮਾਨਸਿਕਤਾ ਪੈਦਾ ਕਰਨੀ ਹੋਵੇਗੀ। ਪਰ ਇਸ ਲਈ ਉਹਨਾਂ ਨੂੰ ਖੁਦ ਆਪਣੇ ਜੀਵਨ-ਢੰਗ ਤੇ ਪੜ੍ਹਾਉਣ ਢੰਗ ਨੂੰ ਬਦਲਣਾ ਪਵੇਗਾ। ਉਹਨਾਂ ਨੂੰ ਖੁਦ ਪੜ੍ਹਨ ਦੀ ਆਦਤ ਪਾਉਣੀ ਪਵੇਗੀ, ਆਪਣੇ ਘਰਾਂ 'ਚ ਲਾਇਬ੍ਰੇਰੀਆਂ ਤੇ ਸਮਾਜ 'ਚ ਲਾਇਬ੍ਰੇਰੀਆਂ ਬਣਾਉਣ ਦਾ ਬੀੜਾ ਉਠਾਉਣਾ ਪਵੇਗਾ। ਵਿਦਿਆਰਥੀਆਂ ਸਾਹਮਣੇ ਅਜਿਹੀ ਉਦਾਹਰਨ ਬਣ ਕੇ ਪੇਸ਼ ਹੋਣਾ ਹੋਵੇਗਾ ਜਿਹੜੇ ਆਪਣੀਆਂ ਕੋਠੀਆਂ ਦੇ ਨਕਸ਼ਿਆਂ 'ਚ ਰੁੱਝੇ ਤੇ ਡੁੱਬੇ ਹੋਣ ਦੀ ਥਾਂ ਬਿਹਤਰ ਸਮਾਜ ਬਣਾਉਣ ਦੇ ਨਕਸ਼ਿਆਂ 'ਚ ਰੁੱਝੇ ਤੇ ਡੁੱਬੇ ਹੋਣ। ਅੱਜ ਦੇ ਮਨੁੱਖ-ਦੋਖੀ ਸਮੇਂ 'ਚ ਅਧਿਆਪਕਾਂ ਲਈ ਇਸ ਤੋਂ ਬਿਨਾਂ ਹੋਰ ਕੋਈ ਵੱਡੀ ਜ਼ਿੰਮੇਵਾਰੀ, ਬੋਝ ਤੇ ਰੁਝੇਵਾਂ ਨਾ ਤਾਂ ਹੋ ਸਕਦਾ ਹੈ ਤੇ ਨਾ ਹੀ ਹੋਣਾ ਚਾਹੀਦਾ ਹੈ।

ਇਸ ਤੋਂ ਬਾਅਦ ਸਵਾਲਾਂ-ਜਵਾਬਾਂ ਦਾ ਸਿਲਸਿਲਾ ਚੱਲਿਆ ਜਿਸ ਵਿੱਚ ਬੁਲਾਰਿਆਂ ਨੇ ਆਪਣੀਆਂ ਗੱਲਾਂ ਨੂੰ ਹੋਰ ਸਪੱਸ਼ਟ ਕੀਤਾ ਅਤੇ ਬਹੁਤ ਸਾਰੇ ਸਵਾਲ ਜੋ ਸਰੋਤਿਆਂ ਦੇ ਮਨਾਂ 'ਚ ਉਠੇ, ਉਹਨਾਂ ਦਾ ਜਵਾਬ ਦਿੱਤਾ। ਇੱਕ ਸਵਾਲ ਕਿ ਅਧਿਆਪਕਾਂ 'ਤੇ ਸਰਕਾਰਾਂ ਤਰ੍ਹਾਂ-ਤਰ੍ਹਾਂ ਦੇ ਵਿਦਿਅਕ ਤੇ ਗੈਰ-ਵਿਦਿਅਕ ਕੰਮਾਂ ਦਾ ਇੰਨਾ ਬੋਝ ਤੇ ਹੋਰ ਵਿਭਾਗੀ ਬੰਦਸ਼ਾਂ ਲੱਦ ਦਿੰਦੀਆਂ ਹਨ ਕਿ ਉਹਨਾਂ ਲਈ ਆਪਣੀ ਭੂਮਿਕਾ ਨਿਭਾਉਣੀ ਬਹੁਤ ਔਖੀ ਹੋ ਜਾਂਦੀ ਹੈ, 'ਤੇ ਬੁਲਾਰਿਆਂ ਨੇ ਕਿਹਾ ਕਿ ਇਹ ਗੱਲ ਬਿਲਕੁਲ ਦਰੁਸਤ ਹੈ। ਸਰਕਾਰਾਂ ਹਰ ਕੋਸ਼ਿਸ਼ ਕਰਨਗੀਆਂ ਕਿ ਅਧਿਆਪਕ ਆਪਣੀ ਅਸਲੀ ਭੂਮਿਕਾ ਨਿਭਾਉਣ ਦੀ ਥਾਂ ਸਿਰਫ਼ ਅੱਖਰ ਗਿਆਨ ਦੇਣ ਵਾਲੀ ਮਸ਼ੀਨ ਦਾ ਕੰਮ ਕਰੇ, ਪਰ ਤਾਂ ਵੀ ਹਾਲਤਾਂ ਅੱਗੇ ਗੋਡੇ ਨਹੀਂ ਟੇਕੇ ਜਾ ਸਕਦੇ। ਸਾਨੂੰ ਇਹਨਾਂ ਔਖੇ ਹਾਲਾਤਾਂ 'ਚ ਆਪਣੀ ਜ਼ਿੰਮੇਵਾਰੀ ਨਹੀਂ ਭੁੱਲਣੀ ਚਾਹੀਦੀ। ਜੇ ਅਸੀਂ ਆਪਣੀ ਜ਼ਿੰਮੇਵਾਰੀ ਯਾਦ ਰੱਖਾਂਗੇ ਤਾਂ ਲਾਜ਼ਮੀ ਹੀ ਰਾਹ ਵੀ ਨਿਕਲ ਆਉਣਗੇ। ਇਸ ਵਿੱਚ ਸਾਨੂੰ ਪੁਰਾਣੇ ਅਧਿਆਪਕਾਂ ਤੋਂ ਸਿੱਖਣਾ ਚਾਹੀਦਾ ਹੈ ਜਿਹੜੇ ਇੱਕ ਅਧਿਆਪਕ ਨਾ ਰਹਿ ਕੇ ਆਮ ਲੋਕਾਂ ਦੇ ਆਦਮੀ ਬਣ ਜਾਂਦੇ ਸਨ, ਉਹਨਾਂ ਦੇ ਹਰ ਕੰਮ ਨਾਲ ਆਪਣਾ ਰਿਸ਼ਤਾ ਬਣਾ ਲੈਂਦੇ ਸਨ ਤੇ ਉਹਨਾਂ ਲਈ ਸਕੂਲ ਦਾ ਸਮਾਂ ਤੇ ਛੁੱਟੀਆਂ ਸਰਕਾਰ ਨਹੀਂ, ਉਹਨਾਂ ਦੀ ਅੰਤਰ-ਆਤਮਾ ਤੈਅ ਕਰਦੀ ਸੀ। ਗੋਸ਼ਠੀ ਦੇ ਅੰਤ ਵਿੱਚ ਡਾ. ਸੁਖਦੇਵ ਹੁੰਦਲ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਅਜਿਹੀਆਂ ਗੋਸ਼ਠੀਆਂ ਨੂੰ ਜ਼ਾਰੀ ਰੱਖਣ ਦਾ ਹੋਕਾ ਦਿੱਤਾ। •



# ਖੰਨਾ ਵਿਖੇ 'ਸਾਹਿਤ ਅਤੇ ਜੀਵਨ' ਵਿਸ਼ੇ 'ਤੇ ਵਿਚਾਰ ਗੋਸ਼ਠੀ

7 ਅਕਤੂਬਰ, 2012 ਦਿਨ ਐਤਵਾਰ ਨੂੰ ਏ.ਐੱਸ. ਸਕੂਲ, ਖੰਨਾ ਵਿਖੇ 'ਗਿਆਨ ਪ੍ਰਸਾਰ ਸਮਾਜ' ਵੱਲੋਂ ਸ਼ਹੀਦ ਭਗਤ ਸਿੰਘ ਜਨਮ ਦਿਨ ਨੂੰ ਸਮਰਪਿਤ ਵਿਚਾਰ-ਗੋਸ਼ਠੀ ਦਾ ਆਯੋਜਨ ਕੀਤਾ ਗਿਆ। ਗੋਸ਼ਠੀ ਦਾ ਵਿਸ਼ਾ 'ਸਾਹਿਤ ਅਤੇ ਜੀਵਨ' ਰਿਹਾ ਜਿਸ ਵਿੱਚ ਮੁੱਖ ਬੁਲਾਰੇ ਦੇ ਤੌਰ 'ਤੇ ਡਾ. ਅੰਮ੍ਰਿਤ ਨੇ ਸ਼ਮੂਲੀਅਤ ਕੀਤੀ। ਗੋਸ਼ਠੀ ਵਿੱਚ ਖੰਨਾ ਸ਼ਹਿਰ ਤੇ ਆਸ-ਪਾਸ ਦੇ ਇਲਾਕੇ ਤੋਂ ਭਰਵੀਂ ਗਿਣਤੀ 'ਚ ਲੋਕਾਂ ਨੇ ਸ਼ਮੂਲੀਅਤ ਕੀਤੀ। ਗੋਸ਼ਠੀ 'ਚ ਸ਼ਾਮਿਲ ਹੋਣ ਵਾਲਿਆਂ 'ਚ ਹੋਰਨਾਂ ਤੋਂ ਇਲਾਵਾ 'ਚ ਪ੍ਰਿੰ. ਤਰਸੇਮ ਬਾਹੀਆ, ਉੱਘੇ ਸਾਹਿਤਕਾਰ ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਅਤੇ ਕਹਾਣੀਕਾਰ ਬਲਵਿੰਦਰ ਗਰੇਵਾਲ ਵੀ ਸਨ। ਮੰਚ ਸੰਚਾਲਨ ਦੀ ਭੂਮਿਕਾ ਸਵਜੀਤ ਨੇ ਨਿਭਾਈ।

ਗੋਸ਼ਠੀ ਦੀ ਸ਼ੁਰੂਆਤ ਡਾ. ਅੰਮ੍ਰਿਤ ਨੇ ਕੀਤੀ। ਆਪਣੇ ਵਿਚਾਰ ਰੱਖਦੇ ਹੋਏ ਉਹਨਾਂ ਨੇ ਕਿਹਾ ਕਿ ਸਾਹਿਤ ਦਾ ਸ੍ਰੋਤ ਮਨੁੱਖੀ ਜੀਵਨ ਹੈ ਅਤੇ ਮਨੁੱਖੀ ਜੀਵਨ 'ਚ ਇਸ ਦੀ ਅਹਿਮ ਭੂਮਿਕਾ ਹੈ। ਮਨੁੱਖ ਦੀ ਚੇਤਨਾ ਨੂੰ ਵਿਕਸਤ ਕਰਨ ਲਈ ਦੋ ਤਰੀਕੇ ਹਨ - ਇੱਕ ਵਿਗਿਆਨ ਅਤੇ ਦੂਜਾ ਸਾਹਿਤ। ਭਾਵੇਂ ਇਹਨਾਂ ਨੂੰ ਪੂਰੀ ਤਰ੍ਹਾਂ ਨਖੇੜ ਕੇ ਨਹੀਂ ਦੇਖਿਆ ਜਾਣਾ ਚਾਹੀਦਾ, ਪਰ ਫਿਰ ਵੀ ਸਾਹਿਤ ਮਨੁੱਖੀ ਜੀਵਨ ਦੇ ਵਧੇਰੇ ਨੇੜੇ ਹੋਣ ਕਰਕੇ ਮਨੁੱਖ ਨੂੰ ਚੇਤਨ ਕਰਨ 'ਚ ਖਾਸ ਭੂਮਿਕਾ ਨਿਭਾਉਂਦਾ ਹੈ। ਉਹਨਾਂ ਕਿਹਾ ਕਿ ਸਾਹਿਤ ਮਨੁੱਖੀ ਜੀਵਨ ਦੀ ਮੁੜ-ਪ੍ਰਸਤੁਤੀ ਹੈ, ਇਹ ਉਸਦੀਆਂ ਦੁੱਖਾਂ-ਤਕਲੀਫਾਂ, ਉਸਦੀਆਂ ਸ਼ਾਨਦਾਰ ਪ੍ਰਾਪਤੀਆਂ, ਮਨੁੱਖ ਦੇ ਸੁਭਾਅ, ਉਸਦੇ ਚੰਗੇ ਗੁਣਾਂ ਪਰ ਨਾਲ ਹੀ ਭੈੜੀਆਂ ਗੱਲਾਂ ਤੇ ਕਮਜ਼ੋਰੀਆਂ ਅਤੇ ਨਾਲ ਹੀ ਉਸਦੇ ਜੀਵਨ 'ਚ ਤੇ ਉਸਦੇ ਆਲੇ-ਦੁਆਲੇ ਆ ਰਹੇ ਬਦਲਾਵਾਂ ਦਾ ਵਰਣਨ ਹੈ ਪਰ ਸਾਹਿਤ ਸਿਰਫ਼ ਮੁੜ-ਪ੍ਰਸਤੁਤੀ ਹੀ ਨਹੀਂ ਹੈ, ਇਹ ਉਸਤੋਂ ਵਧ ਕੇ ਹੈ। ਸਾਹਿਤਕ ਕਿਰਤ ਵਿੱਚ ਸਾਹਿਤਕਾਰ ਪੂਰੇ ਮਨੁੱਖੀ ਜੀਵਨ ਦਾ ਜੋ ਹਿੱਸਾ ਉਸਨੇ ਚਿਤਰਿਆ ਹੁੰਦਾ ਹੈ ਉਸ ਉਤੇ ਵੀ ਅਤੇ ਨਾਲ ਸਮੁੱਚੇ ਮਨੁੱਖੀ ਜੀਵਨ 'ਤੇ ਆਪਣੇ ਕੁਝ ਫੈਸਲੇ ਵੀ ਸੁਣਾਉਂਦਾ ਹੈ, ਭਾਵ ਉਹ ਇਹ ਦਰਸਾਉਂਦਾ ਹੈ ਕਿ ਜੀਵਨ ਇਦਾਂ ਰਿਹਾ ਪਰ ਇਹ ਇਦਾਂ ਨਾ ਹੋਕੇ ਕਿਸੇ ਹੋਰ ਤਰੀਕੇ ਨਾਲ ਹੋ ਸਕਦਾ ਸੀ ਤੇ ਹੋਣਾ ਚਾਹੀਦਾ ਸੀ ਕਿਉਂਕਿ ਜੀਵਨ ਦਾ ਇਹ ਦੂਸਰਾ ਤਰੀਕਾ ਵਧੇਰੇ ਸ਼ਾਨਦਾਰ ਹੋਣਾ ਸੀ।

ਉਹਨਾਂ ਆਪਣੀ ਗੱਲ ਜ਼ਾਰੀ ਰੱਖਦੇ ਹੋਏ ਕਿਹਾ ਕਿ ਸਾਨੂੰ ਸਾਹਿਤ ਪੜ੍ਹਨ ਨੂੰ ਆਪਣੇ ਜੀਵਨ ਦਾ ਇੱਕ ਜ਼ਰੂਰੀ ਹਿੱਸਾ ਬਣਾਉਣਾ ਚਾਹੀਦਾ ਹੈ ਕਿਉਂਕਿ ਸਾਹਿਤ ਮਨੁੱਖ ਨੂੰ ਨਾ ਸਿਰਫ਼ ਸੰਵੇਦਨਸ਼ੀਲ ਬਣਾਉਂਦਾ ਹੈ, ਉਸਨੂੰ ਆਪਣੇ ਲੋਕਾਂ ਦੇ ਨੇੜੇ ਲੈ ਕੇ ਜਾਂਦਾ ਹੈ ਸਗੋਂ ਉਹਨਾਂ ਦੀ ਜ਼ਿੰਦਗੀ ਦੀਆਂ ਔਖਿਆਈਆਂ, ਘਾਟਾਂ ਤੇ ਉਹਨਾਂ ਨਾਲ ਹੁੰਦੇ ਧੱਕਿਆਂ ਬਾਰੇ ਜਾਣੂ ਕਰਵਾਉਂਦਾ ਹੈ। ਸਾਹਿਤ ਸਾਨੂੰ ਮਨੁੱਖਤਾ ਦੀ ਚੰਗਿਆਈ ਤੇ ਤਾਕਤ ਵਿੱਚ ਵਿਸ਼ਵਾਸ ਕਰਨਾ ਸਿਖਾਉਂਦਾ ਹੈ ਅਤੇ ਨਾਲ ਹੀ ਉਸਦੀਆਂ ਕਮਜ਼ੋਰੀਆਂ ਜਿਹਨਾਂ ਖਿਲਾਫ਼ ਸਾਨੂੰ ਲੜਨਾ ਹੈ ਤੋਂ ਵਧੇਰੇ ਚੰਗੇ ਤਰੀਕੇ ਨਾਲ ਜਾਣੂ ਕਰਵਾਉਂਦਾ ਹੈ। ਸਾਹਿਤ ਸਾਨੂੰ ਜ਼ਿੰਦਗੀ ਜਿਉਣ ਦਾ ਜੋਸ਼, ਜਜ਼ਬਾ ਅਤੇ ਕਈ ਵਾਰ ਮਕਸਦ ਤੱਕ ਦੇ ਦਿੰਦਾ ਹੈ। ਸਾਹਿਤ ਪੜ੍ਹਦੇ ਹੋਏ ਪਾਠਕ ਮਨੁੱਖਤਾ ਦੇ ਨਾਇਕਾਂ ਤੋਂ ਜਾਣੂ ਹੁੰਦਾ ਹੈ ਜਿਹਨਾਂ ਦੀ ਜ਼ਿੰਦਗੀ ਨੂੰ ਆਪਣੇ ਜੀਵਨ 'ਚ ਢਾਲਣ ਦੀ ਕੋਸ਼ਿਸ਼ ਕਰਦਾ ਹੈ। ਕਿਹਾ ਜਾਵੇ ਤਾਂ ਸਾਹਿਤ ਇਨਸਾਨ ਨੂੰ ਇਨਸਾਨ ਬਣਾਉਂਦਾ ਹੈ, ਉਸਨੂੰ ਜੀਣਾ ਸਿਖਾਉਂਦਾ ਹੈ। ਡਾ. ਅੰਮ੍ਰਿਤ ਨੇ ਕਿਹਾ ਕਿ ਸਾਹਿਤ ਦੀ ਚੋਣ ਕਰਦੇ ਸਮੇਂ 'ਜੋ ਮਿਲੇ, ਪੜ੍ਹ ਦਿਉ' ਦੇ ਫਾਰਮੂਲੇ ਤੋਂ ਬਚਣਾ ਚਾਹੀਦਾ ਹੈ ਅਤੇ ਨਾਲ ਹੀ ਭਾਸ਼ਾਈ, ਇਲਾਕਾਈ, ਕੌਮੀ ਤੇ ਧਾਰਮਿਕ ਤੰਗ-ਨਜ਼ਰੀ ਨੂੰ ਵੀ ਨੇੜੇ ਨਹੀਂ ਫਟਕਣ ਦੇਣਾ ਚਾਹੀਦਾ। ਜਿੱਥੇ ਸਾਨੂੰ ਆਪਣੀ ਭਾਸ਼ਾ ਦੇ ਬਿਹਤਰੀਨ ਸਾਹਿਤ ਨੂੰ ਪੜ੍ਹਨਾ ਚਾਹੀਦਾ ਹੈ ਉੱਥੇ ਗੋਰਕੀ, ਤਾਲਸਤਾਏ, ਚੈਖੋਵ, ਬਾਲਜ਼ਾਕ, ਸ਼ੈਕਸ਼ਪੀਅਰ, ਡਿਕੇਨਜ਼ ਆਦਿ ਜਿਹੇ ਵਿਦੇਸ਼ੀ ਲੇਖਕ ਵੀ ਜ਼ਰੂਰ ਪੜ੍ਹਨੇ ਚਾਹੀਦੇ ਹਨ। ਸੰਸਾਰ 'ਚ ਸਿਰਜਿਆ ਉੱਚਪਾਏ ਦਾ ਅਤੇ ਮਨੁੱਖਤਾ ਦੇ ਚੰਗੇ ਭਵਿੱਖ ਨੂੰ ਸਮਰਪਤ ਸਾਹਿਤ ਸਮੁੱਚੀ ਮਨੁੱਖਤਾ ਦੀ ਵਿਰਾਸਤ ਹੈ, ਇਸ ਲਈ ਸਾਨੂੰ ਆਪਣੇ 'ਤੇ ਮਾਣ ਕਰਦੇ ਹੋਏ ਦਿਲ ਦਾ ਵਿਹੜਾ ਖੁੱਲ੍ਹਾ-ਡੁੱਲ੍ਹਾ ਰੱਖਣਾ ਚਾਹੀਦਾ ਹੈ। ਇਸ ਤੋਂ ਬਾਅਦ ਉਹਨਾਂ ਨੇ ਕਿਹਾ ਕਿ ਸਾਹਿਤਕਾਰਾਂ ਦਾ ਵੀ ਫਰਜ਼ ਬਣਦਾ ਹੈ ਕਿ ਉਹ ਸਿਰਫ਼ ਲਿਖਣ ਲਈ ਨਾ ਲਿਖਣ, ਉਹ ਸਮਾਜ ਤੇ ਆਪਣੇ ਲੋਕਾਂ ਦੀ ਜ਼ਿੰਦਗੀ ਨੂੰ ਮੁਖਾਤਬ ਹੋਣ, ਉਹ ਵੀ ਸਿਰਫ਼ ਕੁਝ ਕੁ ਖਾਂਦੇ-ਪੀਂਦੇ ਲੋਕਾਂ ਦੀ ਜ਼ਿੰਦਗੀ ਨੂੰ ਨਹੀਂ, ਸਗੋਂ ਬਹੁਗਿਣਤੀ ਲੋਕਾਂ ਦੀ ਜ਼ਿੰਦਗੀ ਨੂੰ ਜੋ ਜੀਵਨ ਦੇ ਉਸਰੱਈਏ ਹਨ। ਸਾਹਿਤਕਾਰ ਮਨੁੱਖੀ ਬੁਰਾਈਆਂ ਨੂੰ ਚਿਤਰਤ ਕਰੇ ਜ਼ਰੂਰ ਪਰ ਇਸ ਤਰੀਕੇ ਨਾਲ ਨਹੀਂ ਕਿ ਪਾਠਕ ਉਸ ਮਨੁੱਖ ਨੂੰ ਨਫ਼ਰਤ ਕਰਨ ਲੱਗੇ, ਸਗੋਂ ਇਸ ਤਰੀਕੇ ਨਾਲ ਕਿ ਪਾਠਕ ਉਹਨਾਂ ਸਮਾਜਕ-ਆਰਥਕ ਹਾਲਤਾਂ ਨੂੰ ਨਫ਼ਰਤ ਕਰੇ ਜਿਹਨਾਂ 'ਚੋਂ ਇਹ ਬੁਰਾਈਆਂ ਪੈਦਾ ਹੁੰਦੀਆਂ ਹਨ ਅਤੇ ਨਾਲ ਹੀ ਉਹ ਇਹਨਾਂ ਬੁਰਾਈਆਂ ਨੂੰ ਮਨੁੱਖੀ ਸਮਾਜ 'ਚੋਂ ਕੱਢਣ ਲਈ ਹਲੂਣਿਆ ਜਾਵੇ। ਇਸ ਤੋਂ ਵੱਧ ਇਹ ਕਿ ਸਾਹਿਤਕਾਰ ਨਾ ਸਿਰਫ਼ ਬੁਰਾਈਆਂ ਚਿੱਤਰੇ, ਸਗੋਂ ਮਨੁੱਖ ਦੀਆਂ ਅੱਛਾਈਆਂ ਨੂੰ, ਉਸਦੀਆਂ ਉਪਲਬਧੀਆਂ ਤੇ ਉਸਦੀ ਤਾਕਤ ਨੂੰ ਵੀ ਚਿੱਤਰੇ ਤਾਂ ਕਿ ਉਹ ਖੁਦ 'ਚ ਯਕੀਨ ਕਰਨਾ ਸਿੱਖੇ। ਸਾਹਿਤਕਾਰ ਆਪਣੀਆਂ ਲਿਖਤਾਂ ਨੂੰ ਪਾਠਕ ਲਈ ਸੋਚਣ ਦਾ ਇੱਕ ਮਸਾਲਾ ਬਣਾ ਕੇ ਪੇਸ਼ ਕਰੇ, ਨਾਕਿ ਉਸਦਾ ਮਾਨਸਿਕ ਤੁਸ਼ਟੀਕਰਣ ਕਰੇ, ਸਾਹਿਤ ਪਾਠਕ ਲਈ ਮਹਿਜ਼ ਮਨੋਰੰਜਨ ਜਾਂ ਸਮਾਂ ਬਿਤਾਉਣ ਦਾ ਢੰਗ ਨਾ ਬਣੇ, ਸਗੋਂ ਉਸ ਨੂੰ ਚਿੰਤਨ ਕਰਨ ਲਈ ਉਕਸਾਵੇ। ਸਾਹਿਤਕ ਲਿਖਤ ਪਾਠਕ ਨੂੰ ਸਿਰਫ਼ ਉਸਦੀ ਆਲੇ-ਦੁਆਲੇ ਜ਼ਿੰਦਗੀ 'ਚ ਨਾ ਘੁਮਾਉਂਦੀ ਰਹੀ, ਉਸਨੂੰ ਨਵੀਂ ਜ਼ਿੰਦਗੀ ਦੇ, ਉੱਚੀ ਤੇ ਸੁੱਚੀ ਜ਼ਿੰਦਗੀ ਦੇ ਝਲਕਾਰੇ ਵੀ ਪੇਸ਼ ਕਰੇ, ਉਸਨੂੰ ਕਲਪਨਾ ਦੇ ਸੰਸਾਰਾਂ 'ਚ ਘੁਮਾਵੇ ਤੇ ਉਸਨੂੰ ਕਲਪਨਾਸ਼ੀਲ

ਬਣਾਵੇ। ਉਹਨਾਂ ਨੇ ਕਿਹਾ ਕਿ ਮੌਜੂਦਾ ਪੰਜਾਬੀ ਸਾਹਿਤ 'ਚ ਇਸ ਪੈਮਾਨੇ 'ਤੇ ਖਰੇ ਉਤਰਨ ਵਾਲੀਆਂ ਲਿਖਤਾਂ ਦੀ ਬਹੁਤ ਘਾਟ ਹੈ। ਭਾਵੇਂ ਪੰਜਾਬੀ ਸਾਹਿਤਕਾਰ ਤੇ ਸਾਹਿਤ ਆਪਣੀਆਂ ਇਤਿਹਾਸਕ ਤੇ ਪਦਾਰਥਕ ਸੀਮਾਵਾਂ 'ਚ ਬੱਝਿਆ ਹੋਇਆ ਹੈ ਪਰ ਫਿਰ ਉਹਨੂੰ ਮੌਜੂਦਾ ਹਾਲਤਾਂ ਨੂੰ ਸਮਝਦੇ ਹੋਏ ਅਤੇ ਮਨੁੱਖਤਾ ਦੀਆਂ ਲੋੜਾਂ, ਆਪਣੇ ਕਿਰਤੀ ਲੋਕਾਂ ਦੀਆਂ ਲੋੜਾਂ ਨੂੰ ਮੁੱਖ ਰੱਖਕੇ ਸਾਹਿਤ ਦੀ ਸਿਰਜਣਾ ਕਰਨੀ ਹੋਵੇਗੀ। ਇਸ ਨਾਲ ਲੋਕਾਂ 'ਚ ਸਾਹਿਤ ਪ੍ਰਤੀ ਲਗਾਅ ਜਾਗੇਗਾ ਅਤੇ ਲੋਕਾਂ ਦਾ ਤੇ ਸਾਹਿਤਕਾਰ ਦਾ ਰਿਸ਼ਤਾ ਵਧੇਰੇ ਜੀਵੰਤ ਬਣੇਗਾ।

ਪ੍ਰੋ. ਨੌਸ਼ਹਿਰਵੀ ਨੇ ਵਿਸ਼ੇ 'ਤੇ ਬੋਲਦੇ ਹੋਏ ਕਿਹਾ ਕਿ ਜੇ ਜ਼ਿੰਦਗੀ ਨੀਰਸ ਹੈ, ਸਮਾਜ ਸਵਾਰਥੀ ਹੈ, ਵਿਅਕਤੀਵਾਦੀ ਹੈ ਤਾਂ ਸਾਹਿਤਕਾਰ ਵੱਖਰੇ ਲੋਕ ਕਿੱਥੋਂ ਸਿਰਜੇ, ਅਤੇ ਉਹ ਕੀਹਦੇ ਲਈ ਲਿਖੇ। ਉਹਨਾਂ ਕਿਹਾ ਜਿਹੋ-ਜਿਹਾ ਮਨੁੱਖ ਹੋਵੇਗਾ, ਉਹੋ-ਜਿਹਾ ਹੀ ਸਾਹਿਤ ਹੋਵੇਗਾ। ਦੂਜੀ ਗੱਲ ਇਹ ਕਿ ਹਾਕਮ ਜਮਾਤਾਂ ਨੇ ਸਮਾਜ ਦਾ ਬੁਰਾ ਹਾਲ ਕਰ ਦਿੱਤਾ ਹੈ, ਇਸ ਲਈ ਸਾਹਿਤਕਾਰ ਕੁਝ ਵੀ ਨਹੀਂ ਕਰ ਸਕਦਾ। ਕਹਾਣੀਕਾਰ ਬਲਵਿੰਦਰ ਗਰੇਵਾਲ ਹੁਰਾਂ ਨੇ ਕਿਹਾ ਕਿ ਕਿਸੇ ਲੈਨਿਨ ਤੋਂ ਬਿਨਾ ਕਿਸੇ ਗੋਰਕੀ ਦੀ ਕੋਈ ਅਹਿਮੀਅਤ ਨਹੀਂ ਹੈ। ਪ੍ਰੋ. ਤਰਸੇਮ ਬਾਹੀਆ ਨੇ ਕਿਹਾ ਕਿ ਉਹ ਮੁੱਖ ਬੁਲਾਰੇ ਦੇ ਸਾਹਿਤ ਦੀ ਮਨੁੱਖੀ ਜੀਵਨ 'ਚ ਭੂਮਿਕਾ ਬਾਰੇ ਵਿਚਾਰਾਂ ਨਾਲ ਸਹਿਮਤ ਹਨ, ਉਹਨਾਂ ਅਨੁਸਾਰ ਜੇ ਸਿਰਫ਼ ਯਥਾਰਥ ਦਾ ਚਿਤਰਣ ਹੀ ਸਾਹਿਤ ਹੁੰਦਾ ਤਾਂ ਕੈਮਰਾ ਸਭ ਤੋਂ ਵਧੀਆ ਸਾਹਿਤਕਾਰ ਹੋਣਾ ਸੀ। ਗੋਸ਼ਠੀ ਦੇ ਅੰਤ ਵਿੱਚ 'ਗਿਆਨ ਪ੍ਰਸਾਰ ਸਮਾਜ' ਵੱਲੋਂ ਬੋਲਦੇ ਹੋਏ ਲਖਵਿੰਦਰ ਨੇ ਕਿਹਾ ਕਿ ਉਹਨਾਂ ਦੀ ਕੋਸ਼ਿਸ਼ ਰਹੇਗੀ ਕਿ 'ਗਿਆਨ ਪ੍ਰਸਾਰ ਸਮਾਜ' ਵੱਲੋਂ ਗੋਸ਼ਠੀਆਂ ਦਾ ਸਿਲਸਿਲਾ ਜ਼ਾਰੀ ਰੱਖਿਆ ਜਾਵੇ ਅਤੇ ਅਲੱਗ-ਅਲੱਗ ਵਿਸ਼ਿਆਂ 'ਤੇ ਗੋਸ਼ਠੀਆਂ ਕਰਕੇ ਲੋਕ-ਪੱਖੀ ਵਿਚਾਰਾਂ ਨੂੰ ਆਮ ਲੋਕਾਂ 'ਚ ਲੈ ਕੇ ਜਾਇਆ ਜਾਵੇ। ਉਹਨਾਂ ਨੇ ਸਾਰੇ ਸ਼ਾਮਿਲ ਲੋਕਾਂ ਦਾ ਧੰਨਵਾਦ ਕੀਤਾ ਅਤੇ ਅੱਗੇ ਤੋਂ ਵੀ ਸਾਥ ਬਣਾਈ ਰੱਖਣ ਲਈ ਸੱਦਾ ਦਿੱਤਾ।●

(ਸਫ਼ਾ 17 ਦਾ ਬਾਕੀ)

## ਇਹ ਰੋਸ ਇੱਕ ਫਿਲਮ ਵਿਰੁੱਧ ਨਹੀਂ ਹੈ...

ਤਾਨਾਸ਼ਾਹਾਂ ਦੀ ਤ੍ਰਾਸਦੀ ਇਹ ਰਹੀ ਕਿ ਲੋਕਾਂ ਨੇ ਜੋ ਜਵਾਬ ਪੁਰਾਣੀਆਂ ਹੱਟਾਂ 'ਤੇ ਦਿੱਤਾ ਸੀ ਉਹੀ ਜਵਾਬ ਇਹਨਾਂ ਲਈ ਰਾਖਵਾਂ ਕਰ ਦਿੱਤਾ। ਹੁਣ ਇਸ ਸਭ ਕਾਸੇ ਨੂੰ ਧਰਮ ਦਾ ਮੁਲੱਮਾ ਚੜ੍ਹਾਉਣ ਦਾ ਫਾਇਦਾ ਸਾਮਰਾਜੀਆਂ ਨੂੰ ਇਹ ਹੋਵੇਗਾ ਕਿ ਉਹਨਾਂ ਦੇ 'ਅਰਬ ਬਹਾਰ' ਤੋਂ ਬਾਅਦ "ਅਜ਼ਾਦੀ", "ਵਿਕਾਸ" ਦੇ ਵਾਅਦੇ ਅਤੇ ਕਾਲ਼ੀਆਂ ਕਰਤੂਤਾਂ ਦੇ ਚਿੱਠੇ ਧਰਮ ਦੀ ਜੈਕਾਰ ਪਿੱਛੇ ਲੁਕ ਜਾਣਗੇ।

ਇਸ ਲਹਿਰ ਨੂੰ ਅਮਰੀਕੀ ਨੀਤੀਆਂ, ਉਸਦੇ ਸਾਮਰਾਜੀ ਫਰੇਬਾਂ ਅਤੇ ਖਾਸਕਰ ਅਰਬ ਮੁਲਕਾਂ ਦੀ ਅੰਨ੍ਹੀ ਲੁੱਟ ਤੇ ਗਲਬੇ ਦੇ ਵਿਰੋਧ ਵੱਜੋਂ ਦੇਖਿਆ ਜਾਣਾ ਚਾਹੀਦਾ ਹੈ।

ਪਰ ਇਸ ਸਾਰੇ ਕਾਸੇ ਦਾ ਇੱਕ ਬਹੁਤ ਵੱਡਾ ਨਕਾਰਾਤਮਕ ਪੱਖ ਇਹ ਹੈ ਕਿ ਚਾਹੇ ਪਾਕਿਸਤਾਨ, ਯਮਨ, ਇਰਾਕ ਜਾਂ ਫਿਰ ਮਿਸਰ ਹੋਵੇ 'ਅਰਬ ਬਹਾਰ' ਵਾਂਗ ਇਸ 'ਪੱਤਝੜ' 'ਤੇ ਵੀ ਧਾਰਮਕ ਕੱਟੜਪੰਥੀ ਹੀ ਸਵਾਰ ਹਨ। ਜੇਕਰ ਇਹਨਾਂ ਲੋਕ ਲਹਿਰਾਂ ਦੀ ਅਗਵਾਈ ਕਿਸੇ ਅਜਿਹੀ ਪਾਰਟੀ ਹੱਥ ਨਹੀਂ ਆਉਂਦੀ ਜੋ ਸਿਰਫ਼ ਦੇਸੀ-ਵਿਦੇਸ਼ੀ ਸਰਮਾਏਦਾਰਾਂ ਨੂੰ ਰੋਕਣ ਦਾ ਹੀ ਨਹੀਂ ਸਗੋਂ ਇਨ੍ਹਾਂ ਦੇਸ਼ਾਂ ਦੇ ਸਰਮਾਏਦਾਰੀ ਢਾਂਚੇ ਦਾ ਮੁੱਢੋਂ-ਸੁੱਢੋਂ ਬਦਲ ਪੇਸ਼ ਕਰਦੀ ਹੋਵੇ ਤਾਂ ਇਨ੍ਹਾਂ ਮੁਲਕਾਂ ਦੇ ਕਿਰਤੀਆਂ ਨੂੰ ਇੱਕ ਵਾਰ ਫਿਰ ਲੜ ਕੇ ਵੀ ਕੁੱਝ ਨਹੀਂ ਮਿਲ਼ੇਗਾ। ਅਰਬ ਜਗਤ ਲਈ ਇਹ ਗੱਲ ਅੱਜ ਵੀ ਸਹੀ ਹੈ ਕਿ ਇੱਕ ਸਹੀ ਸਿਧਾਂਤ ਤੋਂ ਬਗੈਰ ਵੱਡੀ ਤੋਂ ਵੱਡੀ ਲੋਕ ਲਹਿਰ ਵੀ ਸਿਰਫ਼ ਅੰਨ੍ਹੀਆਂ ਗਲ਼ੀਆਂ ਵਿੱਚ ਹੀ ਭਟਕੇਗੀ।

●●●

## ਪਾਠਕ ਮੰਚ

**ਸੰਪਾਦਕ ਜੀ,**

ਲਲਕਾਰ ਦੇ ਅਗਸਤ 2012 ਦੇ ਅੰਕ ਵਿੱਚ ਕੁਲਵਿੰਦਰ ਜੀ ਦਾ ਬੈਂਕਸੀ ਬਾਰੇ ਲੇਖ ਪੜ੍ਹਿਆ। ਮੈਨੂੰ ਦੋ-ਦਿਨ ਵਾਰ ਪੜ੍ਹਨ 'ਤੇ ਵੀ ਇਸਦੀ ਸਮਝ ਨਹੀਂ ਲੱਗੀ। ਬਾਅਦ ਵਿੱਚ ਆਪਣੇ ਇੱਕ ਦੋਸਤ ਕੋਲ਼ ਇੰਟਰਨੈੱਟ 'ਤੇ ਬੈਂਕਸੀ ਤੇ ਗ੍ਰਾਫਟੀ ਬਾਰੇ ਖੋਜਿਆ ਤਾਂ ਕੁੱਝ ਪਤਾ ਲੱਗਿਆ। ਵੈਸੇ ਕੁਲਵਿੰਦਰ ਜੀ ਵਧੀਆ ਲਿਖਦੇ ਹਨ ਅਤੇ ਸਿਰਫ਼ ਲਲਕਾਰ ਹੀ ਨਹੀਂ ਨਵਾਂ ਜ਼ਮਾਨਾ ਵਿਚਲੇ ਉਹਨਾਂ ਦੇ ਲੇਖ ਵੀ ਮਿਲਣ 'ਤੇ ਮੈਂ ਪੜ੍ਹਦਾ ਰਹਿੰਦਾ ਹਾਂ। ਮੇਰਾ ਇੱਕ ਮਿੱਤਰ ਤਾਂ ਲਲਕਾਰ ਖੋਲ੍ਹ ਕੇ ਪਹਿਲਾਂ ਕੁਲਵਿੰਦਰ ਦਾ ਲੇਖ ਹੀ ਭਾਲ਼ਦਾ ਹੈ। ਪਰ ਇਸ ਲੇਖ ਦਾ ਵਿਸ਼ਾ-ਵਸਤੂ ਜਾਨਣ ਲਈ ਮੈਨੂੰ ਕਾਫ਼ੀ ਖੋਜਲਣਾ ਪਿਆ। ਹੋ ਸਕਦਾ ਹੈ ਉਨ੍ਹਾਂ ਕੋਈ ਅੱਡ ਸ਼ੈਲੀ ਅਪਣਾਈ ਹੋਵੇ ਜਿਸਨੂੰ ਮੈਂ ਨਹੀਂ ਜਾਣਦਾ।

ਆਪਣੀ ਗੱਲ ਥੋੜ੍ਹੀ ਖੋਲ੍ਹਣ ਦੀ ਕੋਸ਼ਿਸ਼ ਕਰਦਾ ਹਾਂ। ਜਿਵੇਂ ਉਦਾਹਰਣ ਲਈ ਪਹਿਲਾਂ ਤਾਂ ਮੈਨੂੰ ਇਹ ਨਹੀਂ ਸਮਝ ਲੱਗਾ ਕਿ 'ਗ੍ਰਾਫਟੀ' ਕੀ ਚੀਜ਼ ਹੈ ਫਿਰ ਇਹ ਨਾ ਸਮਝ ਲੱਗੇ ਕਿ ਬੈਂਕਸੀ ਫੜ੍ਹਿਆ ਕਿਉਂ ਜਾਂਦਾ ਸੀ ? ਲੇਖ ਵਿੱਚ ਇੱਕ ਗੱਲ ਇਹ ਵੀ ਹੈ ਕਿ ਲੇਖਕ ਗੱਲ ਨੂੰ ਸਿਰਫ਼ ਛੂਹ ਕੇ ਅੱਗੇ ਨਿਕਲ ਗਏ ਹਨ। ਬਾਕੀ ਇੱਕ ਦਮ ਹੀ ਵਿਸ਼ਾ ਬਦਲਿਆ ਜਾਂਦਾ ਹੈ। ਇੱਕ ਪੇਜ ਦੇ ਲੇਖ ਵਿੱਚ (ਜੇਕਰ ਤਸਵੀਰਾਂ ਕੱਢ ਦਿੱਤੀਆਂ ਜਾਣ) ਗ੍ਰਾਫਟੀ ਤੋਂ ਉਹ ਸਿੱਧੇ ਬੈਂਕਸੀ ਦੀਆਂ ਕਿਤਾਬਾਂ 'ਤੇ ਆ ਜਾਂਦੇ ਹਨ ਫਿਰ ਕਿਤਾਬ ਤੋਂ ਸਿੱਧੇ ਬੈਂਕਸੀ ਦੀ ਫਿਲਮ ਬਾਰੇ ਤੇ ਇਸੇ ਪੈਰ੍ਹੇ ਵਿੱਚ ਹੀ ਕਲਾ ਦਾ ਵਪਾਰੀਕਰਨ ਯਕਦਮ ਸ਼ੁਰੂ ਹੋ ਜਾਂਦਾ ਹੈ ਫਿਰ ਅਖੀਰ ਵਿੱਚ ਚਾਣਚੱਕ ਹੀ ਇੱਕ ਰੋੜਾ ਮੱਧ ਵਰਗ ਦੇ ਸਿਰ ਵਿੱਚ ਆਣ ਵੱਜਦਾ ਹੈ।

ਕੁਲਵਿੰਦਰ ਜੀ ਚੰਗਾ ਲਿਖਦੇ ਹਨ ਤੇ ਉਨ੍ਹਾਂ ਦੀ ਵਿਸ਼ੇ 'ਤੇ ਪਕੜ ਹੁੰਦੀ ਹੈ ਪਰ ਇਸ ਵਾਰ ਸ਼ਾਇਦ ਉਹ ਕਾਹਲੀ ਕਰ ਗਏ। **ਰਾਜਦੀਪ**, ਬਠਿੰਡਾ



ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ 105ਵੇਂ ਜਨਮ ਦਿਨ ਨੂੰ ਸਮਰਪਿਤ ਨੌਜਵਾਨ ਭਾਰਤ ਸਭਾ ਵੱਲੋਂ ਪੱਖੋਵਾਲ, ਲੁਧਿਆਣਾ ਵਿਖੇ ਕਰਵਾਏ ਗਏ ਦੋ ਰੋਜ਼ਾ (19-20 ਅਕਤੂਬਰ) ਸੱਤਵੇਂ 'ਬਾਲ ਮੇਲੇ' ਦੀਆਂ ਝਲਕੀਆਂ






ਬੁਨਿਆਦੀ ਰਿਹਾਇਸ਼ੀ ਸਹੂਲਤਾਂ ਤੋਂ ਸੱਖਣੇ ਮਜ਼ਦੂਰ ਬਸਤੀ, ਰਾਜੀਵ ਗਾਂਧੀ ਕਲੋਨੀ, ਲੁਧਿਆਣਾ ਦੇ ਲੋਕ ਕਾਰਖਾਨਾ ਮਜ਼ਦੂਰ ਯੂਨੀਅਨ ਦੀ ਅਗਵਾਈ ਵਿੱਚ 15 ਅਕਤੂਬਰ ਨੂੰ ਡੀ. ਸੀ. ਦਫਤਰ 'ਤੇ ਰੋਹ ਭਰਪੂਰ ਮੁਜਾਹਰਾ ਕਰਦੇ ਹੋਏ।

# ਜਨਚੇਤਨਾ

• ਇੱਕ ਸੱਭਿਆਚਾਰਕ ਮੁਹਿਮ • ਇੱਕ ਵਿਚਾਰਕ ਪ੍ਰੋਜੈਕਟ

• ਬਦਲਵੇਂ ਮੀਡੀਆ ਦਾ ਇੱਕ ਮਾਡਲ

## ਬਿਹਤਰ ਜ਼ਿੰਦਗੀ ਦਾ ਰਾਹ
## ਬਿਹਤਰ ਕਿਤਾਬਾਂ ਵਿੱਚੋਂ ਹੋ ਕੇ ਲੰਘਦਾ ਹੈ !

*ਕਿਤਾਬਾਂ ਨਹੀਂ*
*ਅਸੀਂ ਆਣ ਵਾਲ਼ੇ ਕੱਲ੍ਹ ਦੇ ਸੁਪਨੇ ਲੈ ਕੇ ਆਏ ਹਾਂ*
*ਕਿਤਾਬਾਂ ਨਹੀਂ*
*ਅਸੀਂ ਅਸਲੀ ਇਨਸਾਨ ਦੀ ਤਰਾਂ*
*ਜੀਣ ਦਾ ਸੰਕਲਪ ਲੈ ਕੇ ਆਏ ਹਾਂ।*
*ਅਸੀਂ ਹਾਂ ਉਮੀਦਾਂ ਦੇ ਹਰਕਾਰੇ,*
*ਅਸੀਂ ਹਾਂ ਵਿਚਾਰਾਂ ਦੇ ਡਾਕੀਏ।*

## ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

### ਮਾਰਕਸਵਾਦ

1. ਉਜਰਤ, ਕੀਮਤ ਅਤੇ ਮੁਨਾਫ਼ਾ (ਕਾ. ਮਾਰਕਸ) 30 ਰੁ
2. ਉਜਰਤੀ ਕਿਰਤ ਅਤੇ ਸਰਮਾਇਆ (ਕਾ. ਮਾਰਕਸ) 20 ਰੁ
3. ਸਿਆਸੀ ਆਰਥਿਕਤਾ ਦੀ ਅਲੋਚਨਾ ਵਿੱਚ ਯੋਗਦਾਨ (ਕਾ. ਮਾਰਕਸ) 125 ਰੁ
4. ਲੂਈ ਬੋਨਾਪਾਰਟ ਦੀ ਅਠਾਰ੍ਹਵੀਂ ਬਰੂਮੇਰ (ਕਾ. ਮਾਰਕਸ) 50 ਰੁ
5. ਪੂੰਜੀ ਦੀ ਉਤਪਤੀ (ਕਾ. ਮਾਰਕਸ) 45 ਰੁ
6. ਫ਼ਿਉਰਬਾਖ਼: ਪਦਾਰਥਵਾਦੀ ਅਤੇ ਆਦਰਸ਼ਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ (ਮਾਰਕਸ-ਏਂਗਲਜ਼) 60 ਰੁ
7. ਜਰਮਨੀ ਵਿੱਚ ਇਨਕਲਾਬ ਅਤੇ ਉਲਟ ਇਨਕਲਾਬ 50 ਰੁ
8. ਰਿਹਾਇਸ਼ੀ ਘਰਾਂ ਦਾ ਸਵਾਲ (ਫਰੈਡਰਿਕ ਏਂਗਲਜ਼) 35 ਰੁ
9. ਮਾਰਕਸ ਦੇ 'ਸਰਮਾਇਆ' ਬਾਰੇ (ਏਂਗਲਜ਼) 60 ਰੁ
10. ਫ਼ਰਾਂਸ ਅਤੇ ਜਰਮਨੀ ਵਿੱਚ ਕਿਸਾਨੀ ਦਾ ਸਵਾਲ (ਏਂਗਲਜ਼) 20 ਰ
11. ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ (ਫ਼. ਏਂਗਲਜ਼) 35 ਰੁ
12. ਕਾਰਲ ਮਾਰਕਸ ਬਾਰੇ (ਫ਼. ਏਂਗਲਜ਼) 15 ਰੁ
13. ਲੁਡਵਿਗ ਫ਼ਿਉਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ (ਫ. ਏਂਗਲਜ਼) 30 ਰੁ
14. ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ (ਫ਼. ਏਂਗਲਜ਼) 65 ਰੁ
15. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ਼, ਲੈਨਿਨ) 10 ਰੁ
16. ਕਾਰਲ ਮਾਰਕਸ ਅਤੇ ਉਨ੍ਹਾਂ ਦੀ ਸਿੱਖਿਆ (ਲੈਨਿਨ) 35 ਰੁ
17. ਰਾਜ ਅਤੇ ਇਨਕਲਾਬ (ਲੈਨਿਨ) 50 ਰੁ
18. ਦੂਜੀ ਇੰਟਰਨੈਸ਼ਨਲ ਦਾ ਪਤਣ (ਲੈਨਿਨ) 45 ਰੁ
19. ਖੇਤੀ ਵਿੱਚ ਪੂੰਜੀਵਾਦ (ਲੈਨਿਨ) 15 ਰੁ
20. ਰਾਜ (ਲੈਨਿਨ) 10 ਰੁ
21. ਸਾਮਰਾਜਵਾਦ ਸਰਮਾਏਦਾਰੀ ਦਾ ਸਰਵਉੱਚ ਪੜਾਅ (ਲੈਨਿਨ) 70 ਰੁ
22. ਇੱਕ ਕਦਮ ਅੱਗੇ ਦੋ ਕਦਮ ਪਿੱਛੇ (ਲੈਨਿਨ) 125 ਰੁ
23. ਲੋਕਾਂ ਵਿੱਚ ਕੰਮ ਕਿਵੇਂ ਕਰੀਏ (ਲੈਨਿਨ) 65 ਰੁ
24. ਸਾਹਿਤ ਅਤੇ ਕਲਾ ਬਾਰੇ (ਲੈਨਿਨ) 150 ਰੁ
25. ਸੋਸ਼ਲਿਜ਼ਮ ਤੇ ਜੰਗ (ਲੈਨਿਨ) 45 ਰੁ
26. ਖੱਬੇ ਪੱਖੀ ਕਮਿਊਨਿਜ਼ਮ ਇੱਕ ਬਚਗਾਨਾ ਰੋਗ (ਲੈਨਿਨ) 65 ਰੁ
27. ਅਸੀਂ ਜਿਹੜਾ ਵਿਰਸਾ ਤਿਆਗਦੇ ਹਾਂ (ਲੈਨਿਨ) 25 ਰੁ
28. ਪ੍ਰੋਲੇਤਾਰੀ ਇਨਕਲਾਬ ਅਤੇ ਗ਼ਦਾਰ ਕਾਊਤਸਕੀ (ਲੈਨਿਨ) 70 ਰੁ
29. ਆਰਥਕ ਰੋਮਾਂਚਵਾਦ ਦਾ ਚਰਿੱਤਰ ਚਿਤਰਨ 50 ਰੁ
30. ਲੈਨਿਨਵਾਦ ਦੀਆਂ ਨੀਹਾਂ (ਸਤਾਲਿਨ) 20 ਰੁ
31. ਮਾਓ ਜ਼ੇ-ਤੁੰਗ ਦੀਆਂ ਫ਼ਲਸਫ਼ਾਨਾ ਲਿਖਤਾਂ 25 ਰੁ
32. ਸੋਵੀਅਤ ਅਰਥਸ਼ਾਸਤਰ ਦੀ ਅਲੋਚਨਾ (ਮਾਓ ਜ਼ੇ-ਤੁੰਗ) 60 ਰੁ
33. ਮਾਰਕਸਵਾਦ ਦੇ ਬੁਨਿਆਦੀ ਮਸਲੇ (ਜੀ. ਪਲੈਖਾਨੋਵ) 40 ਰੁ

### ਮਾਰਕਸਵਾਦ 'ਤੇ ਹੋਰ ਕਿਤਾਬਾਂ

1. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ) 60 ਰੁ
2. ਦਵੰਦਵਾਦ ਜ਼ਰੀਏ ਲੋਕਾਂ ਦੀ ਸੇਵਾ 10 ਰੁ
3. ਫਿਲਾਸਫੀ ਕੋਈ ਗੋਰਖ ਧੰਦਾ ਨਹੀਂ 10 ਰੁ
4. ਮਾਓ ਜ਼ੇ-ਤੁੰਗ ਦੀ ਅਮਿੱਟ ਦੇਣ (ਬਾਬ ਆਵੇਕਿਅਨ) 125 ਰੁ
5. ਚੀਨ ਵਿੱਚ ਉਲਟ ਇਨਕਲਾਬ ਅਤੇ ਮਾਓ ਦਾ ਇਨਕਲਾਬੀ ਵਿਰਸਾ (ਬਾਬ ਆਵੇਕਿਅਨ) 60 ਰੁ
6. ਮਾਓਵਾਦੀ ਅਰਥ-ਸ਼ਾਸਤਰ ਤੇ ਸਮਾਜਵਾਦ ਦਾ ਭਵਿੱਖ (ਰੇਮੰਡ ਲੋਟਾ) 60 ਰੁ
7. ਲੈਨਿਨ ਦੀ ਜੀਵਨ ਕਹਾਣੀ (ਮਾਰੀਆ ਪ੍ਰਿਲਿਯੇਵਾ) 100 ਰੁ
8. ਅਜਿੱਤ ਬਾਲਸ਼ਵਿਕ ਨਤਾਸ਼ਾ 30 ਰੁ
9. ਮਾਰਕਸ ਤੇ ਏਂਗਲਜ਼ ਆਪਣੇ ਸਮਕਾਲੀਆਂ ਦੀ ਨਜ਼ਰ ਵਿੱਚ 75 ਰੁ